# ਸਿੱਖ ਜਥੇਬੰਦੀ

ਸੰਪਾਦਕ
ਗਿਆਨੀ ਗੁਰਦਿਤ ਸਿੰਘ

ਪ੍ਰਕਾਸ਼ਕ
ਧਰਮ ਪ੍ਰਚਾਰ ਕਮੇਟੀ, (ਸ਼੍ਰੋ: ਗੁ: ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ

੧੮/-

Sri Satguru Jagjit Singh Ji eLibrary NamdhariElibrary@gmail.com

# ਸਿੱਖ ਜਥੇਬੰਦੀ

Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫ਼ਤਿਹ ॥

# ਸਿੱਖ ਜਥੇਬੰਦੀ

ਸੰਪਾਦਕ
ਗਿਆਨੀ ਗੁਰਦਿਤ ਸਿੰਘ

ਪ੍ਰਕਾਸ਼ਕ
ਧਰਮ ਪ੍ਰਚਾਰ ਕਮੇਟੀ, ਸ਼੍ਰੋ ਗੁ: ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ।

ਪਹਿਲੀ ਵਾਰ : ਅਕਤੂਬਰ ੨੦੦੦ ੫੦੦੦

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

# ਸਿੱਖ ਜਥੇਬੰਦੀ

## ਤਤਕਰਾ


| ਸੂਚੀ ਨੰ. | ਵਿਸ਼ਾ | ਪੰਨਾ |
|---|---|---|
| ੧ | ਜਥੇਬੰਦੀ ਅਤੇ ਸਿੱਖ ਜਥੇਬੰਦੀ<br>(ਗਿਆਨੀ ਗੁਰਦਿਤ ਸਿੰਘ) | ੪ |
| ੨ | ਜਥੇਬੰਦੀ<br>(ਭਾਈ ਜੋਧ ਸਿੰਘ ਐਮ.ਏ) | ੧੫ |
| ੩ | ਜਥੇਬੰਦੀ<br>(ਭਾਈ ਸਾਹਿਬ ਭਾਈ ਵੀਰ ਸਿੰਘ) | ੪੦ |
| ੪ | ਧਾਰਮਕ ਜਥੇਬੰਦੀ ਤੇ ਕੇਂਦਰੀ ਜਥਾ<br>(ਪ੍ਰੋ ਤੇਜਾ ਸਿੰਘ) | ੬੬ |
| ੫ | ਪਿਛਲੀ ਸਿੱਖ ਜਥੇਬੰਦੀ ਉੱਤੇ ਇਕ ਨਜ਼ਰ<br>(ਸਰਦੂਲ ਸਿੰਘ ਜੀ ਕਵੀਸ਼ਰ) | ੭੧ |
| ੬ | ਸਿੱਖ ਜਥੇਬੰਦੀਆਂ<br>(ਗਿਆਨੀ ਨਾਹਰ ਸਿੰਘ ਗੁੱਜਰਵਾਲ) | ੭੮ |


Sri Satguru Jagjit Singh Ji eLibrary NamdhariElibrary@gmail.com

# ਜਥੇਬੰਦੀ ਅਤੇ ਸਿੱਖ ਜਥੇਬੰਦੀ

ਧਰਮਾਂ ਦੀ ਦੁਨੀਆਂ ਵਿਚ ਜਥੇਬੰਦੀ ਦਾ ਵਜੂਦ ਮਜ਼੍ਹਬਾਂ ਨਾਲੋਂ ਵੀ ਪੁਰਾਣਾ ਹੈ। ਸਾਧੂਆਂ, ਸੰਤਾਂ, ਬ੍ਰਾਹਮਣਾਂ ਦੇ 'ਸੰਘ' (ਜਥਿਆਂ) ਦੀ ਵੈਦਿਕ ਸਮੇਂ ਦੇ ਪੁਰਾਣੇ ਗ੍ਰੰਥਾਂ ਵਿਚ ਹੋਣ ਦੀ ਚਰਚਾ ਮਿਲਦੀ ਹੈ। ਜੈਨ ਵਰਧਮਾਨ ਅਤੇ ਮਹਾਤਮਾ 'ਬੁੱਧ' ਸਮਕਾਲੀ ਹੀ ਸਨ, ਦੋਵਾਂ ਨੇ ਸੰਘ ਬਣਾਏ। ਬੋਧ ਗ੍ਰੰਥਾਂ ਵਿਚ ਕਥਾ ਮਿਲਦੀ ਹੈ। ਮਹਾਤਮਾ ਬੁੱਧ ਜੀ ਇਕ ਸਮੇਂ ਵੈਸ਼ਾਲੀ ਦੇ ਮੁਕਾਮ ਉਤੇ ਠਹਿਰੇ ਹੋਏ ਸੀ। ਵੈਸ਼ਾਲੀ ਦੇ ਰਾਜਿਆਂ ਤੇ ਰਾਜਕੁਮਾਰਾਂ ਦੇ ਸੰਗਠਨ ਦੀ ਸੁੰਦਰ ਵਿਵਸਥਾ ਤੇ ਚੰਗਾ ਪ੍ਰਬੰਧ ਦੇਖ ਕੇ ਉਨ੍ਹਾਂ ਦੇ ਮਨ ਵਿਚ ਸੋਚ ਉਠੀ, ਏਵੇਂ ਹੀ ਬੋਧ ਸਾਧੂਆਂ ਦਾ ਇਕ ਅਜੇਹਾ ਸੰਘ ਬਣਾਇਆ ਜਾਵੇ।

ਉਨ੍ਹਾਂ ਆਪਣੇ ਨਜ਼ਦੀਕੀ ਸ਼ਿਸ਼, ਜੋ ਬੁੱਧ ਜੀ ਦਾ ਸੈਕਟਰੀ ਹੋਣ ਦੇ ਨਾਲ-ਨਾਲ ਭਤੀਜਾ ਵੀ ਸੀ, ਅਨੰਦ ਨੂੰ ਕਿਹਾ, ' ਅਨੰਦ ' ਵੈਸ਼ਾਲੀ ਦੇ ਰਾਜਿਆਂ ਦਾ ਰਾਜ-ਪ੍ਰਬੰਧ ਬੜਾ ਉਤਮ ਤੇ ਮਰਿਆਦਾ ਪੂਰਵਕ ਹੈ। ਕੋਈ ਕਿਸੇ ਨਾਲ ਕਿਸੇ ਗਲੋਂ ਝਗੜਾ ਨਹੀਂ ਕਰਦਾ, ਸਭ ਆਪੋ ਆਪਣੇ ਥਾਂ ਨੀਯਤ ਮਰਯਾਦਾ ਅਨੁਸਾਰ ਆਪਣੇ ਕਾਰਜਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ। ਨਿਯਤ ਸਮੇਂ ਪ੍ਰਬੰਧ ਬਦਲਣ ਵਿਚ ਕੋਈ ਹਿੱਚ-ਕਚਾਹਟ ਨਹੀਂ,ਸਰਲਤਾ ਨਾਲ ਪਦ ਤਿਆਗ ਦਿੰਦੇ ਹਨ ਜੋ ਧੂਮ ਧੜਾਕੇ ਦੇ ਪਦ ਗ੍ਰਹਿਣ ਕਰ ਲੈਂਦੇ ਹਨ, ' ਹੇ ਅਨੰਦ ' ਤੂੰ ਖੁਦ ਵੈਸ਼ਾਲੀ ਸੰਘ ਦੇ ਰਾਜ ਪ੍ਰਬੰਧਕਾਂ ਪਾਸ ਜਾ ਕੇ ਪਤਾ ਕਰ ਕਿ ਉਨ੍ਹਾਂ ਦੀ ਕੀ ਨਿਯਮਾਂਵਲੀ ਹੈ ? ਕਿਸ ਤਰ੍ਹਾਂ ਦਾ ਆਚਰਣ ਪਾਲਦੇ ਹਨ ? ਤਾਂ ਜੋ ਬੋਧੀ ਸੰਘ ਲਈ ਉਹੋ ਜਿਹੇ ਅਸੂਲ ਸਥਾਪਤ ਕਰਕੇ ਇਕ ਧਰਮ ਸੰਗਠਨ ਬਣਾਇਆ ਜਾਵੇ।

ਇੰਝ ਵੈਸ਼ਾਲੀ ਦੇ ਰਾਜ ਪ੍ਰਬੰਧ ਦੇ ਅਸੂਲਾਂ ਨੂੰ ਮੁੱਖ ਰੱਖਕੇ ਬੋਧੀ ਸੰਘ ਦੀ ਸਥਾਪਨਾ ਪੰਝੀ ਸੌ ਵਰ੍ਹੇ ਕਰੀਬ ਪਹਿਲਾਂ ਹੋਈ।

'ਸੰਘ' ਦੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਵਿਆਕਤੀ ਨੂੰ 'ਸੰਘ' ਦਾ ਅੰਗ ਬਣਨ ਲਈ ਕਰੜੀ ਮਰਿਆਦਾ ਤੇ ਆਚਾਰ-ਸੰਘਤਾ ਪਾਲਣ ਦੀ ਪ੍ਰਤਿੱਗਿਆ ਕਰਨੀ ਪੈਂਦੀ ਹੈ। ਉਸ ਮਰਿਯਾਦਾ ਦੇ ਉਲੰਘਣ ਕਰਨ ਵਾਲਿਆਂ ਨੂੰ ਸੰਘ ਵਿਚੋਂ ਬਾਹਰ ਕੀਤਾ ਜਾਂਦਾ, ਤ੍ਰਿਸਕਾਰਿਆ ਜਾਂਦਾ।

ਬੋਧੀ ਸੰਘ ਦਾ ਏਨਾਂ ਪ੍ਰਤਾਪ ਵਧਿਆ ਕਿ ਭਾਰਤ ਭਰ ਦੀਆਂ ਧਾਰਮਕ ਸੰਘ ਜਥੇਬੰਦੀਆਂ ਮਾਤ ਪੈ ਗਈਆਂ। ਸੰਘ ਦੇ ਨਿਯਮਾਂ ਨੂੰ ਪਾਲਣ ਵਾਲਿਆਂ ਦੇ ਉਚੇ ਤੇ ਸੁੱਚੇ ਆਚਰਣ ਅਤੇ ਧਰਮ ਪ੍ਰਤੀ ਨਿਸ਼ਠਾ ਬੇਮਿਸਾਲ ਮੰਨੀ ਜਾਣ ਲੱਗੀ। ਭਾਰਤੀ ਅਤੇ ਗੈਰ ਭਾਰਤੀ ਲੋਕ ਵੀ ਸੰਘ ਦੀ ਸ਼ਰਨ ਜਾਣਾ ਪਰਮ ਪਵਿਤਰ ਕਰਮ ਸਮਝਣ ਲੱਗੇ।

Sri Satguru Jagjit Singh Ji eLibrary NamdhariElibrary@gmail.com

ਸਾਰੇ ਭਾਰਤ ਵਿਚ: 'ਬੁੱਧਮੰ ਸ਼ਰਣਮੰ ਗੱਛਾਮੰ, ਸੰਘੰ ਸ਼ਰਣਮੰ ਗੰਛਾਮੰ, ਧਮੰ ਸ਼ਰਣਮੰ ਗੱਛਾਮੇ,' ਦੀ ਧੁਨੀ ਸੁਣੀ ਜਾਣ ਲੱਗੀ। ਭਾਰਤ ਭਰ ਤੋਂ ਬਾਹਰ ਭੀ ਛੇਤੀ ਹੀ ਏਸ਼ੀਆ ਦੇ ਸਾਰੇ ਦੀਪਾਂ ਵਿਚ ਧਰਮ ਦੀ ਜੈ ਦੀ ਗੂੰਜ ਜਾ ਪੁੱਜੀ।

ਬੁੱਧ ਜੀ ਦਾ ਇਕ ਰਿਸ਼ਤੇ ਵਿਚੋਂ ਨੇੜ ਦੀ ਥਾਂ ਹੀ ਲਗਦੇ ਦੇਵਦਾਸ ਨੂੰ ਬੁੱਧ ਜੀ ਦੀ ਇਹ ਚੜ੍ਹਤ ਦੁਖਦਾਈ ਲੱਗੀ। ਉਸ ਦੇਵਦਾਸ ਦਾ ਬੁੱਧ ਸਾਹਿਤ ਵਿਚ ਅਜੇਹੀ ਘਿਰਣਾ ਨਾਲ ਹੀ ਨਾਮ ਲਿਆ ਜਾਂਦਾ ਹੈ, ਜਿਵੇਂ ਸਿੱਖਾਂ ਵਿਚ ਮੀਣਿਆਂ, ਧੀਰਮਲੀਆਂ ਰਾਮਰਾਈਆਂ ਦਾ ਜਿਨ੍ਹਾਂ ਨੇ ਗੁਰੂ ਪ੍ਰਥਾ ਦੇ ਰਾਹ ਵਿਚ ਰੋੜੇ ਅਟਕਾਏ। ਬੁੱਧ ਜੀ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੇ ਮੰਦੇ ਕਰਮਾਂ ਤੋਂ ਨਾ ਹਟਿਆ। ਫਿਰ ਵੀ ਧਰਮ ਕਾਫਲਾ ਵਧਦਾ ਰਿਹਾ।

ਬੁੱਧ ਸੰਘ ਵਿਚ ਦਿਨ ਪਾ ਕੇ ਕਈ ਪੰਥ ਬਣ ਗਏ। ਕਈ ਮਰਿਯਾਦਾ ਚੱਲ ਪਈਆਂ। ਜਿਵੇਂ ਸਿੱਖਾਂ ਵਿਚ ਇਸ ਵੇਲੇ ਚਲੀਆਂ ਹੋਈਆਂ ਹਨ। ਬੁੱਧ ਧਰਮ ਖਿੰਡ ਗਿਆ। ਪਰ ਮਹਾਰਾਜਾ ਅਸ਼ੋਕ ਨੇ ਇਸ ਸੰਘ-ਧਰਮ ਦੀ ਇਕ ਸੰਘ ਜਥੇਬੰਦੀ ਕਰਕੇ ਦੁਨੀਆਂ ਦੇ ਵੱਡੇ ਧਰਮ ਦਾ ਰੂਪ ਦੇ ਦਿੱਤਾ। ਮਹਾਰਾਜਾ ਅਸ਼ੋਕ ਨੇ ਕਲਿੰਗਾ ਦੀ ਲੜਾਈ ਪਿਛੋਂ ਜਦ ਇਕ ਸ਼ੁਭ ਸੋਚ ਦੇ ਅਧੀਨ ਇਹ ਫੈਸਲਾ ਕੀਤਾ ਕਿ ਲੋਕਾਂ ਨੂੰ ਜਾਨੋਂ ਮਾਰ ਕੇ ਉਨ੍ਹਾਂ ਦੇ ਅੰਗ ਕੱਟ ਵੱਢ ਕੇ ਜਿਸਮਾਂ ਨੂੰ ਦਲ ਮਲ ਕੇ ਜਿੱਤ ਹਾਸਲ ਕਰਨ ਨਾਲੋਂ ਲੋਕਾਂ ਦੇ ਮਨਾਂ ਉਤੇ ਜਿੱਤ ਹਾਸਿਲ ਕਰਨੀ ਸੱਚੀ ਜਿੱਤ ਹੈ। ਬੋਧ ਸਾਧੂਆਂ ਦੀ ਇਕ ਮੰਡਲੀ ਨਾਲ ਮੇਲ ਹੋ ਜਾਣ ਤੇ ਉਨ੍ਹਾਂ ਨੇ ਇਹ ਵਿਚਾਰ ਸੁਣੇ ਤੇ ਏਨੇ ਚੰਗੇ ਲੱਗੇ ਕਿ ਅਸ਼ੋਕ ਨੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਸਾਰੇ ਵਸੀਲੇ ਤੇ ਸਾਰੇ ਹੀਲੇ ਵਰਤ ਦਿੱਤੇ।

ਭਿਖਸ਼ੂਆਂ ਦੇ ਸਾਰੇ ਟੋਲਿਆਂ ਨੂੰ ਇਕੱਠਾ ਕੀਤਾ, ਉਨ੍ਹਾਂ ਤੋਂ ਬੁੱਧ ਧਰਮ ਬਾਰੇ ਜਾਣਕਾਰੀ ਹਾਸਿਲ ਕੀਤੀ। ਹਰ ਕਿਸੇ ਨੇ ਆਪੋ ਆਪਣੀ ਮਰਿਯਾਦਾ ਤੇ ਰਹਿਣੀ ਦੇ ਨਿਯਮ ਉੱਤਮ ਦੱਸੇ। ਏਨੇ ਪੁਆੜੇ ਤੇ ਪਾੜੇ ਕਿਵੇਂ ਮੇਲੇ ਜਾਣ? ਧਰਮ ਨੂੰ ਇਕ ਰੂਪ ਕਿਵੇਂ ਕੀਤਾ ਜਾਵੇ? ਮਹਾਰਾਜਾ ਅਸ਼ੋਕ ਨੇ ਜੁਗਤ ਵਰਤੀ, ਸਾਰੇ ਭਿਖਸ਼ੂਆਂ ਦੀ ਮਹਾਂ ਸਭਾ ਬੁਲਾਈ। ਸਭਾ ਵਿਚ ਖੁਲ੍ਹੇ ਵਿਚਾਰ ਵਟਾਂਦਰੇ ਕਰਨ ਦਾ ਇਕੋ ਕੇਂਦਰੀ ਨੁਕਤਾ ਰਖਿਆ ਜਿਸ ਉਤੇ ਮਹੀਨਿਆਂ ਬੱਧੀ ਚਰਚਾ ਕੀਤੀ ਜਾਂਦੀ ਰਹੀ।

ਅਸ਼ੋਕ ਨੇ ਕਿਹਾ-ਜੇ ਬੁੱਧ ਜੀ ਇਕ ਸਨ ਤੇ ਉਨ੍ਹਾਂ ਨੇ ਇਕੋ ਧਰਮ ਤੇ ਉਸ ਦੇ ਨਿਯਮ ਚਲਾਏ ਸੀ, ਫਿਰ ਤੁਸੀਂ ਵਖੋ ਵਖਰੇ ਨਿਯਮਾਂ ਉਤੇ ਕਿਉਂ ਏਨਾਂ ਜ਼ੋਰ ਦਿੰਦੇ ਹੋ? ਜੇ ਤੁਹਾਡੇ ਕੋਲ ਆਪਣੇ ਨਿਯਮਾਂ ਦੇ ਪੁਰਾਤਨ ਤੇ ਅਸਲੀ ਹੋਣ ਦੇ ਪ੍ਰਮਾਣ ਹੋਵਣ ਤਾਂ ਪੇਸ਼ ਕੀਤੇ ਜਾਣ। ਇਉਂ ਦਲੀਲ ਤੇ ਤੱਥਾਂ ਉਤੇ ਨਾ ਉਤਰਨ ਵਾਲੀਆਂ ਵਾਧੂ ਕਲਪਨਾਂ ਖਤਮ ਹੋਈਆਂ, ਤੱਤ, ਸੱਤ ਵਰੋਲ ਕੇ ਸਾਹਮਣੇ ਲਿਆਂਦਾ ਗਿਆ।

Sri Satguru Jagjit Singh Ji eLibrary NamdhariElibrary@gmail.com

ਬੁੱਧ ਸੰਘ ਬੁੱਧ ਧਰਮ ਦੇ ਪ੍ਰਚਾਰ ਲਈ ਇਕ ਨਰੋਆ ਸੰਗਠਨ ਬਣ ਗਿਆ। ਮਹਾਨ ਮਹਾਰਾਜਾ ਅਸ਼ੋਕ ਨੇ ਆਪਣਾ ਆਪ, ਆਪਣੀ ਰਾਜ ਸ਼ਕਤੀ ਧਰਮ ਪ੍ਰਚਾਰ ਲਈ ਅਰਪਣ ਕਰ ਦਿੱਤੀ। ਧਰਮ ਦੇ ਪ੍ਰਚਾਰ ਲਈ ਦੇਸ਼ ਵਿਦੇਸ਼ ਦੇ ਚਾਰੇ ਕੁੰਟਾਂ ਨੂੰ ਪ੍ਰਚਾਰ ਕਰਨ ਲਈ ਜਥੇ ਰਵਾਨਾ ਕਰ ਦਿੱਤੇ। ਉਸ ਵਿਚ ਆਪਣੇ ਪਰਿਵਾਰ ਦੇ ਵਿਅਕਤੀ ਪੁੱਤਰ ਤੇ ਪੁੱਤਰੀਆਂ ਤਕ ਸ਼ਾਮਿਲ ਕੀਤੀਆਂ।

ਧਰਮ ਪ੍ਰਚਾਰਕਾਂ ਲਈ ਲੋਕਾਂ ਨੇ ਕਿਸੇ ਤੋਂ ਕੁਝ ਲੈਣਾ ਨਹੀਂ ਸੀ। ਕੋਈ ਤਕਲੀਫ ਕਿਸੇ ਨੂੰ ਦਿੱਤੇ ਬਿਨਾਂ ਸਭਨਾਂ ਦੇ ਸੁਖ ਲਈ ਪ੍ਰਚਾਰ ਹਿੱਤ ਵਿਚਰਨਾ ਸੀ, ਉਨ੍ਹਾਂ ਜੀਵਨ ਸਾਧਕਾਂ ਦੀ ਹਰ ਥਾਂ ਕਿਵੇਂ ਪੂਜਾ ਨਾ ਹੁੰਦੀ, ਕਿਵੇਂ ਸੁਆਗਤ ਨਾ ਹੁੰਦਾ?

ਬੁੱਧ ਧਰਮ ਉਸ ਵੇਲੇ ਦੇ ਵਸਦੇ ਰਸਦੇ ਸਾਰੇ ਏਸ਼ੀਆ ਦਾ ਧਰਮ ਬਣ ਗਿਆ, ਜੋ ਹੁਣ ਤੱਕ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਨਿਤ ਹੈ ਅਤੇ ਕੱਲ ਤੱਕ ਦੁਨੀਆਂ ਦਾ ਵੱਡਾ ਧਰਮ ਰਿਹਾ ਹੈ। ਕੁਝ ਦਹਾਕਿਆਂ ਤੋਂ ਫਰਕ ਇਤਨਾ ਪਿਆ ਹੈ ਜੋ ਪਹਿਲਾਂ ਬੁੱਧ ਧਰਮ ਦੁਨੀਆ ਵਿਚ ਸਭ ਤੋਂ ਮਹਾਨ ਸੀ, ਗਿਣਤੀ ਕਾਰਨ ਹੁਣ ਈਸਾਈ ਧਰਮ ਉਸ ਤੋਂ ਅੱਗੇ ਲੰਘ ਗਿਆ ਹੈ। ਈਸਾਈ ਮਿਸ਼ਨਰੀਆਂ ਦੀ ਸੇਵਾ ਸੰਪਰਕ ਉਨ੍ਹਾਂ ਪਿਛੋਂ ਕੰਮ ਕਰਦੀਆਂ ਸ਼ਕਤੀਆ ਦੇ ਸਿਰਾਂ ਉਤੇ ਇਸ ਕਾਮਯਾਬੀ ਦਾ ਸੇਹਰਾ ਜਾਂਦਾ ਹੈ।

## 2

ਈਸਾਈ ਧਰਮ ਨੂੰ ਮਿਸ਼ਨਰੀਆਂ ਨੇ ਦੁਨੀਆਂ ਵਿਚ ਫੈਲਾਇਆ। ਉਨ੍ਹਾਂ ਈਸਾਈ ਧਰਮ ਦੇ ਪ੍ਰਭਾਵ ਦੇ ਨਾਲ ਮਾਨਵ ਭਲਾਈ ਧਰਮ ਦੇ ਖਿਆਲ ਉਭਾਰ ਕੇ ਦੁਨੀਆਂ ਦਾ ਕੋਨਾ ਕੋਨਾ ਛਾਣ ਮਾਰਿਆ। ਅਜੇਹਾ ਸਮਾਂ ਭੀ ਆਇਆ, ਇਸ ਧਰਮ ਦੇ ਮੰਨਣ ਵਾਲਿਆਂ ਦੀ ਏਨੇ ਵੱਡੇ ਭੂਖੰਡ ਉਤੇ ਉਨ੍ਹਾਂ ਦੀ ਉਮਤ ਦਾ ਰਾਜ ਹੋਇਆ ਜਿਸਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ ਸੀ। ਇਹ ਰਾਜ ਪ੍ਰਬੰਧ ਹੋਰਨਾਂ ਨਾਲੋਂ ਨਿਯਮਤ ਨਿਆਂਕਾਰੀ ਹੋਣ ਦੇ ਦਾਹਵੇਦਾਰ ਭੀ ਰਹੇ, ਅਮਨ ਤੇ ਸੁਖ ਸ਼ਾਂਤੀ ਸਥਪਿਤ ਕਰਨ ਦਾ ਅਲਮ ਬਰਦਾਰ ਭੀ। ਉਸ ਦਾ ਫਲ ਇਹ ਨਿਕਲਣਾ ਹੀ ਸੀ ਕਿ ਲੋਕ ਅਜੇਹੇ ਲੋਕਾਂ ਦੇ ਧਰਮ ਨੂੰ ਚੰਗਾ ਮੰਨਣ ਅਤੇ ਉਸ ਧਰਮ ਨੂੰ ਧਾਰਨ ਕਰਨ। ਭਾਰਤ ਦੇ ਵੱਡੇ ਵੱਡੇ ਘਰਾਣੇ, ਸਿੱਖਾਂ ਦੇ ਰਾਜੇ ਰਾਣੇ ਭੀ ਈਸਾਈ ਬਣੇ। ਈਸਾਈ ਧਰਮ ਦੁਨੀਆਂ ਵਿਚ ਸਭ ਧਰਮਾਂ ਤੋਂ ਲਚਕਦਾਰ ਤੇ ਉਦਾਰ ਮਜ਼ਬ ਹੈ, ਮਰਿਆਦਾ ਭੀ ਸਰਲ ਤੇ ਸੌਖੀ ਹੈ। ਜੇ ਹੋ ਸਕੇ ਤਾਂ ਐਤਵਾਰ ਨੂੰ ਗਿਰਜੇ ਘਰ ਵਿਚ ਜਾ ਆਉਣਾ, ਜਾਂ ਘਰੇ ਹੀ ਈਸਾ ਦੀ ਯਾਦ ਤਾਜ਼ਾ ਕਰ

Sri Satguru Jagjit Singh Ji eLibrary NamdhariElibrary@gmail.com

ਲੈਣੀ ਕਾਫੀ ਸਮਝੀ ਜਾਂਦੀ ਹੈ । ਅਡੰਬਰਬਾਜ਼ੀ ਘੱਟ ਹੈ ।

ਭਾਵੇਂ ਇਸ ਵਿਚ ਅੰਤਰ ਆਤਮਾ ਦੀ ਸਾਧਨਾ ਨਾਮ ਮਾਤਰ ਹੀ ਮਿਲੇਗੀ । ਸ਼ਾਇਦ ਏਸੇ ਕਾਰਨ, ਪਰ ਇਸ ਤੋਂ ਵਧ ਇਸ ਧਰਮ ਦੇ ਮਿਸ਼ਨਰੀਆਂ ਦੀ ਸੇਵਾ ਦੇ ਸਾਧਨਾਂ ਨੂੰ ਰੱਜ ਕੇ ਵਰਤਣ ਦੀ ਇੱਛਾ ਨੇ ਸੁਸਿਖਸ਼ਤ ਹੋਣ ਕਾਰਨ, ਦਿਨ ਰਾਤ ਨਿਸ਼ਠਾ ਨਾਲ ਜੁਟੇ ਹੋਏ ਹੋਣ ਕਾਰਨ, ਉਨਤੀ ਕੀਤੀ ਹੈ । ਜਿਥੇ ਗਰੀਬੀ ਹੈ, ਦਰਿੱਦਰਤਾ ਹੈ, ਲੋਕਾਂ ਵਿਚ ਦੁੱਖ ਹੈ, ਉਥੇ ਈਸਾਈ ਮਿਸ਼ਨਰੀ ਰੱਬੀ ਸੱਦਾ ਸਮਝ ਕੇ ਸੇਵਾ ਲਈ ਬਿਨਾਂ ਬਿਲੰਬ, ਜਥੇ ਬਣਾ ਕੇ ਪੁੱਜ ਜਾਂਦੇ ਹਨ । ਨਾਲ ਹੀ ਮਿਸ਼ਨਰੀਆਂ ਦੇ ਲੱਖਾਂ ਕਰੋੜਾਂ ਦੇ ਉਸ ਫੰਡ ਦੀ ਸਹਾਇਤਾ ਹੈ ਜੋ ਇਸ ਕਾਰਜ ਲਈ ਟਰੱਸਟਾਂ ਦੇ ਰੂਪ ਵਿਚ ਦੇਸ਼ ਵਿਦੇਸ਼ਾਂ ਦੇ ਈਸਾਈਆਂ ਨੇ ਸੰਗ੍ਰਹਿ ਕੀਤੀ ਹੋਈ ਹੈ ਤੇ ਹੋਰ ਕਰ ਰਹੇ ਹਨ । ਭਾਰਤ ਦੇ ਆਸਾਮ ਦੀਆਂ ਸੱਤ ਰਿਆਸਤਾਂ, ਨਾਗਾਲੈਂਡ ਆਦਿਕ ਭਾਵੇਂ ਉਥੇ ਦੇ ਲੋਕਾਂ ਦਾ ਰਹਿਣ ਸਹਿਣ ਕੁਝ ਹੋਵੇ ਇਸ ਵੇਲੇ ਬਹੁਗਿਣਤੀ ਈਸਾ ਦੇ ਨਾਮ ਲੇਵਿਆਂ ਦੀ ਹੈ । ਰਾਜ ਪ੍ਰਬੰਧ ਭੀ ਉਨ੍ਹਾਂ ਦੇ ਹਥ ਵਿਚ ਹੀ ਰਹਿੰਦਾ ਹੈ, ਪਾਰਟੀ ਭਾਵੇਂ ਕੋਈ ਹੋਵੇ, ਮੁੱਖੀ, ਮਜ਼੍ਹਬ ਪਖੋਂ ਈਸਾਈ ਹੁੰਦਾ ਹੈ । ਵਿਦਿਅਕ ਪ੍ਰਬੰਧ ਤੇ ਹਸਪਤਾਲਾਂ ਦੀ ਪ੍ਰਬੀਨਤਾ ਏਨੇ ਉੱਤਮ ਹਨ ਕਿ ਸਭ ਤੋਂ ਪਹਿਲੀ ਹਰ ਵਿਅਕਤੀ ਦੀ ਇਹ ਇੱਛਾ ਹੁੰਦੀ ਹੈ ਜੇ ਉਹ ਬੱਚੇ ਪੜ੍ਹਾਏ ਤਾਂ ਈਸਾਈਆਂ ਦੇ ਸਕੂਲਾਂ ਵਿਚ, ਜੇ ਬੀਮਾਰੀ ਦਾ ਇਲਾਜ ਕਰਾਏ ਤਾਂ ਈਸਾਈਆਂ ਦੇ ਹਸਪਤਾਲਾਂ ਵਿਚ ।ਬੇਸ਼ੱਕ ਈਸਾਈਆਂ ਦੇ ਗਿਰਜੇ ਘਰ ਸੁੰਨੇ ਰਹੇ ਹਨ, ਢਹਿ ਰਹੇ ਤੇ ਮੁੱਲ ਵਿਕਦੇ ਹਨ, ਪਰ ਉਸਦਾ ਸਾਰਾ ਘਾਟਾ ਉਨ੍ਹਾਂ ਦੀਆਂ ਸੇਵਾਵਾਂ ਪੂਰਾ ਸਮਰਥ ਹਸਤੀਆਂ ਤੇ ਸ਼ਾਖਾ ਕੱਢ ਰਹੀਆਂ ਹਨ । ਲੋਕ ਸੇਵਾ ਦੇ ਕਾਰਜ ਖਿੱਚਾਂ ਪਾ ਰਹੇ ਹਨ ।

## 3

ਇਸਲਾਮ ਵਿਚ ਮਜ਼੍ਹਬ ਦੀ ਮੁੱਢਲੀ ਪਛਾਣ ਹੀ ਜਮਾਤ ਹੈ । ਜਮਾਤ ਨੂੰ ਕਰਾਮਾਤ ਮੰਨਿਆਂ ਜਾਂਦਾ ਹੈ । ਇਕੋ ਭਾਂਤ ਦੀ ਜੀਵਨ ਸ਼ੈਲੀ ਤੇ ਜ਼ੋਰ ਦਿੱਤਾ ਜਾਂਦਾ ਹੈ। ਹਜ਼ਾਰਾਂ ਬਲਕਿ ਲੱਖਾਂ ਦਾ ਇਕੱਠ ਇਕ ਸਮੇਂ ਇਕ ਨਿਯਮ ਨੂੰ ਪਾਲਦਾ ਹੈ । ਨਮਾਜ਼ ਪੜ੍ਹਨ ਸਮੇਂ ਇਕ ਕਤਾਰ ਇਕ ਤਰੀਕੇ ਨਾਲ ਸਾਰੀ ਰਸਮ ਪੂਰੀ ਕਰਨੀ ਜਮਾਤ ਦੀ ਇਕ ਜ਼ਾਹਰਾ ਕਰਾਮਾਤ ਹੈ । ਏਹੋ ਕਾਰਨ ਹੈ ਕਿ ਇਸਲਾਮ ਦੀ ਚੜ੍ਹਤ ਇਸ ਵੇਲੇ ਈਸਾਈਆਂ ਲਈ ਭੀ ਚਿਤਾਵਨੀ ਬਣੀ ਹੋਈ ਹੈ । ਜੇ ਇਸਲਾਮ ਦੇ ਫਿਰਕਿਆਂ ਵਿਚ ਵੰਡੇ ਜਾਣ ਅਤੇ ਪ੍ਰਸਪਰ ਖਿਚਾਖਿਚੀ ਲੜਾਈ ਤੇ ਜਨੂੰਨ ਉਨ੍ਹਾਂ ਵਿਚ ਸੁੰਨੀਆਂ, ਸ਼ੀਆਂ ਤੇ ਹੋਰ ਫਿਰਕਿਆ ਵਾਲਾ ਨਾ ਹੋਵੇ ਤਾਂ ਇਸਲਾਮ ਦੁਨੀਆਂ ਦੀ ਦੂਜੀ ਵੱਡੀ ਤਾਕਤ ਦੇ ਰੂਪ ਵਿਚ ਕੱਲ ਨੂੰ ਉੱਭਰ ਸਕਦਾ ਹੈ ।

ਭਾਵੇਂ ਇਸਲਾਮ ਦੀ ਤੰਗ ਨਜ਼ਰੀ ਤੇ ਜਨੂੰਨ ਵਰਤਮਾਨ ਸੰਸਾਰ ਵਿਚ ਵਧਣ ਫੁਲਣ ਦੇ ਬਾਧਕ ਹਨ। ਇਹ ਸਾਰੀਆਂ ਕਸਰਾਂ ਜਨੂਨੀ ਧੱਕੇ ਨਾਲ ਹੀ ਪੂਰੀਆਂ ਕਰ ਲੈਂਦੇ ਹਨ। ਰਹਿੰਦੀ ਤੇਲ ਦੀ ਬਰਕਤ ਹੈ ਜੋ ਅਮੀਰੀ ਦਿਖਾਉਣ ਦੀ ਇੱਛਾ ਕਸਰਾਂ ਕੱਢ ਰਹੀ ਹੈ।

ਇਨ੍ਹਾਂ ਮਜ਼ਹਬ ਦੀ ਹੋਂਦ ਤੇ ਉਨਤੀ ਦੇ ਪਿਛੇ ਤਾਕਤ, ਬਹੁਤ ਪ੍ਰਸਪਰ ਸਨੇਹ ਨਾਲ ਮਜ਼੍ਹਬ ਦੀ ਉਨਤੀ ਲਈ ਕੁਝ ਕਰਨ ਦੀ ਤਮੰਨਾ ਅਤੇ ਜਥੇਬੰਦੀ ਰਾਹੀਂ ਕੁਝ ਕਰ ਦਿਖਾਉਣਾ ਵੱਧਣ ਫੁੱਲਣ ਦੇ ਕਾਰਨ ਹਨ। ਇਹ ਮਜ਼੍ਹਬ ਕਈ ਪੱਖਾਂ ਤੋਂ ਪ੍ਰਪੱਕ ਮੰਨਿਆਂ ਜਾਂਦਾ ਹੈ।

## 4

ਸਿੱਖ ਧਰਮ ਜਿੰਨਾ ਪ੍ਰਫੁਲਤ ਹੋਇਆ ਹੈ, ਏਸ ਪਿਛੇ ਵਰਨਣ ਯੋਗ ਹੀ ਕਾਰਨ ਹਨ। ਜਿਨ੍ਹਾਂ ਵਿਚੋਂ ਵੱਡਾ ਸਾਧਨ ਸੰਗਤਾਂ ਤੇ ਜਥੇਬੰਦੀ ਦੀ ਸਥਾਪਨਾ ਹੈ। ਗੁਰੂ ਨਾਨਕ ਜੀ ਜਿਥੇ ਜਾਂਦੇ ਸੰਗਤ ਕਾਇਮ ਕਰਦੇ ਰਹੇ। ਸੰਗਤਾਂ ਦਾ ਸਾਰੀ ਦੁਨੀਆਂ ਵਿਚ ਜਾਲ ਵਿਛਾ ਦਿਤਾ ਸੀ। ਸੰਗਤਾਂ ਅਤੇ ਸਤਿਸੰਗਤਾਂ ਸਤਿ ਪ੍ਰਾਪਤੀ ਦੇ ਸਾਧਨਾਂ ਤੇ ਵਿਚਾਰ ਦੀਆਂ ਪਨੀਰੀਆਂ ਦੀਆਂ ਕਿਆਰੀਆਂ ਵਾਂਗ ਸਨ। ਦੁਖ ਸੁਖ ਦੀਆਂ ਸਾਂਝਾਂ ਮਿਲਵਰਤਣ ਦੇ ਟ੍ਰੇਨਿੰਗ ਸੈਂਟਰ ਹੁੰਦੀਆਂ, ਨਵੇਂ ਰਿਸ਼ਤੇ ਜੁੜਦੇ ਨਵੀਆਂ ਭਾਵਨਾਵਾਂ ਜਾਗਦੀਆਂ ਆਤਮਕ ਅਨੰਦ ਦੀ ਪ੍ਰਾਪਤੀ ਸੰਗਤਾਂ ਵਿਚ ਹੁੰਦੀ ਸੀ। ਸੰਗਤ ਰੂਪ ਵਿਚ ਗੁਰੂ ਜੀ ਨੇ ਏਨੀ ਵੱਡੀ ਸ਼ਕਤੀ ਸਿਰਜੀ ਕਿ ਸਿੱਧਾਂ ਦੇ ਉਤਰ ਵਿਚ ਗੁਰੂ ਨਾਨਕ ਜੀ ਨੇ ਆਪਣੀ ਸ਼ਕਤੀ ਦਾ ਭੇਦ ਸੰਗਤਾਂ ਨੂੰ ਹੀ ਦਸਿਆ ਸੀ।

> ਗੁਰਸੰਗਤਿ ਬਾਣੀ ਬਿਨਾਂ ਦੂਜੀ ਓਟ ਕੋਈ ਨਹੀਂ ਹੈ ਰਾਈ।

ਸਾਧਸੰਗਤ ਦੇ ਲਾਭ ਸਤਿਸੰਗੀਆਂ ਦੇ ਜੀਵਨ ਤੋਂ ਪ੍ਰਗਟ ਹੁੰਦੇ ਹਨ ਜਿਨ੍ਹਾਂ ਨੇ ਗੁਰੂ ਨਾਨਕ ਧਰਮ ਨੂੰ ਅਫਗਾਨਿਸਤਾਨ ਤੋਂ ਲੈ ਕੇ ਲੰਕਾ, ਚੀਨ ਤੇ ਲਦਾਖ, ਬਗਦਾਦ ਤੱਕ ਫੈਲਾਇਆ, ਜਿਸ ਦੇ ਪੈਰ-ਚਿੰਨ੍ਹਾਂ ਦੀ ਡੂੰਘੀ ਛਾਪ ਹੁਣ ਭੀ ਦੇਖੀ ਜਾ ਸਕਦੀ ਹੈ।

ਭਾਈ ਗੁਰਦਾਸ ਜੀ ਦੇ ਕਥਨ ਮੁਤਾਬਿਕ ਗੁਰੂ ਨਾਨਕ ਜੀ ਨੇ ਮਨੁੱਖ ਮਾਤਰ ਦੀ ਭਲਾਈ, ਸਰਬ-ਸਾਂਝੀਵਾਲਤਾ ਦੇ ਵਿਚਾਰਾਂ ਦਾ ਨਾਹਰਾ ਲਾ ਕੇ ਦੁਨੀਆਂ ਵਿਚ ਇਕ ਨਵਾਂ ਸਿੱਕਾ ਚਲਾਇਆ :

> 'ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।'

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਦੇ ਅਨੋਖੇ ਤੇ ਸਮੂਹ ਸਿਫਤਾਂ ਵਾਲੇ

Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਰਚਨਾ ਵਿਆਪਕ ਦ੍ਰਿਸ਼ਟੀ ਨਾਲ ਸਰਬੱਤ ਮਨੁੱਖ ਮਾਤਰ ਲਈ ਕੀਤੀ, ਫਿਰ ਪੰਥ ਦੀ ਵਾਗਡੋਰ ਗੁਰੂ ਅੰਗਦ ਦੇਵ ਜੀ ਦੇ ਹੱਥਾਂ ਵਿਚ ਦਿੱਤੀ-' ਥਾਪਿਓ ਲਹਿਣਾ ਜੀਵਦੈ ।' ਗੁਰੂ ਅੰਗਦ ਦੇਵ ਜੀ ਨੇ ਇਹ ਸ਼ਕਤੀ, ' ਅਮਰ ਦਾਸ ਭੱਲੇ ਕਉ' ਬਖਸ਼ੀ । ਇੰਝ ਵਿਕਾਸ ਪੜਾਵਾਂ ਉਤੇ ਮਨੁੱਖਤਾ ਪੜਾ ਦਰ ਪੜਾ ਉਚਾ ਚੁੱਕ ਕੇ ਆਪਣੀ ਉਮਤ ਨੂੰ ਇਕ ਤੋਂ ਬਾਅਦ ਦੂਜੀ ਮੰਜ਼ਲ ਤੇ ਲਿਜਾ ਕੇ ਜਨਮ ਸਕਾਰਥ ਕਰਨ ਲਈ ਜੀਵਨ ਦਾਨੀ ਅਨੁਭਵ ਦੇ ਮਾਲਕ ਬਣਾਇਆ । ਜਿਸ ਵਿਚ ਸੇਵਾ, ਪਰਉਪਕਾਰ, ਲੋਕ ਭਲਾਈ ਸਿੰਮ-ਸਿੰਮ ਕੇ ਰਸਦੀ ਸੀ । ਦਸ਼ਮੇਸ਼ ਜੀ ਨੇ-'ਆਪੇ ਗੁਰ ਚੇਲਾ' ਵਾਲੀ ਕਲਾ ਵਰਤਾ ਕੇ ਇਸ ਧਰਮ ਪੰਥ ਨੂੰ ਸਿਖਰਾਂ ਉਤੇ ਪਹੁੰਚਾ ਦਿੱਤਾ । ਬਿਨਾਂ ਜਾਤ ਪਾਤ, ਬਿਨਾਂ ਕਿਸੇ ਕਾਮਨਾ ਤੇ ਤ੍ਰਿਸ਼ਨਾ ਦੇ ਸ਼ੁੱਧ ਪਵਿੱਤਰ ਆਤਮਾਵਾਂ ਵਿਚ ਆਪਣੀ ਰੂਹਾਨੀ ਦੈਵੀ ਸਤਾ ਦੀ ਜੋਤ ਜਗਾਈ । ਨਾਲ ਹੀ ਇੰਝ ਕਰਨ ਦਾ ਅਧਿਕਾਰ ਅਜੇਹਾ ਕਰਤਵ ਪਾਲਣ ਵਾਲਿਆਂ ਨੂੰ ਅਗੋਂ ਲਈ 'ਗੁਰੂ ਚੇਲਾ, ਚੇਲਾ ਗੁਰੂ' ਦੀ ਗੁੜਤੀ ਵਾਲੇ ਅਬਿਨਾਸ਼ੀ ਸਿਧਾਂਤ ਨੂੰ ਸਾਖਿਆਤ ਕੀਤਾ ।

ਅਜੇਹੇ ਜੀਵਨ ਦੇ ਸ਼ੁਧ ਆਚਰਣ ਵਾਲੇ ਗੁਰੂ ਪ੍ਰਾਇਣ ਗੁਰਮੁੱਖਾਂ ਲਈ, ਜੋ ਜਗਤ ਜੋਤ ਨਾਲ ਓਤ ਪੋਤ ਹੋਏ ਹੋਣ, ਰੱਬੀ ਮੇਲ ਕਰਾਉਣ ਦੇ ਉਚੇ ਅਧਿਕਾਰਾਂ ਦੇ ਮਾਲਕ ਮਹਿਸੂਸ ਕਰਾਇਆ ਕਿ ਉਨ੍ਹਾਂ ਪ੍ਰਤੀ ਸਤੋਤ, 'ਖ਼ਾਲਸਾ ਮੇਰੋ ਰੂਪ ਹੈ ਖਾਸ' ਦੀ ਅਨੂਠੀ ਰਚਨਾ ਵਜੂਦ ਵਿਚ ਆਈ ਹੈ, ਹੁਕਮ ਕੀਤਾ-

'ਖ਼ਾਲਸਾ ਮੇਰਾ ਰੂਪ ਹੈ ਖਾਸ । ਖ਼ਾਲਸੇ ਮੇ ਹਉ ਕਰਉ ਨਿਵਾਸ ।'

ਇਸ ਪੰਥ ਉਤੇ ਛੋਟੇ ਛੋਟੇ ਸੰਕਟ ਤਾਂ ਪਹਿਲਾਂ ਭੀ ਆਉਂਦੇ ਰਹੇ ਪਰ ਉਸ ਤੋਂ ਔਖੇ ਦਿਨ ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਉਨ ਪਿਛੋਂ ਵਾਪਰੇ । ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਆ ਕੇ ਜ਼ਾਲਮ ਹਕੂਮਤ ਦੇ ਪੱਕੇ ਮਹੱਲ ਖੰਡਰਾਂ ਵਿਚ ਬਦਲ ਦਿਤੇ, ਕਰਾਮਾਤਾਂ ਜਿਹੇ ਕਾਰਨਾਮੇ ਕਰ ਦਿਖਾਏ । ਅਫਸੋਸ ਇਸ ਸਮੇਂ ਜਥੇਬੰਦਕ ਸ਼ਕਤੀ ਵਿਚ ਵੱਡੀਆਂ ਤਰੇੜਾਂ ਪੈ ਗਈਆਂ । ਅਕਾਲ ਪੁਰਖੀਏ ' ਤੱਤ ਖ਼ਾਲਸੇ '-ਇਕ ਪਾਸੇ ਬੰਦਈ ਖ਼ਾਲਸਾ ਦੂਜੇ ਪਾਸੇ ਦੇ ਧੜੇ ਬਣ ਗਏ । ਇਸ ਪਾੜੇ ਨੇ ਪੰਥ ਨੂੰ ਚੜ੍ਹਦੀ ਕਲਾ ਤੋਂ ਖੜ੍ਹਦੀ ਕਲਾ ਉਤੇ ਲਿਆ ਕੇ ਖੜਾ ਕਰ ਦਿਤਾ ।

ਇਸ ਕਾਰਨ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਉਤੇ ਕੁਝ ਦਹਾਕੇ ਪ੍ਰਿਥੀ ਚੰਦ ਦੇ ਪ੍ਰਵਾਰ ਦੇ ਮੇਹਰਵਾਨ ਤੇ ਹਰਿ ਜੀ ਦਾ ਕਬਜ਼ਾ ਰਿਹਾ । ਭਾਈ ਮਨੀ ਸਿੰਘ ਜੀ ਦਾ ਸਮਾਂ ਕੀ ਆਇਆ, ਸਿੱਖਾਂ ਉਤੇ ਕਸ਼ਟ ਦੇ ਤੂਫਾਨ ਝੁੱਲ ਪਏ, ਸ਼ਹੀਦੀਆਂ ਦੀ ਲੜੀ ਹੀ ਸ਼ੁਰੂ ਹੋ ਗਈ । ਚਰਖੜੀਆਂ ਉਤੇ ਚੜ੍ਹਨਾਂ, ਦੇਗਾਂ ਵਿਚ ਉਬਲਣਾ, ਆਰਿਆਂ ਨਾਲ ਚੀਰੇ ਜਾਣਾ, ਖੋਪੜੀਆਂ ਲਾਹੁਣੀਆਂ, ਬੰਦ-ਬੰਦ ਕਟੇ ਜਾਣ ਦੇ ਖੂਨੀ ਸਾਕਿਆਂ

Sri Satguru Jagjit Singh Ji eLibrary NamdhariElibrary@gmail.com

ਦੇ ਦੁਖਦਾਈ ਕਾਂਡ ਸਿੱਖ ਲਹਿਰ ਨੂੰ ਤਹਿਸ਼ ਨਹਿਸ਼ ਕਰਨ ਲਈ ਜ਼ੋਰ ਨਾਲ ਚਲੇ। ਇਸ ਤੋਂ ਬਾਅਦ ਦੂਜਾ ਸਾਕਾ, ਘਲੂਘਾਰਿਆਂ ਦੇ ਭਿਆਨਕ ਰੂਪ ਧਾਰ ਕੇ ਸਾਹਮਣੇ ਆਇਆ।

ਕੁਝ ਸਮਾਂ ਪਾ ਕੇ ਕੇਂਦਰ ਖ਼ਾਲਸੇ ਦੇ ਨਾਮ ਹੇਠਾਂ ਸ਼ਕਤੀ ਵਧੀ। ਸਿੱਖਾਂ ਦੀ ਫੌਜੀ ਸ਼ਕਤੀ ਦੇ ਪੈਰ ਲਗਾ, ਮੁਗ਼ਲ ਸਲਤਨਤ ਦੇ ਝੰਡੇ ਬੋਦੇ ਹੋ ਕੇ ਢਹਿਣ ਲਗੇ। ਥਾਂ ਥਾਂ ਸਿੰਘਾਂ ਦੇ ਜਥਿਆਂ ਦੇ ਜਬਰ ਦੇ ਸਤਾਏ ਲੋਕਾਂ ਨੂੰ ਰਖਵਾਲੀ ਦੀ ਜਾਮਨੀ ਦੇ ਕੇ, ਆਪੋ ਆਪਣੇ ਘੇਰੇ ਵਿਚ ਲਿਆ ਕੇ ਸੁਰੱਖਿਆ ਦਿਤੀ। ਪਿੰਡਾਂ, ਨਗਰਾਂ ਅੰਦਰ ਅਮਨ ਵਰਤਾਇਆ। ਲੋਕ ਸਿੱਖਾਂ ਨੂੰ ਲੜਾਕੂਆਂ ਦੀ ਥਾਂ ਧਾਰਮਕ ਜੀਵਨ ਵਾਲੇ ਉੱਚੇ ਸੁੱਚੇ ਕਿਰਦਾਰ ਦੇ ਮਾਲਕ ਸਮਝਣ ਲੱਗੇ। ਧੀਆਂ ਭੈਣਾਂ ਦੀ ਪਤ ਦੇ ਰਾਖੇ ਮੰਨਣ ਲਗੇ। ਸਿੱਖਾਂ ਦੇ ਅਧੀਨ ਇਲਾਕਿਆਂ ਵਿਚ ਵਸਣਾ ਲੋਕ ਸਿੱਖ, ਹਿੰਦੂ ਤੇ ਮੁਸਲਮਾਨ ਚੰਗੇ ਭਾਗ ਸਮਝਣ ਲਗੇ।

ਥੋੜ੍ਹੀ ਦੇਰ ਬਾਅਦ ਬਹੁਤੇ ਜਥਿਆਂ ਦੀ ਥਾਂ ਜਿਨ੍ਹਾਂ ਦੀ ਗਿਣਤੀ ਬਵੰਜਾ ਤੱਕ ਸੀ, ਬਾਰਾਂ ਵੱਡੇ ਜਥੇ ਬਣੇ, ਜਿਨ੍ਹਾਂ ਨੂੰ ਬਾਰਾਂ ਮਿਸਲਾਂ ਦਾ ਪ੍ਰਸਿੱਧ ਨਾਮ ਦਿੱਤਾ ਜਾਂਦਾ ਹੈ।

ਬਾਰਾਂ ਮਿਸਲਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਨੇ ਕੁਝ ਕੁ ਨੂੰ ਨਾਲ ਮਿਲਾ ਕੇ, ਕਈਆਂ ਨੂੰ ਖ਼ਤਮ ਕਰਕੇ, ਲਾਹੌਰ ਦਰਬਾਰ ਦੇ ਨਾਮ ਹੇਠਾਂ ਆਪਣਾ ਰਾਜ ਕਾਇਮ ਕੀਤਾ। ਜਿਸ ਦਾ ਦੂਜਾ ਨਾਮ ਖ਼ਾਲਸਾ ਦਰਬਾਰ ਰਖਿਆ ਸੀ। ਇਸ ਤਰ੍ਹਾਂ ਇਕ ਵੱਡੀ ਰਾਜਸੀ ਤਾਕਤ ਦੀ ਨੀਂਹ ਰਖੀ ਤੇ ਉਸ ਦੇ ਪੈਰ ਜਮਾਏ।

ਰਾਜ ਪ੍ਰਬੰਧ 40 ਸਾਲ ਤਕ ਪੂਰੇ ਜ਼ੋਰ ਅਤੇ ਨਿਆਇ-ਇਨਸਾਫ ਵਾਲਾ ਚਲਾਇਆ। ਇਸ ਦੌਰਾਨ, ਹਿੰਦੂਆਂ, ਸਿੱਖਾਂ, ਮੁਸਲਮਾਨਾਂ ਨੂੰ ਰਾਜ਼ੀ ਰਖਿਆ। ਇਸ ਦੌਰਾਨ ਵੱਡੀ ਗੱਲ ਇਹ ਹੋਈ ਕਿ ਸਿੱਖ ਮਰਿਆਦਾ ਵਲੋਂ ਬੇ-ਪ੍ਰਵਾਹੀਆਂ ਵਰਤਣ ਦੀ ਭੁਲ ਵਧੇਰੇ ਹੀ ਵੱਧ ਗਈ। ਕੰਵਰ ਨੌ ਨਿਹਾਲ ਸਿੰਘ ਦਾ ਬ੍ਰਾਹਮਣੀ ਰੀਤ ਨਾਲ ਇਕ ਅਜਿਹਾ ਖਰਚੀਲਾ ਵਿਆਹ ਸੀ, ਜਿਸ ਦੀ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ। ਸਿੱਖ ਜਥੇਬੰਦੀ ਦਾ ਮੂਲ ਆਧਾਰ ਜਿਸ ਦਾ ਸਭ ਦੇ ਸਿਰ ਉਤੇ ਅੰਕੁਸ਼ ਸੀ, 'ਗੁਰਮਤਾ' ਕਰਨ ਦੀ ਪ੍ਰਥਾ ਹੀ ਖਤਮ ਕਰ ਦਿੱਤੀ। ਉਘੀਆਂ ਵੇਸ਼ਵਾਵਾਂ, ਮੋਰਾਂ ਜਿਹੀਆਂ ਰਾਜ ਦਰਬਾਰ ਦੀ ਸ਼ੋਭਾ ਬਣੀਆਂ। ਜਿਵੇਂ ਕੁਝ ਉਦਾਰ ਲੋਕ ਕਹਿੰਦੇ ਹਨ, ਠੀਕ ਹੈ ਜਦੋਂ ਰਾਜ ਦਾ ਬਲ ਹੁੰਦਾ ਹੈ, ਰਾਜਿਆਂ ਮਹਾਰਾਜਿਆਂ ਦੇ ਰਾਜਸੀ ਚੋਜ ਵੀ ਵਧਦੇ ਹਨ, ਰਾਜਾ ਨਿਹਕਲੰਕ ਜੁ ਹੁੰਦਾ ਹੈ। ਪਰ ਆਪਣੇ ਧਰਮ ਦੀ ਕੁਝ ਕੁ ਜ਼ਿੰਮੇਵਾਰੀ ਤਾਂ ਸਮਝੇ।

Sri Satguru Jagjit Singh Ji eLibrary NamdhariElibrary@gmail.com

ਸਿੱਖ ਧਰਮ ਦੀ ਪੰਥ ਲਈ ਕਿਸੇ ਕਿਸਮ ਦੀ ਵਰਨਣਯੋਗ ਉਸਾਰੂ ਕਾਰਗੁਜ਼ਾਰੀ ਹਾਲਾਂ ਤਕ ਇਸ ਰਾਜ ਕਾਲ ਦੇ ਸਮੇਂ ਦੀ ਨਿਗਾਹ ਵਿਚ ਨਹੀਂ ਆਈ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਜਥੇਬੰਦੀ ਇਸ ਵੇਲੇ ਖ਼ਤਮ ਹੋ ਚੁਕੀ ਸੀ। ਰਾਜ ਪ੍ਰਬੰਧ ਕੇਵਲ ਘਰੋਗੀ ਤੇ ਖ਼ਾਨਦਾਨੀ ਬਣ ਜਾਣ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿਚ ਹੀ ਆਪਸ ਵਿਚ ਅਜਿਹੀ ਭਿਆਨਕ ਖਾਨਾ ਜੰਗੀ ਮੱਚੀ ਕਿ ਸਮੇਤ ਰਾਜ ਦੇ ਸਾਰਾ ਖਾਨਦਾਨ ਟੋਟੇ ਟੋਟੇ ਹੋ ਗਿਆ। ਇਕ ਰਾਣੀ ਦੇ ਰਿਸ਼ਤੇਦਾਰ, ਦੂਜੀ ਦੇ ਰਿਸ਼ਤੇਦਾਰ ਨੂੰ ਮਾਰ ਕੇ ਬਦਲੇ ਲੈਣ ਲਈ ਗੋਲੀਆਂ ਚਲਾਉਣ ਲਗੇ। ਉਹ ਤਲਵਾਰ ਚਲੀ ਤੇ ਅਜਿਹੇ ਭਿਆਨਕ ਖੂਨੀ ਕਾਂਡ ਹੋਏ ਕਿ ਕੋਈ ਹਸਤੀ ਉਸਨੂੰ ਠੱਲ੍ਹ ਨਾ ਪਾ ਸਕੀ। ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ, ਸ਼ੇਰ ਸਿੰਘ, ਦੂਜੇ ਪੁੱਤਰ ਤੇ ਪੋਤਰੇ ਕੰਵਰ ਨੌ ਨਿਹਾਲ ਸਿੰਘ ਜਿਹੇ ਦਿਨਾਂ ਵਿਚ ਮੌਤ ਦਾ ਗ੍ਰਾਸ ਬਣ ਗਏ। ਇਸ ਖਾਨਾਜੰਗੀ ਨੂੰ ਤੇਜ਼ ਕਰਨ ਲਈ, ਖ਼ਾਲਸਾ ਦਰਬਾਰ ਦੇ ਮਹੱਲ ਦੀਆਂ ਕੰਧਾਂ ਤੋੜਨ ਲਈ ਡੋਗਰੇ ਵਜ਼ੀਰਾਂ ਨੇ ਵੱਧ ਚੜ੍ਹ ਕੇ ਖ਼ੂਨ ਨਾਲ ਹੱਥ ਰੰਗੇ। ਨਾਲ ਹੀ ਲਾਹੌਰ ਦਰਬਾਰ ਦਾ ਖਜ਼ਾਨਾ ਦੋਵੇਂ ਹੱਥੀਂ ਲੁਟਿਆ। ਫਿਰ ਅੰਗਰੇਜ਼ ਤੋਂ ਮਨਮਰਜ਼ੀ ਦੇ ਮੁੱਲ ਦੇ ਕੇ ਕਸ਼ਮੀਰ ਨੂੰ ਖਰੀਦ ਕੇ ਏਥੇ ਆਪਣਾ ਰਾਜ ਥਾਪ ਲਿਆ।

ਅਜਿਹੀ ਅਵਸਥਾ ਵਿਚ ਅੰਗਰੇਜ਼, ਜੋ ਸਤਲੁਜ ਦੇ ਕੰਢੇ ਲੁਧਿਆਣੇ ਛਾਉਣੀ ਬਣਾ ਕੇ ਸਮੇਂ ਦੀ ਭਾਲ ਵਿਚ ਬੈਠੇ ਸਨ, ਪਹਿਲਾਂ ਲਾਹੌਰ ਦਰਬਾਰ ਦੀ ਬਦ-ਅਮਨੀ ਦੂਰ ਕਰਨ ਲਈ ਮਦਦ ਲਈ ਪੁਜੇ ਤੇ ਫਿਰ ਛੇਤੀ ਹੀ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਕੋਹਿਨੂਰ ਹੀਰੇ ਸਮੇਤ ਇੰਗਲੈਂਡ ਪਹੁੰਚਾ ਦਿਤਾ, ਉਸਦੀ ਮਾਂ ਕੈਦ ਕਰ ਦਿਤੀ। ਸਿੱਖਾਂ ਦੇ ਮਹਾਰਾਜਾ ਨੂੰ ਈਸਾਈ ਬਣਾ ਲੈਣਾ ਛੋਟੀ ਜਿਹੀ ਸੱਟ ਨਹੀਂ ਸੀ। ਅੰਗਰੇਜ਼ਾਂ ਨੇ ਕੁਝ ਵਰ੍ਹਿਆਂ ਵਿਚ ਹੀ ਲਾਹੌਰ ਦਰਬਾਰ ਉਤੇ ਕਬਜ਼ਾ ਜਮਾਇਆ। ਜਿਥੇ-ਜਿਥੇ ਸਿੱਖ ਫ਼ੌਜ ਨੇ ਅੰਗਰੇਜ਼ ਰਾਜ ਦੀ ਸਥਾਪਤੀ ਵਿਰੁਧ ਬਗ਼ਾਵਤ ਕੀਤੀ, ਉਨ੍ਹਾਂ ਸਾਰੀਆਂ ਸਿੱਖ ਫ਼ੌਜਾਂ ਤੇ ਬਾਗ਼ੀਆਂ ਨੂੰ ਦਬਾ ਦਿੱਤਾ। ਜਿਸ ਉਤੇ ਸ਼ਾਹ ਮੁਹੰਮਦ ਜਿਹੇ ਵੀ ਕੀਰਨੇ ਪਾ ਉਠੇ। ਲਾਹੌਰ ਦਰਬਾਰ ਦਾ ਖ਼ਾਲਸਾ ਦਰਬਾਰ ਹੁਣ ਮਲਕਾ ਵਿਕਟੋਰੀਆ ਦਾ ਰਾਜ ਤੇ ਦਰਬਾਰ ਬਣ ਗਿਆ। ਨਾਨਕਸ਼ਾਹੀ ਸਿੱਕੇ ਦੀ ਥਾਂ ਮਲਕਾ ਵਿਕਟੋਰੀਆ ਦਾ ਸਿੱਕਾ ਚਾਲੂ ਹੋ ਗਿਆ। ਕੰਪਨੀ ਸਰਕਾਰ ਦਾ ਹੁਕਮ ਚਲਣ ਲਗਿਆ।

ਦਿਨਾਂ ਵਿਚ ਹੀ ਸਿੱਖਾਂ ਦੀ ਗਿਣਤੀ ਸਵਾ ਕਰੋੜ ਤੋਂ ਘਟ ਕੇ 25 ਲੱਖ ਦੇ ਕਰੀਬ ਰਹਿ ਗਈ। ਦਿਨੋ ਦਿਨ ਖੁਰ ਰਹੀ ਸਿੱਖੀ ਦੀ ਹਸਤੀ ਨੂੰ, ਜਿਨ੍ਹਾਂ ਪੰਥ ਦਰਦੀਆਂ ਨੇ ਉਸ ਵੇਲੇ ਮੈਦਾਨ ਵਿਚ ਆ ਕੇ ਸੰਭਾਲਿਆ, ਉਹ ਸਿੰਘ ਸਭਾ ਲਹਿਰ ਦੇ ਸੇਵਕ ਮਰਜੀਵੜੇ ਸਨ, ਜਿਨ੍ਹਾਂ ਨੇ ਸਿੱਖੀ ਨੂੰ ਪੁਨਰ ਜਾਗ੍ਰਤੀ ਅਤੇ ਗੁਰਮਤੀ ਜੀਵਨ ਨਾਲ ਜੋੜਿਆ। ਉਸ ਵੇਲੇ ਜਿਸ ਕਿਸੇ ਦੀ ਵਿਧੀ ਅਤੇ ਜੁਗਤ ਨਾਲ ਦੁਨੀਆਂ ਵਿਚ

Sri Satguru Jagjit Singh Ji eLibrary NamdhariElibrary@gmail.com

ਜਥੇਬੰਦੀਆਂ ਤੇ ਸੰਸਥਾਵਾਂ ਬਣ ਰਹੀਆਂ ਸਨ। ਉਨ੍ਹਾਂ ਅਸੂਲਾਂ ਉਤੇ ਹੀ ਇਕ ਸੰਸਥਾ ਸਿੰਘ ਸਭਾ ਬਣਾਈ ਗਈ, ਜਿਸ ਦੇ ਇਕ ਪੱਖ ਉਤੇ ਪੁਜਾਰੀਆਂ ਤੇ ਗੁਰੂ ਕਿਆਂ ਕਥਿਤ ਸਾਹਿਬਜ਼ਾਦਿਆਂ ਦਾ ਪ੍ਰਭਾਵ ਭਾਰੂ ਰਿਹਾ। ਦੂਜਾ ਸੁਧਾਰਕ ਸਿੱਖਾਂ ਦਾ ਜੱਥਾ ਅਖਬਾਰਾਂ, ਪੈਂਫਲਿਟਾਂ, ਦੀਵਾਨਾਂ, ਸਮਾਗਮਾਂ ਰਾਹੀਂ ਛੇਤੀ ਹੀ ਨਿਖਰ ਕੇ ਸਾਹਮਣੇ ਆ ਗਿਆ। ਪੁਜਾਰੀਵਾਦ ਤੇ ਗੁਰੂ ਡੰਮ ਸ਼ਕਤੀਆਂ ਪਿਛੇ ਧਕੇਲ ਕੇ ਗੁਰਮਤਿ ਦੇ ਨਿਯਮਾਂ, ਅਸੂਲਾਂ ਨੂੰ ਪ੍ਰਮੁੱਖਤਾ ਦਿੱਤੀ ਜਾਣ ਲਗੀ। ਗੁਰਬਾਣੀ ਦੇ ਉਪਦੇਸ਼ਾਂ ਦੇ ਚਾਨਣੇ ਦੀ ਲੋਅ ਥਾਂ ਥਾਂ ਫੈਲਾਈ। ਵਿੱਦਿਆ ਪ੍ਰਚਾਰ, ਗੁਰਮਤਿ ਪ੍ਰਚਾਰ, ਰਹਿਤ ਮਰਿਆਦਾ, ਅਨੰਦ ਕਾਰਜ, ਬੁੱਤ ਪ੍ਰਸਤੀ, ਵਹਿਮਾਂ ਭਰਮਾਂ, ਵਿਰੁੱਧ ਹੱਲਾ ਬੋਲਿਆ। ਦੁਰਗਾ ਪੂਜਾ, ਦੇਵੀ ਦੇਵ ਪ੍ਰਸਤੀ, ਬੀਬੜੀਆਂ ਤੇ ਮੜ੍ਹੀਆਂ ਨੂੰ ਮੰਨਣ ਤੋਂ ਮਨ੍ਹਾ ਕੀਤਾ। ਸੁਲਤਾਨੀਏ ਹੈਦਰ ਸ਼ੇਖ ਦੇ ਸਿੱਖਾਂ, ਪੀਰਾਂ, ਫਕੀਰਾਂ, ਮੜ੍ਹੀਆਂ, ਮਸਾਣ ਪੂਜਣ ਵਿਰੁੱਧ ਨਾਮਧਾਰੀ ਵੀ ਸਹਾਈ ਹੋਏ। ਕਬਰ ਪੂਜਾ ਤੇ ਪੱਥਰ ਨੂੰ ਛੱਡ ਕੇ ਗਿਆਨ ਪੁੰਜ ਸ਼ਬਦ ਗੁਰੂ ਦੇ ਲੜ ਲਾਇਆ। ਗੁਰਮਤਿ ਗਿਆਨ ਦੇ ਚਾਨਣੇ ਵਿਚ ਅਨੇਕਾਂ ਹਨੇਰੇ ਹਟਾਏ। ਕਿਉਂਕਿ ਇਹ ਸੱਜਣ ਗੁਰਮਤਿ ਦੇ ਉਪਦੇਸ਼ਾਂ ਅਨੁਸਾਰ ਹਰ ਮੈਦਾਨ ਵਿਚ ਸੁਧਾਰ ਚਾਹੁੰਦੇ ਸਨ, ਨਿਸ਼ਕਾਮ ਪ੍ਰਚਾਰ ਕਰਦੇ ਸਨ। ਇਸਦਾ ਵੱਡਾ ਪ੍ਰਤੀਕਰਮ ਗੁਰਦੁਆਰਿਆਂ ਵਿਚੋਂ ਪੁਜਾਰੀਵਾਦ ਖ਼ਾਤਮੇ ਲਈ ਲਹਿਰ ਉਠੀ। ਗੁਰਧਾਮਾਂ ਦੇ ਸੁਧਾਰ ਦਾ ਮਸਲਾ ਸਾਹਮਣੇ ਆਇਆ। ਪੁਜਾਰੀਆਂ ਦੀਆਂ ਕੁਰੀਤੀਆਂ ਭੰਡੀਆਂ ਜਾਣ ਲੱਗੀਆਂ। ਗੁਰਦੁਆਰਾ ਸੁਧਾਰ ਇਕ ਲਹਿਰ ਬਣ ਗਈ, ਜਿਸ ਵਿਚ ਸਿੱਖ ਜਨ-ਸਮੂਹ ਨੇ ਵਰਨਣਯੋਗ ਕਾਰਨਾਮੇ ਕੀਤੇ, ਕੁਰਬਾਨੀਆਂ ਨਾਲ ਪੁਰਾਣੇ ਸਾਕੇ ਦੁਹਰਾ ਦਿੱਤੇ।

ਇਸ ਪਿਛੋਂ ਜੋ ਹਾਲਾਤ ਵਾਪਰੇ, ਉਹ ਇਸੇ ਪਰਚੇ ਵਿੱਚ ਗਿਆਨੀ ਨਾਹਰ ਸਿੰਘ ਗੁੱਜਰਵਾਲ ਦੇ ਲੇਖ,'ਪੰਥਕ ਜਥੇਬੰਦੀਆਂ' ਵਿਚ ਆਪ ਪੜ੍ਹੋਗੇ। ਗਿਆਨੀ ਨਾਹਰ ਸਿੰਘ ਦੀ ਇਹ ਲਿਖਤ ਉਸ ਜ਼ਮਾਨੇ ਦੇ ਇਕ ਚੇਤੰਨ ਸੰਪਾਦਕ ਤੇ ਨਿਰਪੱਖ ਪੰਥ ਸੇਵਕ ਦੀ ਲਿਖਤ ਹੈ। ਹੋਰ ਵੀ ਬਹੁਤ ਕੁਝ ਵਾਪਰਿਆ ਜੋ ਇਸ ਲੇਖ ਵਿਚ ਸਮਾ ਨਹੀਂ ਸਕਦਾ। (ਵਖਰੇ ਲੇਖ ਦੀ ਲੋੜ ਹੈ) ਗਿਆਨੀ ਨਾਹਰ ਸਿੰਘ ਜੀ ਦਾ ਇਹ ਲੇਖ ਪੜ੍ਹਨ ਯੋਗ ਹੈ। ਪਿਛਲੇ ਦਹਾਕੇ ਦੇ ਹਾਲਾਤ ਤੇ ਇਸ ਵੇਲੇ ਦੇ ਹਾਲਾਤਾਂ ਬਾਰੇ ਕੁਝ ਕਹਿਣਾ ਸੌਖਾ ਨਹੀਂ ਕਿ ਜੋ ਕੁਝ ਪਿਛਲੇ ਦਸਾਂ ਸਾਲਾਂ ਵਿਚ ਪਰਤਿਆ। ਉਸਦੇ ਭੈੜੇ ਨਤੀਜੇ ਭੁਗਤ ਰਹੇ ਹਾਂ। ਹਾਲੇ ਪਤਾ ਨਹੀਂ, ਹੋਰ ਕਿਤਨੇ ਚਿਰ ਉਲਝੇ ਰਹੀਏ।

ਜਿਸ ਕਾਰਨ ਸਿੱਖਾਂ ਦੀ ਵਿੱਧੀ ਗੁਰ ਮਰਿਆਦਾ ਦਾ ਘਾਣ ਹੋਇਆ, ਇਹ ਇਕ ਵੱਖਰਾ ਦੁਖਦਾਈ ਕਾਂਡ ਹੈ। ਸ੍ਰੀ ਦਰਬਾਰ ਸਾਹਿਬ ਦਾ ਅਪਮਾਨ, ਸ੍ਰੀ ਅਕਾਲ ਤਖਤ ਦਾ ਢਾਹਿਆ ਜਾਣਾ, ਸਰੋਵਰ ਦਾ ਮਹਾਨ ਅਪਮਾਨ, ਕਦੇ ਭੀ ਨਾ ਭੁਲਾਏ

Sri Satguru Jagjit Singh Ji eLibrary NamdhariElibrary@gmail.com

ਜਾਣ ਵਾਲੇ ਦੁਖਦਾਈ ਹਾਲਾਤ ਹਨ। ਸਭ ਤੋਂ ਵਧੇਰੇ ਪੰਥਕ ਮਰਿਆਦਾ ਦੀ ਹਾਨੀ ਦਾ ਨਾ ਪੂਰਾ ਹੋਣ ਵਾਲਾ ਘਾਟਾ ਹੈ, ਜੋ ਭਿਆਨਕ ਘਟਨਾਵਾਂ ਪਿਛਲੇ ਦਹਾਕੇ ਵਿਚ ਵਰਤੀਆਂ, ਇਨ੍ਹਾਂ ਸਬੰਧੀ ਕਈ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ ਤੇ ਕਈ ਲਿਖ ਰਹੇ ਹਨ, ਕਈ ਲਿਖਣਗੇ। ਜੋ ਇਸ ਸਮੇਂ ਸਾਡੇ ਸਾਹਮਣੇ ਵਰਤਮਾਨ ਹਾਲਾਤ ਹਨ, ਸਭ ਤੋਂ ਵੱਧ ਧਿਆਨ ਇਹ ਮੰਗਦੇ ਹਨ। ਹਾਲਾਤ ਇਕ ਘੋਰ ਸੰਕਟ ਤੋਂ ਘੱਟ ਨਹੀਂ।

ਸ੍ਰੀ ਅਕਾਲ ਤਖ਼ਤ ਸਾਹਿਬ ਭਾਰਤੀ ਫੌਜ ਨੇ ਢਾਹਿਆ ਹੈ। ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਸਾਡੇ ਅਪਣਿਆਂ ਨੇ ਢਾਹੀ ਹੈ, ਜਿਸਨੂੰ ਮਿਲਵੇਂ ਯਤਨਾਂ ਤੇ ਵਿਚਾਰਾਂ ਨਾਲ ਪੰਥਕ ਪ੍ਰਤੀਨਿਧਾਂ ਨੇ ਬਣਾਇਆ ਸੀ। ਪੰਥਕ ਮਰਿਆਦਾ, ਸਮੂਹ ਪੰਥਕ ਪ੍ਰਤੀਨਿਧ ਦੀਆਂ ਰਾਵਾਂ, ਇਤਿਹਾਸ ਤੇ ਪਰੰਪਰਾ ਦੇ ਮੇਲ ਨਾਲ ਬਣਾਈ ਗਈ ਸੀ। ਕਿਸੇ ਡੇਰੇ, ਜੱਥੇ, ਸੰਪ੍ਰਦਾਇ ਜਾਂ ਕਿਸੇ ਭਾਂਤ ਦੇ ਠਾਠੇ ਬਾਗੇ ਵਾਲਿਆਂ ਦੀ ਮਰਿਆਦਾ ਪੰਥਕ ਨਹੀਂ ਹੋ ਸਕਦੀ। ਉਹ ਉਨ੍ਹਾਂ ਦੀ ਆਪਣੀ ਹੀ ਹੁੰਦੀ ਹੈ।

ਪੰਥ ਦੀ ਮਰਿਆਦਾ ਸਾਂਝੀ ਹੁੰਦੀ ਹੈ। ਜੇ ਪੰਥ ਦੀ ਇਕ ਮਰਿਆਦਾ ਨਹੀਂ, ਫਿਰ ਪੰਥ ਕਿਸ ਚੀਜ਼ ਦਾ ਨਾਮ ਹੋਇਆ ? ਸਾਹਮਣੇ ਖ਼ਾਲਸਾ ਜੀ ਦਾ ਤਿੰਨ ਸੌ ਸਾਲਾ ਮਹਾਉਤਸਵ ਹੈ। ਲੋੜ ਹੈ ਸਿੱਖਾਂ ਵਿਚ ਸਮੂਹਿਕ ਏਕਤਾ ਹੋਵੇ, ਏਕਤਾ ਦੇ ਬਲ ਨਾਲ ਖ਼ਾਲਸਾ ਜੀ ਦੇ ਕਾਰਜ ਰਾਸ ਹੋਣ, ਧਰਮ ਪ੍ਰਚਾਰ ਦਾ ਪ੍ਰਭਾਵ ਦੁਨੀਆਂ ਭਰ ਵਿਚ ਵਧੇ। ਉਹ ਤਦੋਂ ਹੀ ਹੋ ਸਕਦਾ ਹੈ ਜੇ ਅਸੀਂ ਪ੍ਰਪੱਕ ਵਿਚਾਰਾਂ ਵਾਲੀ ਪ੍ਰਚਾਰ ਮੁਹਿੰਮ ਚਲਾਈਏ, ਭਾਸ਼ਨ ਅਤੇ ਪੁਸਤਕਾਂ ਤੇ ਲੇਖ ਸੰਗਤਾਂ ਤਕ ਪਹੁੰਚਾਈਏ, ਵੱਧ ਤੋਂ ਵੱਧ ਜਾਣਕਾਰੀ, ਥੋੜ੍ਹੇ ਸਮੇਂ ਵਿਚ ਦੇਈਏ। ਗੁਰਮਤਿ ਮਰਿਆਦਾ ਤੇ ਇਤਿਹਾਸਕ ਪੱਖਾਂ ਨੂੰ ਜਾਣੀਏ।

ਇਸ ਪਾਸੇ ਤਿਲ ਫੁਲ ਦੀ ਸੇਵਾ ਲਈ 'ਸਿੰਘ ਸਭਾ ਪੱਤ੍ਰਿਕਾ' ਦੇ ਪਿਛਲੇ ਦੋ ਤਿੰਨ ਅੰਕ ਕੱਢੇ ਗਏ ਹਨ, ਗੁਰਬਾਣੀ ਦਾ ਸ਼ੁੱਧ ਉਚਾਰਣ, ਘਲੂਘਾਰਿਆਂ ਦਾ ਇਤਿਹਾਸ, 'ਇਨ ਗਰੀਬ ਸਿਖਨ ਕਉ ਦੇਉ ਪਾਤਸ਼ਾਹੀ।' 'ਮਹੱਲਾ ਸ਼ਬਦ' ਦੀ ਸ਼ੁਧ ਉਚਾਰਣ ਜੋ ਇਕ ਪੁਸਤਕ ਰੂਪ ਵਿਚ ਤਿਆਰ ਹੈ ਤੇ ਛੇਤੀ ਪਾਠਕਾਂ ਦੇ ਹੱਥ ਵਿਚ ਪੁੱਜਣ ਵਾਲੀ ਹੈ।

ਇਸ ਪੁਸਤਕ ਵਿਚ ਜਥੇਬੰਦੀ ਤੇ ਕਈ ਪਹਿਲੂਆਂ ਉਤੇ ਲੱਭੇ ਉਘੇ ਵਿਦਵਾਨਾਂ ਦੇ ਪੁਰਾਣੇ ਵਿਚਾਰਵਾਨਾਂ ਦੇ ਲੇਖ ਦਿੱਤੇ ਹਨ ਜਿਨ੍ਹਾਂ ਵਿਚੋਂ ਲਿਖਾਰੀਆਂ ਨੇ ਕਈ ਪੱਖਾਂ ਨੂੰ ਵਿਚਾਰਿਆ ਹੈ। ਸਾਰੀਆਂ ਗੱਲਾਂ ਨਾਲ ਸਹਿਮਤੀ ਹੋਣ ਦੀ ਗੱਲ ਇਕ ਪਾਸੇ ਰੱਖ ਕੇ, ਜਿਨ੍ਹਾਂ ਵਿਦਵਾਨਾਂ ਦੇ ਲੇਖਾਂ ਵਿਚ ਕੁਝ ਪੱਖ ਭੀ ਕੰਮ ਦੇ ਹਨ, ਉਹ ਗ੍ਰਹਿਣ ਕਰਨ

Sri Satguru Jagjit Singh Ji eLibrary NamdhariElibrary@gmail.com

ਯੋਗ ਹਨ ! ਵਿਦਵਾਨਾਂ ਨੇ ਸਮੇਂ ਸਮੇਂ ਆਪੋ ਆਪਣੇ ਨਜ਼ਰੀਏ ਤੋਂ ਲੇਖ ਲਿਖੇ ਹਨ । ਜਿਸ ਰੂਪ ਵਿਚ ਭੀ ਹਨ । ਇਕ ਸੋਚ ਕਾਰਨ ਹਨ ਕਿ ਜਥੇਬੰਦੀ ਦੀ ਸ਼ਕਤੀ ਦੀ ਲੋਚਾ ਸਭ ਵਿਚ ਪ੍ਰਬਲ ਹੈ ।

ਕੇਂਦਰੀ ਸਿੰਘ ਸਭਾ ਅਕਾਦਮੀ ਗਿਆਨੀ ਗੁਰਦਿੱਤ ਸਿੰਘ
ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ
ਸੈਕਟਰ 28, ਚੰਡੀਗੜ੍ਹ

Sri Satguru Jagjit Singh Ji eLibrary NamdhariElibrary@gmail.com

# ਜਥੇਬੰਦੀ

ਭਾਈ ਜੋਧ ਸਿੰਘ ਐਮ.ਏ.

ਅੰਗਰੇਜ਼ਾਂ ਦੇ ਸਾਡੇ ਦੇਸ਼ ਪਰ ਵਸ ਪਾ ਲੈਣ ਪਿਛੋਂ ਇਥੇ ਹੇਰ ਫੇਰ ਹੋਏ ਹਨ। ਸਚ ਹੈ ਅਸਾਂ ਪਹਿਲੇ ਬਹੁਤ ਚਿਰ ਤਕ ਅਮਨ ਚੈਨ ਦਾ ਸਮਾਂ ਬਹੁਤ ਘਟ ਦੇਖਿਆ ਸੀ। ਜਦੋਂ ਹਿੰਦੂਆਂ ਦਾ ਰਾਜ ਗਿਆ ਅਤੇ ਮੁਸਲਮਾਨਾਂ ਨੇ ਆ ਡੇਰੇ ਲਾਏ। ਬਹੁਤ ਸਮੇਂ ਤਕ ਤਾਂ ਹਿੰਦੂ ਉਨ੍ਹਾਂ ਨੂੰ ਇਥੋਂ ਕਢਣ ਦੇ ਯਤਨ ਵਿਚ ਹੀ ਲਗੇ ਰਹੇ। ਹਿੰਦੂ ਗਿਰ ਤਾਂ ਬਹੁਤ ਗਏ ਸਨ, ਪਰ ਫਿਰ ਵੀ ਉਨ੍ਹਾਂ ਦੀਆਂ ਲੜਾਕੀਆਂ ਕੌਮਾਂ, ਰਾਜਪੂਤ ਆਦਿਕਾਂ ਦਾ ਵਸ ਕਰ ਲੈਣਾ ਕੋਈ ਸੌਖਾ ਕੰਮ ਨਹੀਂ ਸੀ। ਢੇਰ ਚਿਰ ਆਪਸ ਵਿਚ ਦੰਗਾ ਫਸਾਦ ਰਿਹਾ। ਛੇਕੜ ਜਦ ਅਕਬਰ ਵਰਗੇ ਮੇਲੀ ਅਤੇ ਸਿਆਣੇ ਰਾਜਿਆਂ ਦੀ ਨੀਤੀ ਨੇ ਕੁਛ ਠਾਹਰ ਪਾਈ ਅਤੇ ਕੁਝ ਚਿਰ ਅਮਨ ਦਾ ਬੀਤਿਆ ਤਾਂ ਉਸ ਦੇ ਪੁੱਤਰ ਪੋਤਰਿਆਂ ਨੇ ਅਤਿਆਚਾਰ ਅਰੰਭਿਆ। ਔਰੰਗਜ਼ੇਬ ਦੇ ਸਮੇਂ ਤਾਂ ਜ਼ੁਲਮ ਦੀ ਹੱਦ ਹੋ ਗਈ ਅਤੇ ਰਾਜਪੂਤ ਅਤੇ ਮਰਹਟਿਆਂ ਦੀ ਬੁੱਝੀ ਹੋਈ ਅੱਗ ਫਿਰ ਸੁਲਘ ਪਈ। ਇਧਰ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਿਰਭੈ ਸ਼ੇਰਾਂ ਨੇ ਨਿਸ਼ਾਨ ਸਾਹਿਬ ਉਚਾ ਕੀਤਾ। ਮੁਸਲਮਾਨੀ ਰਾਜ ਨਿਰਬਲ ਹੋ ਗਿਆ। ਪਰ ਆਪਸ ਦੀ ਆਪਾ ਧਾਪੀ ਪੈ ਗਈ। ਸਾਨੂੰ ਹੋਰਨਾਂ ਨਾਲ ਕੀ ਪਰਯੋਜਨ, ਅਸੀਂ ਆਪਣੀ ਗਲ ਕਰਦੇ ਹਾਂ। ਖ਼ਾਲਸਾ ਜੀ ਗੁਰੂ ਜੀ ਦੇ ਦਸੇ ਹੋਏ ਉਚੇ ਅਸੂਲਾਂ ਤੋਂ ਡਿਗ ਪਏ। ਗੁਰੂ ਜੀ ਦਾ ਬੀਜਿਆ ਹੋਇਆ ਬੀਜ ਜ਼ੋਰ ਵਾਲਾ ਸੀ ਪਰ ਖੇਤ ਨਿਰਬਲ ਉਗਿਆ, ਥੋੜ੍ਹੇ ਚਿਰ ਲਹਿਲਹਾਇਆ ਪਰ ਇਕ ਦੂਜੇ ਦੇ ਸਾੜੇ ਤੇਜ ਧੁਪ ਪਈ, ਆਪਸ ਦੇ ਵਿਚ ਮਿਲਾਪ ਦਾ ਅੰਮ੍ਰਿਤ ਵਸਣੋਂ ਹਟ ਗਿਆ ਅਤੇ ਉਗਦੇ ਹੀ ਬੂਟਾ ਠਠਰ ਗਿਆ ਅਤੇ ਛੇਕੜ ਕੁਮਲਾ ਗਿਆ। ਜੋ ਤੇਗਾਂ ਦੇਸ਼ ਦੇ ਵੈਰੀਆਂ ਅਤੇ ਜ਼ਾਲਮਾਂ ਦੇ ਖੂਨ ਵਿਚ ਰੰਗੀਆਂ ਜਾਂਦੀਆਂ ਸਨ ਉਹ ਆਪਣੇ ਭਰਾਵਾਂ ਦੇ ਆਹੂ ਲਾਹਨ ਲਗ ਪਈਆਂ, ਬਸ ਫਿਰ ਕੀ ਸੀ, ਗੁਰੂ ਜੀ ਦੇ ਉਪਦੇਸ਼ ਭੁਲੇ ਅਤੇ ਖ਼ਾਲਸੇ ਦਾ ਬਲ ਹਰਨ ਹੋਇਆ।

ਮਹਾਰਾਜਾ ਰਣਜੀਤ ਸਿੰਘ ਗੁਰਪੁਰੀ ਸਿਧਾਰ ਗਿਆ। ਖ਼ਾਲਸੇ ਦੀਆਂ ਵਾਗਾਂ ਢਿੱਲੀਆ ਹੋ ਕੇ ਅੰਤ ਨੂੰ ਉਕੀਆਂ ਹੀ ਟੁੱਟ ਗਈਆਂ।

ਬੇ-ਲਗਾਮੇ ਦਲ ਨੇ ਆਪਣੇ ਦੋਸਤਾਂ ਪਰ ਚੱਕ ਹੱਲਾ ਕੀਤਾ। ਧਰਮ ਤਾਂ ਅਗੇ ਹੀ ਉਡ ਗਿਆ ਸੀ ਹੁਣ ਏਸ਼ਵਰਜ ਭੀ ਗਿਆ। ਜਿਵੇਂ ਹਰ ਕੰਮ ਦੁਨੀਆਂ ਵਿਚ ਵਾਹਿਗੁਰੂ ਦੀ ਪਰੇਰਨਾ ਨਾਲ ਹੁੰਦਾ ਹੈ, ਸਾਡੇ ਵਾਸਤੇ ਚੰਗਾ ਹੀ ਹੋਇਆ। ਕਿਉਂ ਜੋ ਸਾਨੂੰ ਆਪਣੀਆਂ ਭੁਲਾਂ ਦੇਖਣ ਦਾ ਸਮਾਂ ਲੱਭ ਗਿਆ। ਸਾਡੇ ਭੁਜਾਂ ਦੇ ਬਲ ਨੇ ਸਾਡੇ ਮਨ ਵਿਚ ਏਹ ਖਿਆਲ ਪਾ ਦਿਤਾ ਕਿ ਅਸੀਂ ਅਭੁਲ ਹਾਂ, ਗੁਰਵਾਕ ਦੇ ਉਲਟ (ਭੁਲਣ ਅੰਦਰ ਸਭ ਕੋ, ਅਭੁਲ ਗੁਰੂ ਕਰਤਾਰ) ਅਸੀਂ ਏਹ ਮੰਨਣ ਲਗ ਪਏ ਸਾਂ ਕਿ ਅਸੀਂ ਟਪਲਾ ਖਾ ਹੀ ਨਹੀਂ ਸਕਦੇ, ਪਰ ਮੂੰਹ ਤੇ ਵੱਜੀ ਚਪੇੜ ਨੇ ਹੋਸ਼ ਲਿਆਂਦੀ ਅਤੇ ਸਾਰੀ ਗ਼ਲਤੀ ਦਿੱਸਣ ਲਗ ਪਈ।

ਕੁਝ ਚਿਰ ਤਾਂ ਰਾਜ ਦੇ ਜਾਣ ਦੇ ਸ਼ੋਕ ਵਿਚ ਹੀ ਬੀਤਿਆ। ਨਾਲ ਦੀਆਂ ਸ਼੍ਰੇਣੀਆਂ ਨੇ ਸਮਾਂ ਨਾ ਜਾਣ ਦਿਤਾ ਅਤੇ ਨਵੇਂ ਰਾਜ ਦੀਆਂ ਬਰਕਤਾਂ ਤੋਂ ਲਾਭ ਉਠਾਇਆ। ਛੇਕੜ ਖ਼ਾਲਸੇ ਜੀ ਨੂੰ ਵੀ ਹੋਸ਼ ਆਈ। ਕਰਵਟ ਲੀਤੀ ਅਤੇ ਅਖ ਉਘੇੜੀ, ਆਪਣੀਆਂ ਪਿਛਲੀਆਂ ਕਰਨੀਆਂ ਤੇ ਨਜ਼ਰ ਮਾਰੀ ਤੇ ਹੁਣ ਦੀ ਹਾਲਤ ਵੀ ਡਿਠੀ, ਜ਼ਿਮੀ ਅਸਮਾਨ ਦਾ ਫਰਕ ਨਜ਼ਰੀਂ ਪਿਆ। ਸਿੱਖ ਘਾਬਰ ਗਿਆ ਅਤੇ ਹਫੜਾ ਦਫੜੀ ਵਿਚ ਲੱਗਾ ਹਥ ਪੈਰ ਮਾਰਨ। ਨਵੀਆਂ ਨਵੀਆਂ ਸਮਾਜਾਂ ਸੁਸਾਇਟੀ ਦੀਆਂ ਨਕਲਾਂ ਕਰਨ ਲੱਗਾ। ਸਿੱਟਾ ਉਲਟਾ ਨਿਕਲਿਆ। ਵਿਚਾਰੇ ਨੇ ਘਰ ਵੱਲ ਨਾ ਦੇਖਿਆ ਕਿ ਅਸੀਂ ਜੇ ਅਗੇ ਇਤਨੀ ਗਿਰੀ ਹੋਈ ਹਾਲਤ ਤੋਂ ਉਠ ਕੇ ਦੋ ਸੌ ਤੋਂ ਘਟ ਵਰ੍ਹਿਆਂ ਵਿਚ ਧਰਮੀ ਅਤੇ ਬਹਾਦਰ ਬਣ ਗਏ ਸਾਂ ਉਹ ਕਿਸ ਤਰ੍ਹਾਂ ਬਣੇ ਸਾਂ ? ਕਿਸ ਤਰ੍ਹਾਂ ਚਿੜੀਆਂ ਤੋਂ ਬਾਜ ਬਣੇ ਸਾਂ ? ਕਿੰਝ ਮਜਲੂਮਾਂ ਤੋਂ ਰੱਖਕ ਬਣੇ ਸਾਂ। ਖੈਰ ਕੁਝ ਚਿਰ ਨਾ ਵਤੀਰਾ ਸਾਂਭਿਆ, ਨਾ ਜਥੇਬੰਦੀ ਕੀਤੀ। ਕੀਤੀ ਤਾਂ ਸਹੀ ਪਰ ਚੱਲੇ ਕਿਵੇਂ, ਜਦੋਂ ਤਕ ਪੁਰਾਣੇ ਸਿੰਘਾਂ ਵਰਗੇ ਗੁਣ ਨਾ ਹੋਣ। ਸਿੰਘ ਸਭਾਵਾਂ ਬਣੀਆਂ ਦੀਵਾਨ ਬਣੇ ਅਤੇ ਚੀਫ ਖ਼ਾਲਸਾ ਦੀਵਾਨ ਉਪਜਿਆ ਪਰ ਸ਼ੇਰਾਂ ਦੇ ਰਾਹ ਪਰ ਤੁਰਨ ਲਈ ਸ਼ੇਰ ਹੀ ਲੋੜੀਂਦੇ ਹਨ। ਗਿਦੜ ਖ਼ਾਲਸਾ ਥਾਂ ਥਾਂ ਠੋਕਰਾਂ ਖਾਂਦਾ ਅਤੇ ਰੋਂਦਾ ਹੈ। 'ਨਾਚ ਨਾ ਜਾਣੇ ਵੇਹੜਾ ਵਿੰਗਾ'। ਭੁਲ ਆਪਣੀ, ਅਤੇ ਜਥੇਬੰਦੀ ਦੇ ਸਿਰ ਦੋਸ਼ ਦਿੰਦਾ ਸਮਾਂ ਕਟਦਾ ਰਿਹਾ ਹੈ। ਇਸ ਲਈ ਖ਼ਾਲਸਾ ਜੀ ਆਉ ਖਾਂ, ਕੁਝ ਵਿਚਾਰ ਜਥੇਬੰਦੀ ਪੁਰ ਕਰੀਏ, ਪਰ ਇਹ ਵੇਖੀਏ ਕਿ:-

(1) ਜਥੇਬੰਦੀ ਦਾ ਮੂਲ ਕੀ ਹੈ।

(2) ਜਿਨ੍ਹਾਂ ਬਰਾਦਰੀਆਂ ਵਿਚ ਇਹ ਚਲ ਸਕਦੀ ਹੈ ਉਨ੍ਹਾਂ ਵਿਚ ਕੀ ਗੁਣ ਹੋਣੇ ਚਾਹੀਦੇ ਹਨ।

(3) ਜਥੇਬੰਦੀ ਦਾ ਸਿੱਟਾ ਕੀ ਨਿਕਲਦਾ ਹੈ।

Sri Satguru Jagjit Singh Ji eLibrary NamdhariElibrary@gmail.com

ਇਹ ਤਿੰਨ ਮੋਟੇ ਹਿਸੇ ਕੀਤੇ ਹਨ । ਮੁੱਢ ਹੈ, ਤਣਾ ਤੇ ਫਲ । ਹੁਣ ਕ੍ਰਮ ਅਨੁਸਾਰ ਇਹਨਾਂ ਤੇ ਵਿਚਾਰ ਕਰਦੇ ਹਾਂ ।

1. **ਜਥੇਬੰਦੀ ਦਾ ਮੂਲ ਕੀ ਹੈ:-** ਸੁਭਾਵਕ ਹੀ ਪੁਰਸ਼ ਐਸਾ ਬਣਿਆ ਹੈ ਕਿ ਉਹ ਬਿਨਾਂ ਸਹਾਰੇ ਰਹਿ ਨਹੀਂ ਸਕਦਾ, ਇਕੱਲਾ ਉਸ ਕੋਲੋਂ ਆਪਣੇ ਸਰੀਰ ਦੀਆ ਲੋੜਾਂ ਪੂਰੀਆਂ ਹੋਣੀਆਂ ਕਠਨ ਹਨ । ਇਕੋ ਆਦਮੀ ਕਿਰਸਾਨ, ਜੁਲਾਹਾ, ਦਰਜੀ, ਮੋਚੀ, ਸੁਨਿਆਰੇ, ਲੁਹਾਰ ਆਦਿਕਾਂ ਦਾ ਕੰਮ ਨਹੀਂ ਕਰ ਸਕਦਾ । ਇਸ ਲਈ ਮੁਢ ਤੋਂ ਹੀ ਅੱਡ ਅੱਡ ਕੰਮ ਕਰਨ ਲਈ ਆਦਮੀਆਂ ਦੇ ਅਡੋ ਅੱਡ ਜਥੇ ਹੋ ਗਏ । ਕਈ ਆਦਮੀ ਮਿਲ ਕੇ ਇਕੋ ਕੰਮ ਨੂੰ ਧਿਆਨ ਦੇਣ ਲਗ ਪਏ ਅਤੇ ਸਿੱਟਾ ਇਹ ਨਿਕਲਿਆ ਕਿ ਉਸ ਕੰਮ ਨੂੰ ਪੂਰਨਤਾ ਤਕ ਅਪੜਾ ਦਿਤਾ । ਇਹ ਜੱਥੇ ਤਾਂ ਸਰੀਰ ਦੀਆ ਲੋੜਾਂ ਪੂਰਨ ਲਈ ਬਣੇ । ਫਿਰ ਸਰੀਰ ਦੀ ਰਖਿਆ, ਮਾਲ ਮਤਾਹ ਦੀ ਰਖਿਆ ਅਤੇ ਹੋਰ ਬਾਲ ਬੱਚੇ ਦੀ ਰਖਿਆ ਲਈ ਵੀ ਪੁਰਸ਼ ਨੂੰ ਜਥੇਬੰਦੀ ਕਰਨੀ ਪਈ । ਹਰ ਇਕ ਪੁਰਸ਼ ਇਕੱਲਾ ਕਿਸੇ ਸ਼ੇਰ ਆਦਿ ਦਰਿੰਦੇ ਯਾ ਜ਼ਬਰਦਸਤ ਡਾਕੂ ਦਾ ਸਾਹਮਣਾ ਨਹੀਂ ਸੀ ਕਰ ਸਕਦਾ । ਇਸ ਲਈ ਦੂਜੇ ਭਰਾਵਾਂ ਨਾਲ ਗੋਂਦ ਗੁੰਦੀ ਕਿ ਅਸੀਂ ਲੋੜ ਵੇਲੇ ਇਕ ਦੂਜੇ ਦੀ ਮਦਦ ਕਰਿਆ ਕਰਾਂਗੇ । ਇਸ ਤਰ੍ਹਾਂ ਬਰਾਦਰੀਆਂ ਬਣੀਆਂ, ਹਰ ਇਕ ਪੁਰਸ਼ ਨੇ ਉਸ ਰਖਿਆ ਦੇ ਬਦਲੇ, ਜੋ ਉਹ ਹੋਰਨਾਂ ਭਰਾਵਾਂ ਕੋਲੋਂ ਚਾਹੁੰਦਾ ਸੀ ਕੁਝ ਇੱਕ ਗਲਾਂ ਮੰਨਣੀਆ ਪਰਵਾਨ ਕਰ ਲਈਆਂ । ਅਤੇ ਇਸ ਤਰ੍ਹਾਂ ਬਰਾਦਰੀਆਂ ਦੇ ਕਾਨੂੰਨ ਬਣੇ । ਪਹਿਲਾਂ ਇਹ ਬਰਾਦਰੀਆਂ ਬਹੁਤ ਛੋਟੀਆਂ ਸਨ । ਜਿਤਨੇ ਪੁਰਸ਼, ਇਕ ਕੁਲ ਵਿਚ ਜੰਮਦੇ ਉਨ੍ਹਾਂ ਦਾ ਜੱਥਾ ਬਣਦਾ ਅਤੇ ਘਰ ਦਾ ਵਡਾ ਉਨ੍ਹਾਂ ਦਾ ਹਾਕਮ ਹੁੰਦਾ ਅਤੇ ਉਨ੍ਹਾਂ ਦੀਆਂ ਧਾਰਮਕ ਲੋੜਾਂ ਵੀ ਪੂਰੀਆਂ ਕਰਦਾ । ਪਰ ਜਦ ਆਦਮੀਆਂ ਦੀ ਨਸਲ ਵਧੀ । ਬਰਾਦਰੀਆਂ ਵਿਚ ਖਹਿ ਬਖਹਿ ਅਰੰਭ ਹੋ ਗਈ । ਲਗੇ ਇਕ ਦੂਜੇ ਨਾਲ ਮੁਠ ਭੇੜ ਕਰਨ, ਅੰਤ ਵਿਚ ਸਭ ਨੇ ਉਹ ਪੁਰਾਣਾ ਵਤੀਰਾ ਛਡਿਆ । ਅਗੇ ਕੁਲ ਦਾ ਸਰਦਾਰ ਹੁੰਦਾ ਸੀ, ਹੁਣ ਉਨ੍ਹਾਂ ਦੇ ਦੇਸ਼ ਵਿਚ ਜਿੰਨੀਆਂ ਕੁਲਾਂ ਰਹਿੰਦੀਆਂ ਸਨ ਉਨ੍ਹਾਂ ਦਾ ਇਕ ਸਰਦਾਰ ਅਰਥਾਤ ਰਾਜਾ ਥਾਪਿਆ ਅਤੇ ਜਿੰਨਾਂ ਕੁ ਸੁਖ ਉਹ ਰਾਜਾ ਤੋਂ ਚਾਹੁੰਦੇ ਸਨ ਉਤਨੇ ਹੀ ਵਸੀਕਾਰ ਆਪਣੀ ਜਾਨ ਮਾਲ ਪਰ ਉਸ ਨੂੰ ਦਿਤੇ । ਇਸ ਨੂੰ ਜ਼ਰਾ ਹੋਰ ਖੋਹਲਦੇ ਹਾਂ । ਕੋਈ ਆਦਮੀ ਆਪਣੀ ਜਾਨ ਗਵਾਉਣਾ ਨਹੀਂ ਚਾਹੁੰਦਾ । ਤਾਂ ਸਭ ਨੇ ਕਿਹਾ ਕਿ ਜੋ ਪੁਰਸ਼ ਕਿਸੇ ਨੂੰ ਮਾਰੇ ਤਾਂ ਉਹੋ ਮਾਰਿਆ ਜਾਵੇ । ਰਾਜਾ ਨੂੰ ਇਹ ਅਖਤਿਆਰ ਮਿਲਿਆ ਕਿ ਜੇਹੜਾ ਕਿਸੇ ਦੂਜੇ ਨਿਰਪਰਾਧ ਨੂੰ ਵੱਢ ਦੇਵੇ ਰਾਜਾ ਉਸਨੂੰ ਮਾਰ ਦੇਵੇ । ਇਸ ਤਰ੍ਹਾਂ ਹੀ ਸਾਰੇ ਕਾਨੂੰਨ ਬਣੇ । ਪਰ ਹਾਲਤ ਬਦਲਦੀ ਗਈ । ਪਹਿਲਾਂ ਜੋ ਸਭ ਤੋਂ ਚੰਗਾ ਪੁਰਸ਼ ਹੁੰਦਾ ਸੀ ਅਤੇ ਉਸ ਨੂੰ ਲੋਕਾਂ ਨੇ ਰਾਜਾ ਥਾਪਿਆ । ਪਰ ਜਦ ਕੁਛ ਚਿਰ ਲੰਘ ਗਿਆ ਅਤੇ ਰਾਜਾ

Sri Satguru Jagjit Singh Ji eLibrary NamdhariElibrary@gmail.com

ਇਕੋ ਕੁਲ ਵਿਚ ਹੀ ਰਹਿਣ ਲਗ ਪਿਆ ਤਾਂ ਰਾਜੇ ਦਾ ਪੁਤ ਹੀ ਰਾਜਾ ਹੋਣ ਲਗ ਪਿਆ । ਜਿਸ ਦਾ ਫਲ ਇਹ ਹੋਇਆ ਕਿ ਕਈ ਉਕੇ ਨਿਫਿਟ ਪੁਰਸ਼ ਰਾਜ ਗੱਦੀ ਦੇ ਮਾਲਕ ਬਣ ਬੈਠੇ । ਪਰਜਾ ਨੂੰ ਇਹ ਸਭ ਭੁਲ ਗਿਆ ਕਿ ਰਾਜਾ ਲੋਕਾਂ ਨੇ ਬਣਾਇਆ ਹੈ । ਉਲਟ ਇਹ ਸਮਝਣ ਲਗ ਪਏ ਕਿ ਰਾਜੇ ਤੋਂ ਸਾਨੂੰ ਇਜ਼ਤ ਮਿਲ ਸਕਦੀ ਹੈ । ਅਗੇ ਤਾਂ ਸੇਵਾ ਲੋਕਾਂ ਦੀ ਕਰਕੇ ਅਤੇ ਉਨ੍ਹਾਂ ਨੂੰ ਸੁਖ ਪੁਚਾ ਕੇ ਮਾਨ ਵਡਿਆਈ ਲਭਦੀ ਸੀ, ਹੁਣ ਕੇਵਲ ਰਾਜਾ ਨੂੰ ਖ਼ੁਸ਼ ਕਰਨ ਵਿਚ ਵਡਿਆਈ ਲੱਭਣ ਲਗ ਪਈ । ਭੈੜੇ ਮਨੁਖਾਂ ਨੇ ਕਈ ਰਾਜਿਆਂ ਦੇ ਸਮੇਂ ਪਰਜਾ ਪਰ ਅਤਿਆਚਾਰ ਆਰੰਭ ਦਿਤਾ ਅਤੇ ਜਥੇਬੰਦੀ ਦੀ ਸ਼ਕਲ ਬਦਲ ਗਈ । ਅਗੇ ਤਾਂ ਤਾਕਤ ਸਭ ਪਰਜਾ ਵਿਚ ਹੁੰਦੀ ਸੀ । ਚੰਗੇ ਨੂੰ ਚੰਗਿਆਈ ਦਾ ਫਲ ਦੇਣਾ ਅਤੇ ਬੁਰੇ ਨੂੰ ਬੁਰਿਆਈ ਦਾ ਦੰਡ ਦੇਣਾ ਸਭ ਲੋਕਾਂ ਦੇ ਵਸ ਹੁੰਦਾ ਸੀ, ਹੁਣ ਕੇਵਲ ਰਾਜਾ ਹੀ ਇਹ ਕੰਮ ਕਰਨ ਲਗ ਪਿਆ । ਇਹ ਜਥੇਬੰਦੀ ਤਦ ਤਕ ਚੰਗੀ ਚਲਦੀ ਰਹੀ, ਜਦ ਤਕ ਇਹ ਰਾਜੇ ਅੱਛੇ ਹੁੰਦੇ ਰਹੇ । ਪਰ ਇਕੋ ਕੁਲ ਵਿਚ ਸਦਾ ਲਈ ਚੰਗੇ ਪੁਰਸ਼ ਪੈਦਾ ਹੋਣੇ ਸੰਭਵ ਨਹੀਂ ਸੀ । ਜਦ ਨਾਲਾਇਕਾਂ ਦੇ ਹੱਥ ਰਾਜ ਦੀਆ ਵਾਗਾਂ ਆਈਆਂ, ਜ਼ੁਲਮ ਅਤੇ ਤੱਦੀ ਨੇ ਸੂਰਤ ਆ ਦਿਖਾਈ ਅਤੇ ਮੁਲਕ ਵੀਰਾਨ ਹੋਏ । ਇਸ ਨੂੰ ਕਈਆਂ ਦੇਸ਼ਾਂ ਨੇ ਇਸ ਤਰ੍ਹਾਂ ਪਰ ਰੋਕਿਆ ਕਿ ਰਾਜਾ ਦੇ ਨਾਲ ਇਕ ਸਭਾ ਕਾਇਮ ਕਰ ਦਿਤੀ, ਕਿ ਰਾਜਾ ਬਿਨਾਂ, ਇਸ ਸਭਾ ਦੀ ਆਗਿਆ ਦੇ ਕੋਈ ਕੰਮ ਨਾ ਕਰੇ । ਅਤੇ ਸਭਾ ਸਾਰੀ ਪਰਜਾ ਆਪ ਚੁਣੇ ਇਸ ਨਾਲ ਕੁਝ ਠਾਹਰ ਪੈ ਗਈ ਅਤੇ ਤਿੰਨ ਤਰ੍ਹਾਂ ਦੀ ਜਥੇਬੰਦੀ ਬਣੀ ।

(ੳ) ਜਿਸ ਵਿਚ ਲੋਕ ਆਪੇ ਆਪਣੇ ਸਰਦਾਰ ਚੁਣ ਲੈਂਦੇ ਹਨ ਅਤੇ ਮਨ ਭਾਂਵਦੇ ਵਸੀਕਾਰ ਉਸਨੂੰ ਦਿੰਦੇ ਹਨ ।

(ਅ) ਜਿਸ ਵਿਚ ਰਾਜ ਕੁਲ ਵਿਚ ਪੈਦਾ ਹੋਇਆ ਪੁਰਸ਼ ਆਪ ਹੀ ਰਾਜਾ ਬਣ ਜਾਂਦਾ ਹੈ ਅਤੇ ਆਪਣੀ ਇਛਾ ਅਨੁਸਾਰ ਪਰਜਾ ਨਾਲ ਵਰਤਦਾ ਹੈ ।

(ੲ) ਜਿਸ ਵਿਚ ਰਾਜ ਕੁਲ ਵਿਚ ਜੰਮਿਆਂ ਹੋਇਆ ਪੁਰਸ਼ ਰਾਜਾ ਤਾਂ ਬਣ ਜਾਂਦਾ ਹੈ ਪਰ ਇਕ ਸਭਾ ਦੀ ਮਰਜ਼ੀ ਪਰ ਜੋ ਪਰਜਾ ਆਪ ਥਾਪਦੀ ਹੈ, ਤੁਰਦਾ ਹੈ ।

ਪਾਠਕ ਜੀ ! ਇਸ ਸਾਰੇ ਲੇਖ ਤੋਂ ਇਹ ਪਰਯੋਜਨ ਹੈ ਕਿ ਮਨੁਖ ਨੂੰ ਜਥੇਬੰਦੀ ਵਿਚ ਆਵਣਾ ਅਵੱਸ਼ ਹੈ, ਉਹ ਜੱਥੇਬੰਦੀ ਬਿਨਾਂ ਰਹਿ ਨਹੀਂ ਸਕਦਾ । ਦੂਜਾ ਇਹ ਕਿ ਕਿਸੇ ਖਾਸ ਖਾਸ ਜਥੇ ਵਿਚ ਆਂਵਦੇ ਹੋਏ ਆਪਣੀ ਕੁਝ ਮਰਜ਼ੀ ਦੂਜਿਆਂ ਦੀ ਤਾਬਿਆ ਕਰਨੀ ਪਵੇਗੀ ਅਤੇ ਉਹ ਕਾਨੂੰਨ ਜੋ ਉਹ ਜੱਥਾ ਬਣਾਵੇਗਾ ਮੰਨਣੇ ਪੈਣਗੇ ।

ਜੋ ਪੁਰਸ਼ ਇਹ ਆਖਦੇ ਹਨ ਕਿ ਅਸੀਂ ਜੱਥੇ ਬਿਨਾਂ ਰਹਿ ਸਕਦੇ ਹਾਂ ਉਨ੍ਹਾਂ ਨੂੰ ਘਰ ਚਲਾਉਣਾ ਹੀ ਕਠਨ ਹੋ ਜਾਵੇਗਾ। ਸਾਡਾ ਸਾਰਾ ਘਰ ਇਕ ਕਿਸਮ ਦੀ ਜੱਥੇਬੰਦੀ ਹੈ।

ਕੋਈ ਕੰਮ ਅਸੀਂ ਕਰਦੇ ਹਾਂ ਕੋਈ ਸਾਡੀ ਇਸਤ੍ਰੀ ਕੋਈ ਸਾਡੇ ਬੱਚੇ। ਜਿਸ ਦੀ ਸੇਵਾ ਇਸਤ੍ਰੀ ਕਰਦੀ ਹੈ ਉਸਦੇ ਘਰ ਵਿਚ ਉਸ ਦੇ ਵਸੀਕਾਰ ਹੁੰਦੇ ਹਨ। ਅਸੀਂ ਘਰ ਦੇ ਅਫ਼ਸਰ ਹੁੰਦੇ ਹਾਂ। ਜਿਸ ਵੇਲੇ ਅਸੀਂ ਨਫ਼ਿੱਟ ਹੋ ਜਾਈਏ ਘਰ ਬਿਗੜ ਜਾਂਦਾ ਹੈ ਅਤੇ ਸਾਡੀ ਇਜ਼ਤ ਘਰ ਵਿਚੋਂ ਚਲੀ ਜਾਂਦੀ ਹੈ। ਕੌਮਾਂ ਇਕ ਵੱਡਾ ਟੱਬਰ ਹੁੰਦੀਆਂ ਹਨ। ਜਥੇਬੰਦੀ ਬਿਨਾਂ ਉਹ ਰਹਿ ਨਹੀਂ ਸਕਦੀਆਂ ਅਤੇ ਨਾ ਉਹ ਕੁਝ ਬ੍ਰਿਧੀ ਕਰ ਸਕਦੀਆਂ ਹਨ। ਇਕ ਛੋਟੀ ਜਿਹੀ ਗਲ ਹੋਰ ਵੀ ਯਾਦ ਰਖਣੀ ਕਿ ਜਥਿਆਂ ਦੇ ਸਰਦਾਰ ਉਹੀ ਹੁੰਦੇ ਹਨ ਜੋ ਸਭ ਤੋਂ ਜ਼ਿਆਦਾ ਸੇਵਾ ਕਰਦੇ ਹਨ। ਅਤੇ ਜਿਹੜੇ ਮਲੋ ਮਲੀ ਚੌਧਰੀ ਬਣ ਬਹਿੰਦੇ ਹਨ, ਜਿਸ ਵੇਲੇ ਜੱਥੇ ਦਾ ਦਾਉ ਲਗੇ ਮਾਰਕੇ ਸੁਟੇ ਜਾਂਦੇ ਹਨ।

ਇਥੇ ਤਾਂ ਅਸੀਂ ਸੰਸਾਰਕ ਕੰਮਾਂ ਲਈ ਜੱਥਿਆਂ ਦਾ ਬਣਨਾ ਪ੍ਰਗਟ ਕੀਤਾ ਹੈ। ਪਰ ਇਹ ਯਾਦ ਰਖੋ ਕਿ ਧਾਰਮਕ ਕੰਮਾਂ ਲਈ ਭੀ ਜੱਥਿਆਂ ਦੀ ਅਵਸ਼ ਲੋੜ ਹੁੰਦੀ ਹੈ। ਜਿਸ ਵੇਲੇ ਕੋਈ ਸੱਜਨ ਮਹਾਤਮਾ ਗੁਰੂ ਪੀਰ ਇਸ ਸੰਸਾਰ ਪਰ ਆਉਂਦਾ ਅਤੇ ਲੋਕਾਂ ਨੂੰ ਰਾਹ ਦਸਦਾ ਹੈ, ਤਦੋਂ ਬਹੁਤ ਲੋਕ ਉਹਦੇ ਪਿਛੇ ਲਗ ਪੈਂਦੇ ਹਨ। ਇਕੋ ਧਰਮ ਦੇ ਪਰੇਮੀਆਂ ਦਾ ਆਪਸ ਵਿਚ ਪਰੇਮ ਹੋ ਜਾਣਾ ਇਕ ਕੁਦਰਤੀ ਗਲ ਹੈ ਅਤੇ ਉਨ੍ਹਾਂ ਦਾ ਇਕ ਦੂਜੇ ਦੀ ਰਖਿਆ ਵਿਚ ਇਕੱਠਾ ਹੋਣਾ, ਅਤੇ ਉਸ ਧਰਮ ਦੇ ਪਰਚਾਰ ਲਈ ਟੋਲੇ ਬਨਾਉਣੇ, ਇਹ ਸਿੱਟੇ ਸਹਿਜ ਸੁਭਾਵ ਹੀ ਨਿਕਲ ਆਂਵਦੇ ਹਨ।

ਇਸ ਲਈ ਸਦਾ ਤੋਂ ਹੀ ਇਹ ਚਲਿਆ ਆ ਰਿਹਾ ਹੈ ਕਿ ਇਕ ਧਰਮ ਪਰ ਚਲਨੇ ਵਾਲੇ ਲੋਕ ਇਕ ਜੱਥਾ ਬਣਾ ਲੈਂਦੇ ਹਨ। ਇਹ ਜੱਥੇ ਵੀ ਕਈ ਤਰ੍ਹਾਂ ਨਾਲ ਚਲਦੇ ਹਨ, ਜਿਸ ਵੇਲੇ ਤਾਂ ਧਰਮ ਦੇ ਪਰਚਾਪਕ ਅਰਥਾਤ ਉਹ ਮਹਾਤਮਾ ਜਿਨ੍ਹਾਂ ਨੇ ਧਰਮ ਦੀ ਨੀਂਹ ਰੱਖੀ ਹੈ ਮੌਜੂਦ ਹੁੰਦੇ ਹਨ ਉਹ ਉਸ ਜੱਥੇ ਦੇ ਸਰਦਾਰ ਹੁੰਦੇ ਹਨ। ਉਨ੍ਹਾਂ ਦੀ ਆਤਮਕ ਤਾਕਤ, ਉਨ੍ਹਾਂ ਦੇ ਨਿਰਲੋਭ ਕੰਮ ਇਹ ਸਭ ਐਸੀਆਂ ਗੱਲਾਂ ਹਨ, ਜਿਹੜੀਆਂ ਲੋਕਾਂ ਨੂੰ ਉਨ੍ਹਾਂ ਦੀ ਤਰਫ ਖਿਚਦੀਆਂ ਹਨ ਅਤੇ ਉਨ੍ਹਾਂ ਦੀ ਆਗਿਆ ਲੋਕਾਂ ਕੋਲੋਂ ਮਨਵਾਉਂਦੀਆਂ ਹਨ। ਉਹ ਲੋਕਾਂ ਲਈ ਜੀਉਂਦੇ ਹਨ। ਇਸ ਲਈ ਕੋਈ ਪੁਰਸ਼ ਵੀ ਜੋ ਉਨ੍ਹਾਂ ਦੇ ਧਰਮ ਵਿਚ ਆਵੇ ਉਨ੍ਹਾਂ ਦੇ ਅਗੇ ਕਿਉਂ, ਕਿਉਂ ਨਹੀਂ ਕਰਦਾ, ਏਹ ਜਥੇਬੰਦੀ ਦੀ ਹਾਲਤ ਸਾਡੀ ਗੁਰੂ ਸਾਹਿਬਾਂ ਵੇਲੇ ਸੀ। ਜਦੋਂ ਗੁਰੂ ਜੀ ਇਸ ਸੰਸਾਰ ਪਰ ਵਿਚਰਦੇ ਸੀ ਕਿਸੀ ਦੀ ਮਜਾਲ ਨਾ ਸੀ ਕਿ ਉਨ੍ਹਾਂ ਦੇ ਹੁਕਮ ਨੂੰ ਮੋੜ ਜਾਵੇ। ਹਰ ਇਕ ਇਹ ਫਖਰ ਸਮਝਦਾ ਸੀ ਕਿ ਮੈਂ ਗੁਰੂ ਦੇ ਮੂੰਹੋਂ ਨਿਕਲਿਆ ਹੋਇਆ ਵਾਕ ਪੂਰਾ ਕਰਾਂ। ਜੇ ਕਦੀ ਖੋਟੇ ਭਾਗਾਂ ਨਾਲ ਉਸ ਨੇ ਇਨਕਾਰ ਵੀ ਕੀਤਾ

Sri Satguru Jagjit Singh Ji eLibrary NamdhariElibrary@gmail.com

ਤਾਂ ਫਿਰ ਪਰਤ ਕੇ ਭੁੱਲ ਬਖਸ਼ਾਈ ਅਤੇ ਆਪਣਾ ਅਪਰਾਧ ਦੂਰ ਕੀਤਾ । ਪਰ ਪਾਠਕ ਜੀ ਇਹ ਜਥੇਬੰਦੀ ਬਹੁਤ ਦੇਰ ਤਕ ਨਹੀਂ ਰਹਿ ਸਕਦੀ । ਮਹਾਤਮਾ ਹਨ, ਗੁਰੂ, ਪੀਰ, ਪੈਗੰਬਰ ਇਸ ਅਸਾਰ ਸੰਸਾਰ ਵਿਚ ਬਹੁਤ ਚਿਰ ਤਕ ਨਹੀਂ ਰਹਿੰਦੇ, ਅੰਧਕਾਰ ਵਿਚ ਉਹ ਸੂਰਜ ਦੀ ਨਿਆਈਂ ਚਮਕ ਕੇ ਆਪਣੀ ਚਮਕ ਨਾਲ ਹਨੇਰੇ ਨੂੰ ਦੂਰ ਕਰਦੇ ਹਨ ਅਤੇ ਜਦ ਕਾਫੀ ਸੰਸਾਰੀ ਪੁਰਸ਼ ਉਸ ਰੌਸ਼ਨੀ ਨੂੰ ਦੇਖ ਲੈਂਦੇ ਹਨ ਅਤੇ ਐਸੇ ਲੋਕ ਨਿਕਲ ਪੈਂਦੇ ਹਨ ਕਿ ਉਹ ਚਾਨਣੇ ਨੂੰ ਲੋਕਾਂ ਪਰ ਭੀ ਪ੍ਰਗਟ ਕਰਨ । ਉਹ ਦੈਵੀ ਮੂਰਤਾਂ ਫਿਰ ਆਪਣੇ ਸਥਾਨ ਪਰ ਚਲੀਆਂ ਜਾਂਦੀਆਂ ਹਨ । ਆਪਣਾ ਆਪਣਾ ਕੰਮ ਜੈਸਾ ਜੈਸਾ ਿਨ੍ਹਾਂ ਨੂੰ ਦਿਤਾ ਜਾਂਦਾ ਹੈ ਕਰਕੇ ਆਪਣੀ ਯੋਗਤਾ ਦਾ ਫਲ ਲੈਣ ਆਪਣੇ ਭੇਜਣ ਵਾਲੇ ਦੇ ਅਗੇ ਜਾ ਹਾਜ਼ਰ ਹੁੰਦੀਆਂ ਹਨ । ਇਸ ਲਈ ਪਿੰਆਰੇ ਸਜਣੋ ਧਾਰਮਕ ਜਥੇਬੰਦੀ ਨੂੰ ਆਪਣੀ ਸ਼ਕਲ ਬਦਲਣੀ ਪੈਂਦੀ ਹੈ । ਕਈ ਧਰਮ ਤਾਂ ਇਸ ਤਰ੍ਹਾਂ ਕਰਦੇ ਹਨ ਕਿ ਫਿਰ ਵੈਸੇ ਹੀ ਇਕ ਪੁਰਸ਼ ਨੂੰ ਆਪਣਾ ਰਹਬਰ ਥਾਪ ਲੈਂਦੇ ਹਨ ਜੈਸਾ ਕਿ ਬੋਧੀਆਂ ਵਿਚ ਲਾਮਾ ਗੁਰੂ ਤੇ ਕੈਥਲਕ ਈਸਾਈਆਂ ਵਿਚ ਪੋਪ । ਇਸ ਪੁਰਸ਼ ਨੂੰ ਆਪਣੇ ਪੈਗੰਬਰ ਦਾ ਗੱਦੀਨਸ਼ੀਨ ਮੰਨਦੇ ਹਨ ਤੇ ਇਸ ਦਾ ਹੁਕਮ ਉਸ ਮਹਾਤਮਾ ਦੇ ਹੁਕਮ ਤੋਂ ਘਟ ਨਹੀਂ ਮੰਨਦੇ, ਪਰ ਇਹ ਜਥੇਬੰਦੀ ਤਦੋਂ ਤਕ ਹੀ ਚੰਗੀ ਚਲਦੀ ਹੈ ਜਦ ਤਕ ਪੋਪ ਜਾਂ ਲਾਮੇ ਨਿਰਲੋਭ ਹੋਣ, ਜਿਸ ਨੇ ਇਸ ਜਥੇਬੰਦੀ ਦੇ ਨੁਕਸ ਦੇਖਣੇ ਹੋਣ ਉਹ ਪੋਪ ਦਾ ਹਾਲ ਪੜ੍ਹ ਲਵੇ । ਕਿਥੋਂ ਤਕ ਇਹ ਲੋਕ ਅਨਰਥ ਕਰਦੇ ਰਹੇ ਹਨ, ਲੋਕਾਂ ਦੇ ਪਾਪ ਰੁਪਏ ਲੈ ਕੇ ਬਖਸ਼ ਦੇਣੇ, **ਨਕਦੀ ਦੇ ਗੱਫੇ ਲੈ ਮੁਰਦਿਆਂ ਨੂੰ ਬਹਿਸ਼ਤ ਵਿਚ ਜਾਣ ਲਈ ਸੰਨਦਾਂ ਲਿਖ ਦੇਣੀਆਂ**, ਗਰੀਬ ਧਾਰਮਕ ਜੀਵਨ ਵਾਲੇ ਪੁਰਸ਼ਾਂ ਨੂੰ ਆਪਣੇ ਬਦਲੇ ਲੈਣ ਲਈ ਤਰ੍ਹਾਂ ਤਰ੍ਹਾਂ ਦੀਆਂ ਸਜ਼ਾਵਾਂ ਦੇਣੀਆਂ; ਅਜੇਹੀਆਂ ਕੁਰੀਤੀਆਂ ਆਣ ਵੜਦੀਆਂ ਹਨ । ਧਰਮ ਇਕ ਦੁਨੀਆਂ ਦਾਰ ਹੋ ਜਾਂਦਾ ਹੈ । **ਇਸ ਜਥੇਬੰਦੀ ਦਾ ਇਕ ਫਾਇਦਾ ਭੀ ਦਸਿਆ ਗਿਆ ਹੈ ਕਿ ਇਸ ਤਰ੍ਹਾਂ ਇਕ ਆਦਮੀ ਦੀ ਗਲ ਪੁਰ ਭਰੋਸਾ ਰਖਣ ਨਾਲ ਮੇਲ ਸਭ ਦਾ ਬਣਦਾ ਰਹਿੰਦਾ ਹੈ ਆਪਾ ਧਾਪ੍ਰੀ ਨਹੀਂ ਪੈਂਦੀ । ਕਿਸੀ ਹਦ ਤਕ ਇਹ ਠੀਕ ਹੈ ਪਰ ਸਵਾਲ ਇਹ ਹੈ ਕਿ ਆਇਆ ਉਹ ਜਥਾ ਧਰਮ ਦੇ ਪਰਚਾਰ ਲਈ ਬਣਿਆ ਹੈ ਜਾਂ ਧਰਮ ਨੂੰ ਛਡ ਕੇ ਆਪਸ ਵਿਚ ਮੇਲ ਰਖਣ ਲਈ ।** ਡਾਕੂਆਂ ਦਾ ਆਪਸ ਵਿਚ ਬੜਾ ਮੇਲ ਹੁੰਦਾ ਹੈ ਪਰ ਉਹ ਦੂਜਿਆਂ ਦਾ ਭਲਾ ਘਟ ਹੀ ਕਰਦੇ ਹਨ । ਸਾਨੂੰ ਤਾਂ ਇਸ ਜਥੇਬੰਦੀ ਵਿਚ ਨੁਕਸਾਨ ਬਹੁਤ ਦਿਸਦੇ ਹਨ । ਅਤੇ ਫਾਇਦੇ ਥੋੜ੍ਹੇ ਅਤੇ ਹੋਰ ਸੋਚਣ ਪਰ ਫਾਇਦੇ ਭੀ ਉਡ ਜਾਂਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਦੂਜੀ ਤਰ੍ਹਾਂ ਜਥੇਬੰਦੀ ਉਹ ਹੈ ਕਿ ਪੈਗੰਬਰ ਦੇ ਪਿਛੋਂ ਪਰਚਾਰਕਾਂ ਦੇ ਟੋਲੇ ਨੂੰ ਆਪਣਾ ਆਗੂ ਮੰਨ ਲੈਣਾ, ਇਹ ਪਹਿਲੀ ਨਾਲੋਂ ਚੰਗੀ ਹੈ ਕਿਉਂਕਿ ਬਹੁਤ ਸਾਰੇ ਆਦਮੀਆਂ ਦੇ ਕੱਠੇ ਵਿਗੜ ਜਾਣ ਦਾ ਘਟ ਡਰ ਹੁੰਦਾ ਹੈ। ਪਰ ਇਹਦੇ ਵਿਚ ਵਿਘਨ ਤਦ ਪੈਣ ਲਗ ਜਾਂਦੇ ਹਨ, ਜਦ ਪਰਚਾਰਕਾਂ ਦੇ ਪੁੱਤਰ ਵੀ ਪਰਚਾਰਕ ਬਣਨ ਲਗ ਜਾਂਦੇ ਹਨ। ਕੋਈ ਧਾਰਮਿਕ ਵਿੱਦਿਆ ਜਾਂ ਜੀਵਨ ਨਹੀਂ ਵੇਖਿਆ ਜਾਂਦਾ ਇਤਨਾ ਹੀ ਬਸ ਹੈ ਕਿ ਫਲਾਨਾ ਫਲਾਨੇ ਪਰਚਾਰਕ ਦਾ ਪੁੱਤਰ ਅਤੇ ਇਸ ਲਈ ਪ੍ਰਚਾਰਕ ਹੈ। ਇਸ ਨੂੰ ਜ਼ਿਆਦਾ ਸਮਝਣ ਲਈ ਇਕ ਉਦਾਹਰਣ ਲੈ ਲਓ। ਬ੍ਰਾਹਮਣ ਸਾਡੇ ਵਿਚ ਆਗੂ ਮੰਨੇ ਜਾਂਦੇ ਸਨ ਅਤੇ ਉਨ੍ਹਾਂ ਦੇ ਪੁੱਤ ਭਾਵੇਂ ਵਿਦਿਆਹੀਣ ਹੀ ਹੋਣ ਆਗੂ ਬਣ ਜਾਂਦੇ ਸਨ। ਇਸ ਦਾ ਸਿੱਟਾ ਜੋ ਨਿਕਲਿਆ ਸਭ ਨੂੰ ਪਤਾ ਹੀ ਹੈ, ਕਿਸ ਤਰ੍ਹਾਂ ਭਾਰਤ ਵਰਸ਼ ਉਸ ਉਚੀ ਅਵਸਥਾ ਤੋਂ ਅਧੋਗਤੀ ਨੂੰ ਪਰਾਪਤ ਹੋਇਆ। ਦੂਜਾ ਵਿਘਨ ਤਦ ਪੈਂਦਾ ਹੈ ਜਦ ਪਰਚਾਰਕਾਂ ਦੇ ਟੋਲੇ ਪਰ ਦੂਜਿਆਂ ਦਾ ਕੁਝ ਦਬਾਉ ਨਹੀਂ ਰਹਿੰਦਾ। ਉਹ ਮਨ ਭਾਉਂਦਾ ਕਾਨੂੰਨ ਬਣਾਨ ਲਗ ਜਾਂਦੇ ਹਨ ਅਤੇ ਮਸੰਦਾਂ ਦੀ ਤਰ੍ਹਾਂ ਲੋਕਾਂ ਨੂੰ ਲੁਟ ਲੁਟ ਕੇ ਪਏ ਖਾਂਦੇ ਹਨ। ਇਹ ਹਾਲ ਬੋਧੀ ਸੰਗਤਾਂ ਦਾ ਹੋਇਆ ਸੀ। ਜਾਂ ਅਜ ਕਲ ਦੀ ਮਿਸਾਲ ਲਓ ਤਾਂ ਸਾਡੇ ਕਈ ਇਕ ਭਰਾਵਾਂ ਦਾ ਹੈ ਉਹ ਮਨ ਮੰਨੇ ਹੁਕਮਨਾਮੇ ਪਏ ਕਢਦੇ ਹਨ ਅਤੇ ਜਦੋਂ ਤਕ ਉਨ੍ਹਾਂ ਦਾ ਸਿਟਾ ਨਿਕਲ ਰਿਹਾ ਹੈ ਜਾਂ ਨਿਕਲੇਗਾ ਅਜੇ ਦਸਨਾ ਯੋਗ ਨਹੀਂ ਜਾਪਦਾ ਵਿਦਵਾਨਾਂ ਦੀ ਆਪਣੀ ਵਿਚਾਰ ਗੋਚਰਾ ਹੀ ਛੱਡਦੇ ਹਾਂ।

ਤੀਜੀ ਤਰ੍ਹਾਂ ਦੀ ਧਾਰਮਿਕ ਜਥੇਬੰਦੀ ਖ਼ਾਲਸੇ ਦੀ ਸੀ। ਜਦੋਂ ਗੁਰੂ ਜੀ ਜੋਤੀ ਜੋਤ ਸਮਾ ਗਏ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਥ ਨੂੰ ਗੁਰੂ ਮੰਨਿਆਂ ਗਿਆ। ਜੋ ਕੁਝ ਗੁਰੂ ਸਾਹਿਬ ਦਸ ਗਏ ਉਹ ਤਾਂ ਹਰ ਇਕ ਗਲ ਵਿਚ ਮੁੱਖ ਰਹੇ। ਪਰ ਜੋ ਫੈਸਲਾ ਹੁਣ ਹੋਵੇ ਉਹ ਸਾਰੇ ਪੰਥ ਦੀ ਰਾਇ ਨਾਲ ਹੋਵੇ। ਨਾ ਹੀ ਕੋਈ ਪੋਪ ਬਣਕੇ ਲੁਟ ਸਕੇ ਨਾ ਹੀ ਕੋਈ ਪਰਚਾਰਕ ਦਾ ਟੋਲਾ ਮਨ ਮੰਨੇ ਕਾਨੂੰਨ ਬਣਾਵੇ। ਹਰ ਇਕ ਸਿੱਖ ਨੂੰ ਰਾਇ ਦੇਣ ਦਾ ਅਖ਼ਤਿਆਰ ਹੈ ਅਤੇ ਉਸ ਦੀ ਠੀਕ ਠਾਕ ਰਾਇ ਉਨੀਂ ਹੀ ਵਜ਼ਨ ਰਖਦੀ ਹੈ ਜਿਤਨਾ ਕਿਸੇ ਰਾਜੇ ਜਾਂ ਪ੍ਰਚਾਰਕ ਦੀ। ਪਰ ਇਸ ਉੱਤਮ ਜਥੇਬੰਦੀ ਨੂੰ ਅਸੀਂ ਬਹੁਤ ਚਿਰ ਨਾ ਰਖ ਸਕੇ। ਕਾਰਨ ਇਹ ਸੀ ਕਿ ਪੰਥ ਦੇ ਹੀਰੇ ਤਾਂ ਦੁਸ਼ਮਣ ਦੀਆਂ ਤੇਗਾਂ ਦੀ ਭੇਟ ਹੋ ਗਏ ਅਤੇ ਸਿੱਖਾਂ ਦੇ ਰਾਜ ਵਿਚ ਲੋਭੀ ਪੁਰਸ਼ ਦੂਹਰੇ ਦਸਤਾਰੇ ਬੰਨ੍ਹਕੇ ਖ਼ਾਲਸੇ ਵਿਚ ਸ਼ਾਮਲ ਹੋਏ। ਕਿਸੀ ਨੇ ਸਚ ਆਖਿਆ:-

ਗੁਲ ਗਏ ਗੁਲਸ਼ਨ ਗਏ, ਅਕ ਧਤੂਰੇ ਰੈਹ ਗਏ।

ਚਲ ਗਏ ਦਾਨੇ ਜਹਾਨ ਸੇ ਬੇ ਸ਼ਊਰੇ ਰੈਹ ਗਏ।

Sri Satguru Jagjit Singh Ji eLibrary NamdhariElibrary@gmail.com

ਵਾਹ ! ਹੁਣ ਹੰਸਾਂ ਦੀ ਥਾਂ ਕਾਂ ਬੋਲਣ ਲਗੇ। ਪੋਪ ਦੀ ਥਾਂ ਬਾਵੇ ਪੰਥ ਨੂੰ ਗੁਰੂ ਬਣ ਕੇ ਲੁਟ ਲੁਟ ਕੇ ਖਾਣ ਲਗੇ। ਇਧਰ ਪ੍ਰਚਾਰਕਾਂ ਦੇ ਟੋਲਿਆਂ ਨੇ ਹਥ ਰੰਗਣੇ ਸ਼ੁਰੂ ਕਰ ਦਿੱਤੇ। ਜਿਸ ਜਿਸ ਗੁਰਦੁਵਾਰੇ ਦੀ ਸੇਵਾ ਕਿਸੀ ਨੂੰ ਸੌਂਪੀ ਗਈ ਉਥੋਂ ਉਥੋਂ ਦਾ ਉਹ ਮਾਲਕ ਬਣਕੇ ਲਗਾ ਗੁਲਛੱਰੇ ਉਡਾਨ। ਪੰਥ ਮੁੜ ਪਿਛਲੀਆਂ ਲੀਹਾਂ ਤੇ ਤੁਰਨ ਲਗ ਪਿਆ, ਗੁਰਮਰਿਯਾਦਾ ਭੁੱਲ ਕਈ ਠੋਕਰਾਂ ਖਾ ਖਾ ਪੁਰਾਣੇ ਟੋਇਆਂ ਵਿਚ ਡਿਗਨ ਲੱਗਾ। ਬਾਵਿਆਂ ਅਤੇ ਪ੍ਰਚਾਰਕਾਂ ਹੋਰ ਧੱਕਾ ਦਿੱਤਾ। ਉਨ੍ਹਾਂ ਦਾ ਕੰਮ ਤੇ ਤਾਂ ਹੀ ਸਰਨਾ ਸੀ ਜਦ ਸਾਰੇ ਅੰਨ੍ਹੇ ਹੋ ਜਾਣ। ਸਜਣੋਂ ! ਜੋ ਪੰਥ ਦੀ ਅਧੋਗਤੀ ਹੋਈ ਉਹ ਸਭ ਰੋਸ਼ਨ ਹੈ। ਪਿਛਲੇ ਦੁਖ ਫਿਰ ਕੀ ਫੋਲੀਏ। ਅਜੇ ਤਾਂ ਸਭ ਦੀ ਯਾਦ ਵਿਚ ਹੀ ਹੈ ਕਿ ਸਾਨੂੰ ਆਪਣੇ ਆਪ ਨੂੰ ਸਿੱਖ ਆਖਦਿਆਂ ਸ਼ਰਮ ਆਉਂਦੀ ਸੀ। ਸਜਣੋ ਇਹ ਗੱਲ ਸਦਾ ਨਹੀਂ ਸੀ ਰਹਿਣੀ। ਪੰਥ ਦੀ ਜੜ੍ਹ ਲਹੂ ਨਾਲ ਸਿੰਜੀ ਗਈ ਸੀ ਐਡਾ ਛੇਤੀ ਇਹਦਾ ਕੁਮਲਾਨਾ ਕਠਨ ਸੀ। ਗੁਰੂ ਕਿਰਪਾ ਨਾਲ ਫਿਰ ਖ਼ਾਲਸਾ ਜਾਗ ਪਿਆ, ਥਾਂ ਥਾਂ ਪੁਰਾਣੀ ਜਥੇਬੰਦੀ ਹੋਣ ਲਗੀ। ਸਿੰਘ ਸਭਾ ਬਣ ਗਈਆਂ, ਬਣਦੇ ਹੀ ਪੁਜਾਰੀਆਂ ਦੇ ਕੰਨ ਖਿਚੇ ਜਾਣ ਲਗੇ। ਥੋੜ੍ਹੇ ਹੀ ਚਿਰ ਵਿਚ ਪੰਥ ਦੀ ਹਾਲਤ ਬਦਲਣ ਲਗ ਪਈ, ਗੁਰਮਰਯਾਦਾ ਮੁੜ ਪ੍ਰਚਲਤ ਹੋ ਗਈ ਅਤੇ ਖੂਬ ਦਲੇਰੀ ਬਹਾਦਰੀ ਨਾਲ ਸਿੰਘ ਸਭਾ ਨੇ ਆਪਣੇ ਵਿਰੋਧੀਆਂ ਦਾ ਟਾਕਰਾ ਕੀਤਾ। ਜਿੱਤ ਸਾਹਮਣੇ ਦਿਸਣ ਲਗ ਪਈ ਪਰ ਹੈ ਸੀ ਅਜੇ ਦੂਰ, ਕਿਉਂ ਜੋ ਅਜੇ ਪੂਰੀ ਜਥੇਬੰਦੀ ਨਹੀਂ ਸੀ ਹੋਈ, ਸਿੰਘ ਸਭਾ ਗੁਰੂ ਆਸ਼ੇ ਨੂੰ ਮੁੱਖ ਰਖਕੇ ਕੰਮ ਤਾਂ ਕਰ ਰਹੀਆਂ ਸਨ ਪਰ ਇਕੱਲੀਆਂ ਗਡੀ ਨੂੰ ਨਹੀਂ ਸਨ ਖਿਚਦੀਆਂ, ਜ਼ੋਰ ਤਾਂ ਖੂਬ ਲਾਉਂਦੀਆਂ ਸਨ ਪਰ ਪੈਂਡਾ ਮੁਕਦਾ ਨਾ ਸੀ। ਚੰਗੇ ਭਾਗ ਉਦੋਂ ਹੋਏ ਜਦੋਂ ਖ਼ਾਲਸੇ ਨੂੰ ਸ਼ਰੋਮਣੀ ਜਥਾ ਬਨਾਣ ਦਾ ਖਿਆਲ ਆਇਆ। ਸਭ ਸਿੰਘ ਸਭਾ ਇਕੱਠੀਆਂ, ਆਪਣੇ ਆਪਣੇ ਚੋਣਵੇਂ ਮੁਖੀ ਭੇਜੇ ਅਤੇ ਖ਼ਾਲਸਾ ਦੀਵਾਨਾਂ ਦੀ ਬੁਨਿਆਦ ਰਖੀ। ਸਿਟਾ ਇਹ ਨਿਕਲਿਆ ਕਿ ਜੋ ਕੰਮ ਇਕੱਲਿਆਂ ਇਕੱਲਿਆਂ ਨਹੀਂ ਸਨ ਕਰ ਸਕਦੀਆਂ ਉਹ ਸਭਨੇ ਰਲਕੇ ਅਰੰਭ ਕਰ ਲਿਆ।

ਪਿਆਰੇ ਸਜਣੋਂ ! ਪੰਥ ਦੇ ਚੰਗੇ ਭਾਗਾਂ ਨੂੰ ਦੀਵਾਨ ਬਣ ਗਿਆ ਪਰ ਦੀਵਾਨ ਨੂੰ ਪੰਥ ਵਿਚ ਮਾਨਨੀਯ ਬਨਾਣਾ, ਜਿਨ੍ਹਾਂ ਨੇ ਪੰਥ ਦੀ ਤਾਕਤ ਖੋਹ ਕੇ ਆਪਣੀ ਬਗਲ ਲਈ ਹੋਈ ਹੈ ਉਨ੍ਹਾਂ ਨੂੰ ਸਿਧੇ ਰਸਤੇ ਪਾਕੇ ਮੁੜ ਉਹ ਤਾਕਤ ਪੰਥ ਦੇ ਹਵਾਲੇ ਕਰਨੀ ਅਤੇ ਜਥੇਬੰਦੀ ਅਟੱਲ ਬਨਾਣਾ ਇਹ ਸਾਰਾ ਕੰਮ ਅਜੇ ਬਾਕੀ ਹੈ। ਪਾਠਕ ਜੀ ਤੁਸਾਂ ਦੇਖ ਲਿਆ ਹੈ ਕਿ ਜੋ ਖ਼ਾਲਸੇ ਨੇ ਜੋ ਦੀਵਾਨ ਜਥੇਬੰਦੀ ਦੀ ਸ਼ਕਲ ਸ਼ੁਰੂ ਕੀਤੀ ਹੈ ਹੁਣ ਅਗੇ ਇਹ ਦਸਾਂਗਾ ਕਿ ਇਸ ਜਥੇਬੰਦੀ ਨੂੰ ਅਟਲ ਬਣਾਨ ਲਈ ਸਾਡੇ ਵਿਚ ਕੀ ਸਿਫਤਾਂ ਹੋਣੀਆਂ ਚਾਹੀਦੀਆਂ ਹਨ। ਅਤੇ ਇਸ ਦਾ ਕੀ ਸਿੱਟਾ ਨਿਕਲੇਗਾ।

Sri Satguru Jagjit Singh Ji eLibrary NamdhariElibrary@gmail.com

ਉਤੇ ਆਪ ਨੂੰ ਦਸਿਆ ਗਿਆ ਹੈ ਕਿ ਜਥੇ ਵਿਚ ਰਲੇ ਬਿਨਾਂ ਪੁਰਸ਼ਾਂ ਦਾ ਜੀਵਨ ਵੀ ਕਠਨ ਹੈ ਅਤੇ ਵਖਰੇ ਵਖਰੇ ਜਥਿਆਂ ਦੀ ਬਨਾਵਟ ਪਰ ਵਿਚਾਰ ਕਰਨ ਦਾ ਸਿੱਟਾ ਕੱਢਿਆ ਹੈ ਕਿ ਚੀਫ ਖ਼ਾਲਸਾ ਦੀਵਾਨ ਦੀ ਬਣਾਵਟ ਇਕ ਅਦੁਤੀ ਲੋੜ ਪੂਰਤੀ ਦਾ ਕੰਮ ਹੈ। ਪਰ ਇਸੇ ਚੀਜ਼ ਦਾ ਬਣਨਾ ਹੀ ਕਾਫੀ ਨਹੀਂ। ਨਮੂਨਾ ਬਣਾ ਕੇ ਰਖ ਦਿੱਤਾ। ਕਾਗਜ਼ਾਂ ਵਿਚ ਤਾਂ ਸਭ ਠੀਕ ਠਾਕ ਹੋ ਗਿਆ ਪਰ ਮੂਰਤ ਵਿਚ ਜਾਨ ਪਾਕੇ ਉਸ ਨੂੰ ਜੀਵਾਉਣਾ ਅਜੇ ਬਾਕੀ ਹੈ।

**2. ਜਿਨ੍ਹਾਂ ਕੌਮਾਂ ਵਿਚ ਜਥੇਬੰਦੀ ਠੀਕ ਠਾਕ ਚਲ ਸਕਦੀ ਹੈ ਉਨ੍ਹਾਂ ਵਿਚ ਕੀ ਗੁਣ ਹੋਣੇ ਚਾਹੀਦੇ ਹਨ।**

ਹੁਣ ਏਸ ਗੱਲ ਪਰ ਵਿਚਾਰ ਕੀਤੀ ਜਾਵੇਗੀ। ਹਰ ਇਕ ਪੁਰਸ਼ ਨੂੰ ਜੋ ਉਸ ਪੰਥ ਦਾ ਮੈਂਬਰ ਹੋਵੇ ਇਹ ਸੁਭਾਵਕ ਹੀ ਉਤਸ਼ਾਹ ਹੋਣਾ ਚਾਹੀਏ ਕਿ ਮੈਂ ਮਿਲਕੇ ਕੰਮ ਕਰਾਂ। ਜਦ ਤਕ ਇਕ ਸਿੱਖ ਦੇ ਦਿਲ ਵਿਚ ਇਹ ਉਦੇਸ਼ "**ਹੋਇ ਇਕਤ੍ਰ ਮਿਲਹੁ ਮੇਰੇ ਭਾਈ**" ਆਪਣੀ ਪੂਰਣਤਾ ਵਿਖੇ ਅਸਰ ਨਹੀਂ ਕਰਦਾ ਜਥੇਬੰਦੀ ਹੋਣੀ ਕਠਨ ਹੈ। ਭਲਾ ਸੋਚੋ ਖਾਂ, ਜਦ ਕਲਾ ਦਾ ਹਰ ਪੁਰਜਾ ਠੀਕ ਠਾਕ ਆਪਣੀ ਥਾਂ ਤੇ ਕੰਮ ਨਾ ਕਰੇ, ਇੰਜਣ ਕੀਕੂੰ ਚੱਲੇ ? ਮੇਲ ਹੋਣਾ ਅਸੰਭਵ ਹੈ, ਜਦ ਤਕ ਸਭ ਦੇ ਦਿਲ ਦੀ ਅੰਤਰ ਦੀ ਚਾਹ ਨਾ ਹੋਵੇ। ਸਾਡੇ ਵਿਚ ਤਾਂ '**ਤੇਰੀ ਦਾਹੜੀ ਹਿਲਦੀ ਹੈ**' ਵਾਲੀ ਕਹਾਵਤ ਠੀਕ ਵਰਤਦੀ ਹੈ। ਸਜਣ ਪੁਰਸ਼ ਇਹ ਬਹਾਨਾ ਢੂੰਢਦੇ ਰਹਿੰਦੇ ਹਨ ਕਿ ਕਦੇ ਕੋਈ ਸਮਾਂ ਆਵੇ ਤੇ ਅਸੀਂ ਨਿਖੜੀਏ। ਦੂਜੇ ਕੋਲੋਂ ਜ਼ਰਾ ਭੁਲ ਕੇ ਵੀ ਕੋਈ ਕਸੂਰ ਹੋ ਜਾਵੇ ਤਾਂ ਖਿਮਾਂ ਤਾਂ ਖ਼ਾਲਸਾ ਸਿਖਿਆ ਹੀ ਨਹੀਂ। ਅਸੀਂ ਇਹ ਸਮਝ ਬੈਠਦੇ ਹਾਂ ਕਿ ਪੰਥ ਸੇਵਕ ਆਦਮੀ ਨਹੀਂ। ਗੁਰੂ ਸਾਹਿਬ ਦਾ ਏਹ ਵਾਕ ਕਿ, "ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ" ਸਾਨੂੰ ਦੇਗਚਾ ਹਥ ਆ ਜਾਵੇ ਕਿ ਅਸੀਂ ਵਖ ਢਾਈ ਪਾ ਖਿਚੜੀ ਰਿੰਨ੍ਹ ਲਈਏ। ਸਜਣੋ ! ਜਦ ਇਹ ਹਾਲ ਹੋਇਆ ਤਾਂ ਮਿਲਨਾ ਕਿਥੇ ? ਜਦ ਤਕ ਹਰ ਇਕ ਸਿੱਖ ਦਾ ਦਿਲ ਇਸ ਉਬਾਲੇ ਉਬਲਦਾ ਨਹੀਂ ਕਿ ਅਸੀਂ ਰਲ ਕੇ ਕੰਮ ਕਰੀਏ, ਸਾਡੀ ਕੋਈ ਵੀ ਜਥੇਬੰਦੀ ਹੋਣੀ ਯਾ ਰਚਨਾ ਕਠਨ ਹੈ। ਇਸ ਲਈ ਪਹਿਲੀ ਸਿਫਤ ਜੋ ਅਸੀਂ ਸਾਰੇ ਸਿੱਖ ਆਪਣੇ ਵਿਚ ਪੈਦਾ ਕਰੀਏ ਇਹ ਹੈ ਕਿ ਅਸੀਂ ਜਿਸ ਤਰ੍ਹਾਂ ਮਾਤਾ ਪਿਤਾ, ਬਚਿਆਂ ਨਾਲ ਸੌ ਤਰ੍ਹਾਂ ਦੇ ਦੰਗੇ ਵੀ ਹੋਣ ਪਰ ਘਰ ਨਹੀਂ ਛਡ ਦਿੰਦੇ। ਤਿਵੇਂ ਹੀ ਭਾਵੇਂ ਆਪਸ ਵਿਚ ਭਰਾਵਾਂ ਦੇ ਕਿਤਨੇ ਦੰਗੇ ਵੀ ਹੋਣ ਸਾਨੂੰ ਜਥੇਬੰਦੀ ਛਡਨੀ ਨਹੀਂ ਚਾਹੀਦੀ। ਨਲਾਇਕਾਂ ਨੂੰ ਜਥੇ ਵਿਚੋਂ ਕਢੋ। ਇਹ ਸਿਆਣਪ ਨਹੀਂ ਕਿ ਘਰ ਵਿਚ ਚੋਰ ਆ ਵੜੇ ਤੇ ਘਰੋਂ ਨਿਕਲ ਚਲੀਏ। ਖ਼ਾਲਸਾ ਜੀ ਇਉਂ ਕੀਤਿਆਂ ਤਾਂ ਲੁਕਾ ਤੁਕਾ ਹੀ ਨਹੀਂ ਰਹਿਣਾ। ਚੋਰਾਂ ਦੇ ਘਰ ਆਏ ਦੇਖ ਕੇ ਆਪ ਨਾ ਨੱਸੋ ਸਗੋਂ ਉਨ੍ਹਾਂ ਨੂੰ ਮਾਰ ਕੇ ਬਾਹਰ ਕੱਢੋ। ਘਰ ਨਾ ਛੱਡੋ। ਕੈਦਾ ਬਣਾ,

Sri Satguru Jagjit Singh Ji eLibrary NamdhariElibrary@gmail.com

ਮਕਾਨ ਬਣਾ ਔਹ ਕਰ, ਇਹ ਕਰ, ਦੋ ਮਹੀਨੇ ਮਗਰੋਂ ਭਾਈ ਜੀ ਢੇਰੀ ਢਾਹ ਕੇ ਬਹਿ ਜਾਂਦੇ ਹਨ। ਕਾਰਨ ਪੁਛੋ ਤਾਂ ਭੈੜਾ ਜਿਹਾ ਮੂੰਹ ਬਣਾ ਕਿ ਆਖ ਦੇਣਗੇ, ਕੀ ਕਰੀਏ ਜੀ, ਅਮਕਾ ਆਦਮੀ ਬੜਾ ਸ਼ਰੀਰ (ਸ਼ਰਾਰਤੀ) ਹੈ ਉਹ ਆਣ ਵੜਿਆ, ਕੰਮ ਕਰਨਾ ਕਠਨ ਹੈ। ਭਲਾ ਪੁਛੋ ਭਾਈ ਜੀ ਕਿ ਜੇ ਤੁਸੀਂ ਕਦੀ ਵਿਚ ਹੁੰਦੇ ਤਾਂ ਕੁਝ ਤਾਂ ਉਹਦੀ ਸ਼ਰਾਰਤ ਨੂੰ ਰੋਕਦੇ। ਹੁਣ ਤੁਸਾਂ ਉਹਨੂੰ ਖੁਲ੍ਹ ਜੋ ਦੇ ਦਿੱਤੀ। ਕੀ ਇਹਦੇ ਨਾਲ ਉਹਦੀ ਸ਼ਰਾਰਤ ਘਟ ਹੋ ਜਾਊ ਜਾਂ ਸੰਸਥਾ ਦਾ ਵਧੇਰਾ ਨੁਕਸਾਨ ਹੋਊ ? ਪਿਆਰੇ ਮਿਤਰੋ ! ਜਦ ਤਕ ਸਾਡੇ ਵਿਚ ਹੌਸਲਾ ਨਹੀਂ ਹੈ, ਜਦ ਤਕ ਹਰ ਇਕ ਸਿੰਘ ਦਿਲ ਵਿਚ ਇਹ ਪ੍ਰਣ ਨਹੀਂ ਕਰ ਲੈਂਦਾ ਕਿ ਮੈਂ ਜਥੇਬੰਦੀ ਵਿਚ ਰਹਿਣਾ ਹੈ , ਕਿਸੇ ਜਥੇ ਦਾ ਚਲਣਾ ਅਸੰਭਵ ਹੈ। ਡੱਡਾਂ ਦੀ ਭਲਾ ਕੋਈ ਪੋਟਲੀ ਕੀਕੂੰ ਬੰਨ੍ਹੂ ? ਜਦ ਹਰ ਇਕ ਦਾ ਜੀ ਟਪੋਸੀ ਤੇ ਹੋਵੇ, ਉਨ੍ਹਾਂ ਨੂੰ ਰੋਕੇ ਕੌਣ ? ਖ਼ਾਲਸਾ ਜੀ ਕੱਠੇ ਰਹਿਣ ਨਾਲ ਹੀ ਬਚ ਸਕਦੇ ਹਾਂ। ਇਥੇ ਇਕ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਮਾਲੂਮ ਹੁੰਦਾ ਜੋ ਕਿ ਬਹੁਤਿਆਂ ਨੂੰ ਧੋਖਾ ਦੇ ਜਾਂਦੀ ਹੈ। ਕਈ ਵਾਰੀ ਸਜਣਾਂ ਨੂੰ ਜਾਪਦਾ ਹੈ ਕਿ ਇਕਲੇ ਅਸੀਂ ਬਹੁਤਾ ਕੰਮ ਕਰ ਸਕਦੇ ਹਾਂ। ਜਥੇਬੰਦੀ ਵਿਚ ਸਾਡੀ ਚਾਲ ਧੀਮੀ ਪੈ ਜਾਂਦੀ ਹੈ। ਇਹ ਗਲ ਜਾਪਣ ਵਿਚ ਤਾਂ ਠੀਕ ਹੈ ਪਰ ਵਿਚਾਰਨ ਪਰ ਬੜੀ ਹੀ ਹਾਨੀਕਾਰਕ ਹੈ। ਲਓ ਉਦਾਹਰਣ ਦੇ ਕੇ ਇਸ ਨੂੰ ਸਪਸ਼ਟ ਕੀਤਾ ਜਾਂਦਾ ਹੈ। ਮੰਨ ਲਓ ਕਿ ਇਕ ਪੁਰਸ਼ ਨੇ 100 ਮਣ ਬੋਝ ਇਕ ਮੀਲ ਦੇ ਫਾਸਲੇ ਪਰ ਲੈ ਜਾਣਾ ਹੈ। ਇਹ ਬੇਸ਼ਕ ਸੌਖੀ ਗਲ ਹੈ ਕਿ ਉਹ ਵੀਹ ਸੇਰ ਸਿਰ ਤੇ ਚਕ ਲਏ ਅਤੇ ਨਚਦਾ ਟਪਦਾ ਚਲਾ ਜਾਵੇ ਪਰ ਸਾਢੇ ਨੜਿੰਨਵੇਂ ਮਣ ਦਾ ਕੀ ਹਾਲ ? ਜਿਸ ਵੇਲੇ ਮੀਲ ਭਰ ਤੇ ਜਾਊ ਉਹਨੂੰ ਪਤਾ ਲਗ ਜਾਊ ਕਿ ਪਿਛਲਾ ਤੇ ਚੋਰ ਲੁਟ ਕੇ ਲੈ ਗਏ ਅਤੇ ਮੈਂ ਵੀ ਵੀਹ ਸੇਰ ਕੱਲਾ ਹੁਣ ਛੇਤੀ ਹੀ ਹੜੱਪ ਜਾਵਾਂਗਾ। ਜੇ ਮੁਢੋਂ ਮਰ ਨਾ ਗਿਆ ਤਾਂ ਮੋਇਆਂ ਵਾਂਗ ਜ਼ਰੂਰ ਹੋ ਜਾਵਾਂਗਾ। ਪਿਆਰੇ ਜੀ ! ਹੋ ਸਕਦਾ ਹੈ ਕਿ ਇਕ ਜ਼ਿਲ੍ਹੇ ਦੇ ਸੱਜਣ ਛੇਤੀ ਅਗੇ ਵਧ ਜਾਣ ਪਰ ਇਕ ਪਿੰਡ ਜਾਂ ਜ਼ਿਲ੍ਹੇ ਦੀ ਸਿੱਖੀ ਦੀ ਉਨਤੀ ਤਾਂ ਪੰਥ ਉਨਤੀ ਨਹੀਂ ਨਾ ? ਉਹ ਜ਼ਿਲ੍ਹਾ ਅਗੇ ਛਲਾਂਗਾਂ ਮਾਰ ਕੇ ਵਧ ਜਾਊ । ਪਰ ਬਾਕੀ ਦਾ ਦੇਸ ਜਿਹਦੇ ਨਾਲ ਰਲਣ ਕਰਕੇ ਉਸ ਜ਼ਿਲ੍ਹੇ ਨੇ ਸਮਝਿਆ ਸੀ ਕਿ ਮੇਰੀ ਚਾਲ ਧੀਮੀ ਪੈ ਜਾਊ ਤੇ ਅਨਮਤੀ ਚੋਰ ਲੁਟ ਮਾਰ ਕਰਕੇ ਬਾਕੀ ਨੂੰ ਮੁਕਾ ਦੇਣਗੇ ? ਕਿ ਪਿਛੇ ਦੇ ਭਰਾ ਤਾਂ ਸਾਰੇ ਮੁਕ ਚੁਕੇ ਤੇ ਅਸੀਂ ਕੱਲੇ ਇਸ ਲਾਇਕ ਨਹੀਂ ਕਿ ਆਪਣਾ ਆਪ ਬਚਾ ਸਕੀਏ। ਇਸ ਵੇਲੇ ਇਕ ਭੇਡਾਂ ਦੇ ਵਾੜੇ ਦੀ ਕਹਾਣੀ ਯਾਦ ਆ ਗਈ ਹੈ ਜੋ ਛੋਟੇ ਹੁੰਦੇ ਪੜ੍ਹੀ ਸੀ। ਇਕ ਭੇਡਾਂ ਦਾ ਵਡਾ ਸਾਰਾ ਵਾੜਾ ਸੀ। ਦਿਨ ਨੂੰ ਭੇਡਾਂ ਚਾਰਾ ਚੁਗ ਕੇ ਰਾਤ ਨੂੰ ਉਥੇ ਹੀ ਆ ਵਿਸ਼ਰਾਮ ਕਰਦੀਆਂ ਸਨ। ਇਕ ਨਵੇਂ ਜੰਮੇ ਲੇਲੇ ਨੂੰ ਇਕ ਦਿਨ ਏਹ ਸੋਚ ਫੁਰੀ ਬਾਈ ਮੈਂ ਕਿਉਂ ਇਸ ਵਾੜੇ ਵਿਚ ਆਵਾਂ

Sri Satguru Jagjit Singh Ji eLibrary NamdhariElibrary@gmail.com

ਬਾਹਰ ਰਹਿ ਕੇ ਕਿਉਂ ਨਾ ਟਪੋਸੀਆਂ ਮਾਰਾਂ ਅਤੇ ਮੋਟਾ ਤਾਜਾ ਹੋਵਾਂ। ਰਾਤ ਆਕੇ ਮਾਂ ਪਾਸ ਉਹਨੇ ਗਲ ਕੀਤੀ ਕਿ ਤੁਸੀਂ ਸਾਰੇ ਬੜੇ ਮੂਰਖ ਹੋ ਜੋ ਰਾਤ ਇਥੇ ਆ ਸਿਰ ਤੁੰਨਦੇ ਹੋ। ਤੁਹਾਨੂੰ ਚਾਹੀਦਾ ਹੈ ਬਨ ਦੀ ਹਵਾ ਖਾਓ ਤੇ ਮੌਜਾਂ ਲੁਟੋ। ਕੱਲੇ ਕੱਲੇ ਵਿਚਰੋ ਅਤੇ ਮੋਟੇ ਤਾਜੇ ਹੋਵੋ। ਮਾਂ ਨੇ ਕਿਹਾ ਬੱਚਾ ਕੱਲੇ ਹੋਣ ਵਿਚ ਮੌਤ ਦਾ ਡਰ ਹੈ। ਇਥੇ ਕੱਠੇ ਰਹਿਣ ਵਿਚ ਕੁਝ ਆਜ਼ਾਦੀ ਤਾਂ ਸਾਡੀ ਮਾਰੀ ਜਾਂਦੀ ਹੈ ਪਰ ਉਸ ਆਜ਼ਾਦੀ ਦੇ ਬਦਲੇ ਸਾਡੀ ਜਾਨ ਬਚਦੀ ਹੈ। ਜੇ ਜਾਨ ਹੀ ਨ ਰਹੀ ਤਾਂ ਆਜ਼ਾਦੀ ਕਿਸ ਕੰਮ। ਸਾਨੂੰ ਇੰਨੀ ਆਜ਼ਾਦੀ ਨਹੀਂ ਚਾਹੀਦੀ। ਜਿਸ ਵਿਚ ਜਾਨ ਗੰਵਾ ਬੈਠੀਏ। ਲੇਲੇ ਨੇ ਕਿਹਾ ਕਿ ਮਾਂ ਤੂੰ ਬੁਢੀ ਹੈ, ਤੇਰੇ ਵਿਚ ਕੰਮ ਕਰਨ ਦਾ ਦਮ ਨਹੀਂ। ਤੂੰ ਹੋਰਨਾਂ ਨਾਲ ਆ ਸਿਰ ਜੋੜਨੀ ਹੈ ਮੈਂ ਕੱਲਾ ਹੀ ਵੇਖ ਕਿਸ ਤਰ੍ਹਾਂ ਮੋਟਾ ਤਾਜ਼ਾ ਹੁੰਦਾ ਹਾਂ। ਮਾਂ ਨੇ ਕਿਹਾ ਚੰਗਾ ਬੱਚਾ ਤੂੰ ਨਾ ਜਿਤਿਆ ਜਾਣ ਵਾਲਾ ਪੰਡਤ ਹੈ। ਮੈਂ ਕੁਝ ਨਹੀਂ ਆਖ ਸਕਦੀ, ਦੂਜੇ ਦਿਨ ਸਾਰੀਆਂ ਭੇਡਾਂ ਵਾੜੇ ਵਿਚ ਆ ਗਈਆਂ ਅਤੇ ਲੇਲੇ ਹੁਰੀਂ ਕਿਤੇ ਲੁਕ ਰਹੇ ਅਤੇ ਲਗੇ ਖੁਲੀ ਹਵਾ ਦੇ ਮਜ਼ੇ ਉਡਾਉਣ। ਸਚਮੁਚ ਰਾਤ ਦੀ ਚਾਂਦਨੀ ਤੇ ਰੁਮਕਦੀ ਰੁਮਕਦੀ ਠੰਢੀ ਹਵਾ ਨਵੀਂ ਜਾਨ ਪਾ ਦੇਣ ਵਾਲੀ ਸੀ। ਘਾਹ ਤੇ ਛੋਟੀ ਛੋਟੀ ਤ੍ਰੇਲ ਪਈ ਅਤੇ ਸਵਾਦਲਾ ਹੋ ਗਿਆ ਸੀ। ਲੇਲਾ ਹੋਰ ਵੀ ਫੁੰਡਰਿਆ ਅਤੇ ਦਿਲ ਵਿਚ ਆਖਣ ਲਗਾ ਵੇਖ ਤਾਂ ਸਵੇਰੇ ਆਪਣੀ ਮੂਰਖ ਮਾਂ ਨੂੰ ਕਿਕੂੰ ਸਮਝਾਉਂਦਾ ਹਾਂ। ਥੋੜ੍ਹੀ ਦੇਰ ਚੈਨ ਵਿਚ ਲੰਘੀ ਮਗਰੋਂ ਬਘਿਆੜ ਹੋਰਾਂ ਆਣ ਦਰਸ਼ਨ ਦਿਤੇ ਤਾਂ ਲੇਲੇ ਦੇ ਭਾ ਦੀ ਆਣ ਬਣੀ ਅਤੇ ਉਧਰ ਬਘਿਆੜ ਹੋਰੀਂ ਵੀ ਪਰਸੰਨ ਕਿ ਹੁਣ ਇਨ੍ਹਾਂ ਦੇ ਕੂਲੇ ਮਾਸ ਦਾ ਖੂਬ ਗੱਫਾ ਲਗੇਗਾ। ਪਰ ਚੰਗੇ ਭਾਗਾਂ ਨਾਲ ਅਯਾਲੀ ਟੋਲਦਾ ਟੋਲਦਾ ਆ ਨਿਕਲਿਆ ਅਤੇ ਮੂਰਖ ਲੇਲੇ ਨੂੰ ਛੁਡਾ ਲਿਆ। ਪਰ ਲੇਲੇ ਨੂੰ ਚੰਗੀ ਸੰਥਾ ਮਿਲੀ ਅਤੇ ਮੁੜ ਕਦੀ ਬਾਹਰ ਨਾ ਗਿਆ। ਇਧਰ ਖ਼ਾਲਸਾ ਜੀ ਜਥੇ ਵਿਚੋਂ ਕਿਰਦਾ ਹੀ ਨਿਗਲਿਆ ਜਾਂਦਾ ਹੈ ਪਰ ਫਿਰ ਸੋਚ ਨਹੀਂ ਕਰਦਾ ਕਿ ਜਥੇ ਵਿਚ ਰਹਿਣਾ ਚੰਗਾ ਹੈ। ਹਰ ਇਕ ਵਖਰੀ ਆਪਣੀ ਤਿੰਨਾਂ ਕਖਾਂ ਦੀ ਝੁੱਗੀ ਪਾਉਣੀ ਚਾਹੁੰਦਾ ਹੈ ਅਤੇ ਸਿੱਟਾ ਇਹ ਨਿਕਲਦਾ ਹੈ ਕਿ ਜਦ ਹਵਾ ਚਲਦੀ ਹੈ ਤਾਂ ਭਾਈ ਹੁਰਾਂ ਦੀ ਕੁੱਲੀ ਉਡ ਜਾਂਦੀ ਹੈ। ਪਿਆਰੇ ਜੀ ! ਏਸ ਲਈ ਸਭ ਤੋਂ ਪਹਿਲਾ ਗੁਣ ਜੋ ਉਸ ਪੰਥ ਵਿਚ ਹੋਣਾ ਉਚਿਤ ਹੈ, ਜੋ ਉਨਤੀ ਕਰਨਾ ਚਾਹੁੰਦਾ ਹੈ, ਇਹ ਹੈ ਕਿ ਮਿਲਕੇ ਕੰਮ ਕਰੀਏ ਚਾਹੇ ਸਾਡੀ ਥੋੜ੍ਹੀ ਜਿਹੀ ਆਜ਼ਾਦੀ ਚਲੀ ਭੀ ਜਾਵੇ ਤਾਂ ਭੀ ਭਰਾਵਾਂ ਨਾਲ ਰਲ ਤੁਰੀਏ। ਜਦ ਤਕ ਇਹ ਸਮਝ ਹਰ ਇਕ ਦੀ ਮੱਤ ਵਿਚ ਪੱਕੀ ਨਹੀਂ ਬੈਠ ਜਾਂਦੀ ਸਾਰੇ ਉਦਮ ਨਿਹਫਲ ਹਨ। ਜਦ ਸਭਾ ਬਣਾਵਾਂਗੇ ਟੁਟੇਗੀ, ਜਦ ਜੱਥਾ ਬਨਾਵਾਂਗੇ, ਖਿੰਡੇਗਾ। ਜਦ ਦੀਵਾਨ ਬਣਾਵਾਂਗੇ ਫੁਟ ਪਵੇਗੀ। ਅੱਜ ਕੱਲ ਤਾਂ ਇਹ ਹਾਲ ਹੈ ਕਿ ਹਰ ਇਕ ਸੱਜਣ ਆਪਣੇ ਆਪ ਨੂੰ ਤ੍ਰਿਆਕਾਲ ਸਮਝਦਾ ਹੈ।

Sri Satguru Jagjit Singh Ji eLibrary NamdhariElibrary@gmail.com

ਹੋਰਨਾਂ ਦੀ ਗੱਲ ਕੀ ਕਰੀਏ ? ਉਸੀ ਜਥੇ ਦੇ ਮੈਂਬਰਾਂ ਜਥੇ ਦੀ ਨਿੰਦਯਾ ਕਰਨੀ ਆਰੰਭ ਕਰ ਦਿੰਦੇ ਹਨ ਅਤੇ ਇਹ ਨਹੀਂ ਸਮਝਦੇ ਕਿ ਇਸ ਵਿਚ ਅਸੀਂ ਲਿਆਕਤ ਹੀ ਦਸ ਰਹੇ ਹਾਂ । ਭਲਾ ਇਕ ਦੀਵਾਨ ਜਦ ਅਜਿਹਾ ਬਣ ਜਾਵੇ ਜਿਸ ਵਿਚ ਹਰ ਇਕ ਸਿੰਘ ਸਭਾ ਬਿਨਾ ਰੋਕ ਟੋਕ ਇਕ ਪ੍ਰਤੀਨਿਧ ਕੈਦਿਆਂ ਅਨੁਸਾਰ ਭੇਜ ਸਕੇ ਤਾਂ ਫਿਰ ਸਿੱਖ ਨੂੰ ਕੀ ਇਤਰਾਜ਼ ਹੋਣਾ ਚਾਹੀਦਾ ਹੈ ਕਿ ਉਸ ਜਥੇ ਨਾਲ ਨਾ ਰਲੇ ? ਅਸਾਂ ਕਈ ਪਾਸੇ ਹਾਮੇ ਦੀਆਂ ਗੱਲਾਂ ਕਈਆਂ ਦੇ ਮੂੰਹੋਂ ਸੁਣੀਆਂ ਹਨ । ਸੱਜਣ ਇਹ ਸਮਝਦੇ ਹਨ ਕਿ ਜੋ ਪੁਰਸ਼ ਕਿਸੇ ਸਭਾ ਜਾਂ ਦੀਵਾਨ ਦੇ ਸਕਤ੍ਰ ਤੇ ਪ੍ਰਧਾਨ ਹੋ ਜਾਣ ਸਭਾ ਉਨ੍ਹਾਂ ਦੀ ਹੋ ਜਾਂਦੀ ਹੈ । ਪਰ ਇਹ ਨਹੀਂ ਸਮਝਦੇ ਕਿ ਜੇ ਕਦੇ ਸਕਤ੍ਰ ਤੇ ਪ੍ਰਧਾਨ ਨਿਕੰਮੇ ਹੋ ਜਾਣ ਤਾਂ ਸੌਣ ਤੋਂ ਅਗੇ ਅਸੀਂ ਉਨ੍ਹਾਂ ਨੂੰ ਅਲੱਗ ਕਰਕੇ ਨਵੇਂ ਚੰਗੇ ਚੁਣ ਸਕਦੇ ਹਾਂ । ਪਰ ਜੋ ਕੰਮ ਕਰਨਾ ਚਾਹੀਦਾ ਹੈ ਜਥੇਬੰਦੀ ਦੇ ਨਿਯਮਾਂ ਅਨੁਸਾਰ ਹੋਣਾ ਉਚਿਤ ਹੈ ਅਤੇ ਧਰਮ ਭਾਵ ਨੂੰ ਮੁੱਖ ਰਖਕੇ ਕੰਮ ਕਰਨਾ ਚਾਹੀਦਾ ਹੈ । ਪਰ ਅਜੇ ਪ੍ਰੇਮ ਦੇ ਅਸੂਲ ਤੇ ਧਰਮ ਭਾਵ ਨੂੰ ਮੁਖ ਰਖ ਕੇ ਕਾਰਜ ਕਰਨਾ "ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ" ਦੇ ਗੁਰਵਾਕ ਦੇ ਅਸੂਲ ਨੂੰ ਮੁੱਖ ਰਖਕੇ ਅਨਡਿਠ ਕਰਨ ਦਾ ਅਸੂਲ ਅਜੇ ਪੰਥ ਵਿਚ ਬਹੁਤ ਘਟ ਵਰਤੀਂਦਾ ਹੈ ਤੇ ਆਪਾ ਧਾਪੀ ਹੀ ਪ੍ਰਧਾਨ ਭਾਸਦੀ ਹੈ । ਖ਼ਾਲਸਾ ਜੀ ਨੂੰ ਤਾਂ ਅਫਸੋਸ ਆਉਂਦਾ ਹੈ ਕਿ ਇਹ ਆਪਾ ਧਾਪੀ ਕਦ ਤਕ ਸਾਡੇ ਵਿਚ ਰਹੇਗੀ । ਕਦ ਇਨ੍ਹਾਂ ਨੂੰ ਇਹ ਠੀਕ ਵਿਸ਼ਵਾਸ਼ ਹੋਵੇਗਾ ਕਿ ਮਿਲਕੇ ਕੰਮ ਬਾਹਲਾ ਤੇ ਸੌਖਾ ਹੋ ਸਕਦਾ ਹੈ । ਕਦ ਇਨ੍ਹਾਂ ਨੂੰ ਇਹ ਪਰਗਟ ਗੱਲ ਦਿੱਸੇਗੀ ਕਿ ਥਾਂ ਥਾਂ ਦੇਗਚੇ ਦੀ ਭਾਪ ਨਿਕਲ ਗਈ ਤਾਂ ਕੱਖ ਨਹੀਂ ਬਣਨਾ, ਇਸਨੂੰ ਇਕ ਥਾਂ ਇੰਜਨ ਵਿਚ ਭਰੀਏ ਤਾਹੀਓਂ ਹੀ ਗੱਡੀ ਤੁਰਦੀ ਹੈ ! ਕੀ ਕਦੀ ਪਿਆਰੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਸਕੇ ਭਰਾਵਾਂ ਵਾਂਗਣ ਮਿਲਕੇ ਕੰਮ ਕਰਨਗੇ ? ਅਸੀਂ ਇਸ ਸਿੱਕ ਵਿਚ ਹੀ ਨਾ ਗੁਜਰ ਜਾਈਏ ਵਾਹਿਗੁਰੂ ਵਿਖਾਵੇ ਕਿ ਹਰ ਇਕ 'ਹਉਮੈ' ਦੇ 'ਦੀਰਘ ਰੋਗ' ਨੂੰ ਅੰਦਰੋਂ ਕਢਕੇ ਭਰਾਵਾਂ ਦੀ ਗਲ ਮੰਨਕੇ ਤੁਰੇਗਾ, ਅਤੇ ਜਥੇਬੰਦੀ ਦੇ ਪਹਿਲੇ ਅਸੂਲ ਨੂੰ ਪਛਾਣੇਗਾ ਕਿ 'ਮਿਲਬੇ ਕੀ ਮਹਿਮਾ ਬਰਨ ਨ ਸਾਕਉ ਨਾਨਕ ਪਰੈ ਪਰੀਲਾ' ਮਿਲਕੇ ਰਹਿਣਾ ਹੀ ਉਨਤੀ ਦਾ ਕਾਰਣ ਹੈ ਅਤੇ ਸਮੁਚੀ ਕੰਮ ਕਰਨ ਵਾਲਿਆਂ ਦੀ ਸਲਾਹ ਮੇਲ ਕੇ ਤੁਰਨਾ ਅੰਤ ਨੂੰ ਲਾਭਦਾਇਕ ਹੁੰਦਾ ਹੈ ।

ਹੁਣ ਆਪ ਨੂੰ ਇਹ ਪਤਾ ਲਗ ਗਿਆ ਹੋਵੇਗਾ ਕਿ ਜਦ ਤਕ ਹਰ ਇਕ ਸਿੰਘ (ਯਾ ਘਟ ਤੋਂ ਘਟ ਬਹੁਤੇ ਸਿੰਘ) ਆਪਣੀ ਹਉਮੈ ਨੂੰ ਨਾ ਛਡ ਦੇਣ ਜਥੇਬੰਦੀ ਹੋ ਹੀ ਨਹੀਂ ਸਕਦੀ ਖ਼ੁਦਗਰਜ਼ ਆਦਮੀ ਕਦੇ ਕਠੇ ਨਹੀਂ ਹੋ ਸਕਦੇ । ਥੋੜ੍ਹਾ ਚਿਰ ਕਠੇ ਰਹਿ ਕੇ ਫਿਰ ਟੁਟਣਗੇ , ਇਸ ਲਈ ਹਰ ਇਕ ਸਿੱਖ ਮਾਤ੍ਰ ਦਾ ਫਰਜ਼ ਹੈ ਕਿ ਉਹ ਮਿਲਕੇ ਕੰਮ ਕਰਨ ਦੀ ਵਾਦੀ ਪਾਵੇ । ਹੁਣ ਇਹ ਦਸਿਆ ਜਾਵੇਗਾ ਕਿ ਜਦ ਜੱਥਾ ਬਣ ਜਾਵੇ ਤਾਂ ਚਲਦਾ ਕਿਕੂੰ ਰਹੇ, ਕਿਸ ਤਰ੍ਹਾਂ ਉਹ ਅਟੱਲ ਹੋ ਜਾਏ ?

Sri Satguru Jagjit Singh Ji eLibrary NamdhariElibrary@gmail.com

ਅਸੀਂ ਦੂਜੇ ਮੁਲਕਾਂ ਵਿਚ ਦੇਖਦੇ ਹਾਂ ਕਿ ਸਭਾ ਸੁਸਾਇਟੀਆਂ ਪਾਰਲੀਮੈਂਟ ਕਈ ਸਾਲਾਂ ਤੋਂ ਬਣੇ ਹੋਏ ਤੇ ਚਲ ਰਹੇ ਹਨ ਪਰ ਸਾਡੀਆਂ ਸਭਾ ਸੁਸਾਇਟੀਆਂ ਤੀਜੇ ਦਿਨ ਟੁਟ ਜਾਂਦੀਆ ਹਨ। ਜਿਨ੍ਹਾਂ ਨੂੰ ਮਿਲਕੇ ਕੰਮ ਕਰਨ ਦਾ ਚਾਉ ਭੀ ਹੈ ਉਹ ਭੀ ਕੋਈ ਸਭਾ ਨਹੀਂ ਚਲਾ ਸਕਦੇ ਇਹਦਾ ਕੀ ਕਾਰਨ ਹੈ ?

ਡੂੰਘੀ ਵਿਚਾਰ ਕਰੋਗੇ ਤਾਂ ਆਪਨੂੰ ਸੁਤੇ ਹੀ ਪਤਾ ਲਗ ਜਾਵੇਗਾ ਕਿ ਉਹ ਕਿਹੜੀ ਕਮਜ਼ੋਰੀ ਸਾਡੇ ਵਿਚ ਹੈ ਜੇਹੜੀ ਸਾਡੇ ਕੰਮਾਂ ਦਾ ਗਲ ਜੰਮਦੇ ਹੀ ਘੁੱਟ ਦੇਂਦੀ ਹੈ। ਉਹ "ਨਿਯਮਾਂ ਪਰ ਨਾ ਚਲਣਾ" ਹੈ।

ਇਕ ਸਭਾ ਬਣਦੀ ਹੈ, ਮੈਂਬਰ ਗ਼ਰੀਬ ਹੁੰਦੇ ਹਨ। ਸੁਭਾਵਕ ਖਿਆਲ ਪੈਦਾ ਹੁੰਦਾ ਹੈ ਕਿ ਅਸੀਂ ਕੋਈ ਵੱਡਾ ਆਦਮੀ ਆਪਣੇ ਵਿਚ ਵਾੜੀਏ। ਵਿਚਾਰੇ ਇਹ ਸਮਝਦੇ ਹਨ ਕਿ ਜੋ ਦੁਨੀਆਂ ਵਿਚ ਵਡਾ ਹੈ ਉਹ ਹੀ ਧਰਮ ਵਿਚ ਵੱਡਾ ਹੈ ਜਾਂ ਕਿਸੇ ਸਰਦਾਰ, ਚੌਧਰੀ ਦਾ ਲੜ ਫੜਦੇ ਹਨ। ਸਰਦਾਰ ਹੁਰੀਂ ਸੁਖ ਨਾਲ ਸ਼ਰਾਬ ਭੀ ਪੀਂਦੇ, ਬਾਣੀ ਭੀ ਨਹੀਂ ਪੜ੍ਹਦੇ ਅਤੇ ਚਾਰ ਕੁਰਹਿੱਤਾਂ ਦੀ ਥਾਂ ਪੰਜ ਕੁਰਹਿੱਤਾਂ ਕਰਦੇ ਹਨ। ਸਾਫ ਕਹਿ ਦਿੰਦੇ ਹਨ ਕਿ ਅਸੀਂ ਤੁਹਾਡੇ ਵਿਚ ਰਲ ਤਾਂ ਜਾਵਾਂਗੇ, ਸਾਡੀ ਇਤਨੇ ਵਿਚ ਹੀ ਬੜੀ ਬੇਇਜ਼ਤੀ ਹੈ ਪਰ ਅਸਾਂ ਗੁਰਮਰਯਾਦਾ ਨਹੀਂ ਕਰਨੀ। ਸਭਾ ਦਾ ਇਕ ਭੀ ਨਿਯਮ ਨਹੀਂ ਮੰਨਦੇ। ਪਰ ਅਸੀਂ ਸ਼ਾਮਤ ਦੇ ਮਾਰੇ ਇਸਨੂੰ ਹੀ ਗ਼ਨੀਮਤ ਸਮਝਦੇ ਹਾਂ ਕਿ ਸਰਦਾਰ ਸਾਹਿਬ ਸਭਾ ਵਿਚ ਦਰਸ਼ਨ ਆ ਦੇਣ। ਐਤਵਾਰ ਵਾਲੇ ਦਿਨ ਪੰਜ ਵੱਜ ਜਾਂਦੇ ਹਨ। ਕਦੀ ਉਤ੍ਰ ਮਿਲਦਾ ਹੈ ਕਿ ਵੇਹਲ ਨਹੀਂ, ਕਦੀ ਸਰਦਾਰ ਹੋਰੀਂ ਘਰ ਨਹੀਂ, ਕਦੀ ਉਹ ਸੁਖ ਵਿਚ ਹਨ। ਪਰ ਖ਼ੈਰ ਕਿਧਰੇ ਆਪ ਸਭਾ ਵਿਚ ਬਿਰਾਜਮਾਨ ਹੁੰਦੇ ਹਨ ਤਾਂ ਸਾਰੇ ਸਭਾਸਦ ਖਿੜ ਜਾਂਦੇ ਹਨ। ਹੌਲੀ ਹੌਲੀ ਸਰਦਾਰ ਹੋਰੀਂ ਆਪਣੀਆਂ ਆਦਤਾਂ ਖਿਲਾਰਦੇ ਹਨ, ਹੋਰਨਾਂ ਨੂੰ ਭੀ ਆਪਣੇ ਜਿਹਾ ਕਰਨਾ ਅਰੰਭ ਕਰਦੇ ਹਨ ਹੁਣ ਸਾਰਿਆਂ ਦੇ ਕੰਨ ਖੁਲ੍ਹਦੇ ਹਨ, ਟਟਿਆਉਂਦੇ ਹਨ। ਪਰ ਦੂਰ ਬਹੁਤ ਲੰਘ ਗਏ ਹਨ, ਸਰਦਾਰ ਹੁਰਾ ਬਹੁਤੇਰੇ ਪੈਰ ਪਸਾਰ ਲਏ ਹਨ। ਜੱਟ ਤਾਂ ਛੱਡਦਾ ਹੈ ਪਰ ਕੰਬਲੀ ਨਹੀਂ ਛਡਦੀ। ਸਰਦਾਰ ਹੁਰਾਂ ਨੂੰ ਕਢਣਾ ਤਾਂ ਕਿਤੇ ਸਰਦਾਰ ਹੁਰੀਂ **'ਵਿਚਾਰਾ ਜਿਹੜਾ ਕੋਈ ਭਲਾਮਾਣਸ** ਹੈ ਉਸ ਨੂੰ ਕਢਣ ਦੇ ਡਰਾਵੇ ਦੇ ਰਹੇ ਹਨ। ਸਭਾ ਦੀ ਰੌਣਕ ਘਟਕੇ ਅਖ਼ੀਰ ਬੰਦ ਹੋ ਜਾਂਦੀ ਹੈ। ਕਿਉਂ ਪਯਾਰੇ ਜੀ ਅਸੀਂ ਨਿਯਮ ਉਪਰ ਨਾ ਚੱਲੇ, ਅਸਾਂ ਸਮਝਿਆ ਕਿ ਅ੍ਰਧਰਮੀ **ਆਦਮੀ ਧਰਮ ਦਾ ਪ੍ਰਚਾਰ ਕਰ ਸਕਦਾ ਹੈ**। ਇਕ ਆਦਮੀ ਨੂੰ ਸਭਾ ਵਿਚ ਬਠਾਲਣ ਦੀ ਖ਼ਾਤਰ ਨਿਯਮ ਤੋੜਿਆ ਅਤੇ ਸਾਡਾ ਸਤਯਾਨਾਸ ਹੋਇਆ। ਇਹ ਉਤਲੀ ਗਲ ਐਵੇਂ ਬਣਾ ਕੇ ਨਹੀਂ ਲਿਖੀ, ਕਈ ਸਭਾ ਆਪਣੀਆਂ ਕਿਸਮਤਾਂ ਨੂੰ ਇਸੇ ਕਰਕੇ ਰੋ ਰਹੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਸਾਡੇ ਦੇਸ਼ ਵਿਚ ਇਹ ਕਮਜ਼ੋਰੀ ਐਸੀ ਫੈਲੀ ਹੋਈ ਹੈ ਕਿ ਸਾਡੇ ਵਿਚ ਇਕ ਆਮ ਕਹਾਵਤ ਹੈ "ਜੀ ਹਾਕਮ ਜੁ ਹੋਇਆ ਜੋ ਮਰਜ਼ੀ ਚਾਹੇ ਕਰੇ" ਕਦੀ ਭੀ ਸਾਡੇ ਦਿਲ ਵਿਚ ਇਹ ਖਿਆਲ ਨਹੀਂ ਹੁੰਦਾ ਕਿ ਹਾਕਮ ਭੀ ਨਿਯਮਾਂ ਦਾ ਬੱਧਾ ਹੁੰਦਾ ਹੈ; ਨਿਯਮ ਤੋਂ ਵਿਰੁਧ ਉਹ ਕੁਝ ਨਹੀਂ ਕਰ ਸਕਦਾ, ਕਾਨੂੰਨ ਦੀ ਇਕ ਕਿਤਾਬ ਸਰਕਾਰ ਨੇ ਬਣਾਈ ਹੈ ਉਸਦੇ ਉਪਰ ਹਾਕਮ ਦਾ ਚਲਣਾ ਭੀ ਅਵੱਸ਼ਕ ਹੈ । ਇਹ ਕਮਜ਼ੋਰੀ ਸਾਡੇ ਵਿਚ ਬੜੇ ਹਨੇਰ ਪਾ ਰਹੀ ਹੈ, ਚੰਗਿਆਂ ਆਦਮੀਆਂ ਨੂੰ ਮੰਦਾ ਬਣਾ ਰਹੀ ਹੈ । ਭਲਾ ਜਿਸ ਆਦਮੀ ਨੂੰ ਜੋ ਮਰਜ਼ੀ ਚਾਹੇ ਕਰਨ ਦਾ ਅਖਤਿਆਰ ਹੋਵੇ, ਕੋਈ ਮਾਂ ਦਾ ਬੱਚਾ ਸੂਰਮਾ ਹੀ ਹੋਵੇ ਤਾਂ ਖ਼ੁਦਗਰਜ਼ੀ ਤੋਂ ਬਚ ਕੇ ਰਹੇ ਨਾ ? ਸਾਡੇ ਵਿਚ ਇਕ ਹੋਰ ਸਜਣ ਆ ਸ਼ਾਮਲ ਹੁੰਦਾ ਹੈ, ਉਸਨੂੰ ਸਚਮੁੱਚ ਪੰਥ ਦੀ ਸੇਵਾ ਕਰਨ ਦਾ ਚਾਉ ਹੈ । ਨੇਕ ਚਲਨ, ਪਵਿਤ੍ਰ ਜੀਵਨ ਵਾਲਾ ਤੇ ਹਰ ਤਰ੍ਹਾਂ ਲੈਕ ਹੈ । ਆਂਵਦੇ ਹੀ ਜੈਸਾ ਕਿ ਉਸਦਾ ਹੱਕ ਹੈ ਉਹ ਸਭਾ ਦਾ ਸੇਵਕ ਜਾਂ ਪ੍ਰਧਾਨ ਬਣ ਜਾਂਦਾ ਹੈ । ਪਰ ਖ਼ਾਲਸਾ ਜੀ "ਹਉਮੈ ਦੀਰਘ ਰੋਗ ਹੈ" ਕਦੀ ਕਦੀ ਉਹ ਨਿਯਮ ਉਲੰਘ ਤੁਰਦਾ ਹੈ । ਅਸੀਂ ਡਰਦੇ ਮਾਰੇ ਚੁਪ ਕਰੀ ਜਾਂਦੇ ਹਾਂ ਕਿ ਸੱਜਣ ਹੋਰੀ ਵੇਖੀ ਓਇ ਮਤਾਂ ਕਿਧਰੇ ਚਲੇ ਜਾਣ । ਪਿਆਰੇ ਸੱਜਣੋਂ ਅਸੀਂ ਇਹ ਸਮਝਦੇ ਹਾਂ ਕਿ ਸਾਡੀ ਉਨਤੀ ਇਕ ਆਦਮੀ ਦੇ ਸਿਰ ਤੇ ਹੈ, ਸੱਚ ਦੇ ਸਿਰ ਤੇ ਨਹੀਂ ਹੈ । ਹੌਲੀ ਹੌਲੀ ਸੱਜਣ ਹੋਰਾਂ ਨੂੰ ਨਾ ਟੋਕਦੇ ਹੋਏ ਅਸੀਂ ਉਨ੍ਹਾਂ ਦੀ ਜੜ੍ਹੀਂ ਤੇਲ ਦੇ ਦੇਂਦੇ ਹਾਂ । ਚੰਗੀਆਂ ਆਦਤਾਂ ਕੱਢਕੇ ਹਉਮੈਂ ਦਾ ਸੱਪ ਉਨ੍ਹਾਂ ਦੇ ਅੰਦਰ ਵਾੜ ਦੇਂਦੇ ਹਾਂ । ਸਿੱਟਾ ਇਹ ਨਿਕਲਦਾ ਹੈ ਕਿ ਸੱਜਣ ਹੋਰੀਂ ਕਿਸੇ ਨੂੰ ਡੰਗ ਮਾਰਨ ਲਗ ਜਾਂਦੇ ਹਨ । ਜ਼ਰਾ ਗੱਲ ਉਨ੍ਹਾਂ ਦੀ ਰਾਇ ਦੇ ਉਲਟ ਹੋਵੇ ਨਾ ਕਿ ਉਹ ਚੂਹੀ ਵਾਲਾ ਪਰੋਲਾ ਖੋਲ੍ਹ ਬੈਠਦੇ ਹਨ । ਸਚਮੁਚ ਦੀ ਹੀਰੇ ਨੂੰ ਕੋਇਲਾ ਕਰ ਦਿੰਦੇ ਹਾਂ ਕਿਉਂ ਜੇ ਪਹਿਲੇ ਨਿਯਮ ਤੋੜਨ ਪਰ ਹੀ ਸਜਨ ਹੋਰਾਂ ਨੂੰ ਅਰਜ਼ ਕਰ ਦੇਂਦੇ ਤਾਂ ਸਭ ਕੁਝ ਬਚਿਆ ਰਹਿੰਦਾ ।

ਪਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਅਸੀਂ ਆਪ ਤਾਂ ਗਲ ਗਲ ਵਿਚ ਨਿਯਮ ਤੋੜਨ ਨੂੰ ਤਿਆਰ ਹਾਂ । ਇਕ ਨਿਕੀ ਜੇਹੀ ਮਿਸਾਲ ਲੈ ਲਓ । ਜਦ ਅਸੀਂ ਸਟੇਸ਼ਨ ਤੇ ਜਾਂਦੇ ਹਾਂ ਤਾਂ ਰੇਲ ਦੇ ਦੂਜੇ ਪਲੇਟਫਾਰਮ ਤੇ ਜਾਣ ਲਈ ਪੁਲ ਬਣਿਆ ਹੁੰਦਾ ਹੈ ਵਿਚੋਂ ਪਟੜੀ ਉਪਰੋਂ ਦੀ ਲੰਘਣ ਦਾ ਹੁਕਮ ਨਹੀਂ ਹੁੰਦਾ । ਪਰ ਸਾਡਾ ਸਦਾ ਇਹ ਹੀ ਯਤਨ ਹੁੰਦਾ ਰਹਿੰਦਾ ਹੈ ਕਿ ਕਿਵੇਂ ਵਿਚੋਂ ਹੀ ਲੰਘ ਜਾਈਏ ਭਾਵੇਂ ਪੁਲਸ ਦਾ ਸਿਪਾਹੀ ਹੀ ਪਤ ਲਾਹ ਲਏ । ਨਹੀਂ ! ਨਹੀਂ !! ਸਗੋਂ ਕਈ ਵਾਰੀ ਉਸ ਨਾਲ ਲੜਾਈ ਕਰਨ ਨੂੰ ਤਿਆਰ ਹੋ ਜਾਂਦੇ ਹਾਂ ਕਿ ਤੂੰ ਸਾਨੂੰ ਨਿਯਮ ਤੋੜਨ ਤੋਂ ਕਿਉਂ ਰੋਕਦਾ ਹੈਂ । ਪਿਆਰੇ ਸੱਜਣੋ ! ਕੋਈ ਮੁਲਕ ਜਾਂ ਪੰਥ ਇਕ ਆਦਮੀ ਦੇ ਮਗਰ ਲਗਣ ਪਰ ਨਹੀਂ ਤਰ ਸਕਦਾ, ਕਿਉਂ ਆਦਮੀ ਗ਼ਲਤੀ ਖਾ ਸਕਦਾ ਹੈ । ਸਦਾ ਨਿਯਮਾਂ ਪਰ

ਚਲਣ ਨਾਲ, ਨਿਯਮ ਜੋ ਸਚੇ ਤੇ ਦਰੁਸਤ ਹਨ, ਉਨ੍ਹਾਂ ਪਰ ਹੀ ਚਲਣ ਨਾਲ ਉੱਨਤੀ ਹੋ ਸਕਦੀ ਹੈ। ਪਰ ਸਾਡੇ ਵਿਚ ਤਾਂ ਇਹ ਸੁਭਾਵ ਕੁਟ ਕੁਟ ਕੇ ਭਰਿਆ ਹੈ ਕਿ ਕਿਸੇ ਡਰ ਨਾਲ ਭਾਵੇਂ ਕਰ ਦੇਈਏ ਪਰ ਆਪਣਾ ਫਰਜ਼ ਸਮਝਕੇ ਕਦੀ ਕੰਮ ਨਹੀਂ ਕਰਨਾ। ਕਿਸੇ ਕੋਠੀ ਦੇ ਆਲੇ ਦੁਆਲੇ ਤਾਰ ਲਗੀ ਹੋਵੇ, ਕੋਈ ਵੇਖਦਾ ਹੋਵੇ ਤਾਂ ਭਾਵੇਂ ਸਿੰਘ ਹੋਰੀਂ ਨਾ ਟਪਣ, ਐਵੇਂ ਤਾਂ ਜ਼ਰੂਰ ਹੀ ਉਪਰੋਂ ਲੰਘਣਗੇ। ਇਹ ਹੀ ਆਦਤਾਂ ਅਸੀਂ ਸਭ ਸੁਸਾਇਟੀਆਂ ਵਿਚ ਲਿਆਉਂਦੇ ਹਾਂ। ਕਿਸੇ ਦਾ ਮੂੰਹ ਮੁਲਾਹਜੇ ਭਾਵੇਂ ਕੰਮ ਕਰ ਛਡੀਏ ਪਰ ਆਪਣਾ ਫਰਜ਼ ਸਮਝ ਕੇ ਕਦੀ ਨਾ ਕਰਨਾ।

ਇਕ ਅਸੀਂ ਘਰ ਦੀ ਉਦਾਹਰਣ ਲੈ ਲੈਂਦੇ ਹਾਂ। ਸਾਰਿਆਂ ਸਭਾ ਦੀਵਾਨਾਂ ਨੇ ਮਿਲਕੇ "ਚੀਫ ਖ਼ਾਲਸਾ ਦੀਵਾਨ ਬਣਾਯਾ ਤੇ ਨਿਯਮ ਥਾਪਿਆ ਕਿ ਅਸੀਂ ਆਪਣੀ ਆਮਦਨੀ ਦਾ ਵੀਹਵਾਂ ਹਿਸਾ ਦਿਆ ਕਰਾਂਗੇ, ਸਾਲ ਦੇ ਸਾਲ ਆਪਣੀ ਰਿਪੋਟ ਭੇਜਿਆ ਕਰਾਂਗੇ ਆਦਿਕ।

ਸ਼ੋਕ ਨਾਲ ਪ੍ਰਗਟ ਕਰਨਾ ਪੈਂਦਾ ਹੈ ਕਿ ਬਹੁਤ ਥੋੜ੍ਹੇ ਸੱਜਣ ਤਾਂ ਸਭਾਵਾਂ ਹਨ ਜਿਨ੍ਹਾਂ ਨੇ ਇਸ ਆਪਣੇ ਪ੍ਰਣ ਨੂੰ ਨਿਬਾਹਿਆ ਹੈ ਪਰ ਸੁਤੇ ਹੀ ਆਪਣੇ ਥਾਪੇ ਹੋਏ ਨਿਯਮਾਂ ਨੂੰ ਪੂਰਾ ਕਰਨ ਦਾ ਧਿਆਨ ਨਹੀਂ ਆਇਆ।

ਚਾਹੀਦਾ ਹੈ ਕਿ ਸਗੋਂ ਇਹ ਨਿਯਮ ਨੂੰ ਸੱਤ ਦਿਨ, ਸਾਲ ਬਸਾਲ ਸਿਰੇ ਚਾੜ੍ਹਕੇ ਆਪਣਾ ਕਾਰਜ ਆਪ ਸਵਾਰਦੇ, ਪਰ ਤਾਂ ਭੀ ਧੰਨ ਹਨ ਉਹ ਜਿਨ੍ਹਾਂ ਨੇ ਇਸ ਨੂੰ ਨਿਬਾਹਿਆ ਹੈ।

ਐਸੀ ਹਾਲਤ ਵਿਚ ਜਦ ਕਲਾ ਦੇ ਸਾਰੇ ਪੁਰਜੇ ਆਪਣੇ ਆਪ ਨਾ ਤੁਰਨ ਤਾਂ ਤਰੱਕੀ ਕੀ ਹੋ ਸਕਦੀ ਹੈ।

ਪਿਆਰਿਓ ਰਲਕੇ ਕੰਮ ਤਾਂ ਹੀ ਤੁਰੇਗਾ ਜੇ ਅਸੀਂ ਆਪਣੇ ਹੀ ਬਣਾਇਆਂ ਹੋਇਆਂ ਨਿਯਮਾਂ ਤੇ ਤੁਰਾਂਗੇ। ਨਾਮ ਧਰੀਕ ਜਥੇ ਬਣਾ ਦੇਣੇ, ਵਡੇ ਵਡੇ ਮੰਦਰ ਬਣਾ ਲੈਣੇ, ਸੋਹਣੇ ਸੋਹਣੇ ਨਾਮ ਰੱਖ ਲੈਣੇ ਸਾਨੂੰ ਉਨਤੀ ਦੀ ਗਡੀ ਤੇ ਨਹੀਂ ਚਾੜ੍ਹ ਸਕਦੇ।

ਕੰਮ ਕਰਣ ਵਾਲੇ ਦੋ ਪਰਕਾਰ ਦੇ ਹੁੰਦੇ ਹਨ ਇਕ ਤਨਖਾਹਦਾਰ ਤੇ ਦੂਜੇ ਆਨਰੇਰੀ ਅਰਥਾਤ ਮੁਫਤ ਸੇਵਾ ਕਰਨ ਵਾਲੇ। ਹਨ ਤਾਂ ਦੋਵੇਂ ਸ਼ਲਾਘਾਯੋਗ ਪਰ ਕੌਮ ਵਿਚ ਆਨਰੇਰੀ ਸੇਵਕਾਂ ਦੀ ਸਦਾ ਕਦਰ ਹੁੰਦੀ ਹੈ ਅਤੇ ਜਿੰਨੀ ਜ਼ਿਆਦਾ ਗਿਣਤੀ ਏਨ੍ਹਾਂ ਸੇਵਕਾਂ ਦੀ ਕੌਮ ਵਿਚ ਹੋਵੇ ਉਨੀ ਹੀ ਉਹ ਕੌਮ ਤਰੱਕੀ ਕਰਦੀ ਹੈ ਅਤੇ ਖਾਸ ਕਰਕੇ ਉਸ ਹਾਲਤ ਵਿਚ ਜਦ ਸੇਵਕ ਚਾਹ ਨਾਲ ਤੇ ਨਿਯਮਾਂ ਨੂੰ ਮੁੱਖ ਰਖਕੇ ਵਿਤੋਂ ਵਧ ਸੇਵਾ ਕਰਨ। ਅਭਮਾਨ ਜੀਵ ਨੂੰ ਸਦਾ ਬਹੁਤ ਹੀ ਗਿਰਾਉਂਦਾ ਹੈ

Sri Satguru Jagjit Singh Ji eLibrary NamdhariElibrary@gmail.com

ਅਤੇ ਇਹ ਜੀਵ ਦਾ ਸਤ ਮਾਰਗ ਵਿਚ ਸਭ ਤੋਂ ਵੱਡਾ ਵੈਰੀ ਹੈ ਅਤੇ ਕੀ ਸੰਤ, ਕੀ ਮਹੰਤ, ਕੀ ਕਿਰਤੀ, ਕੀ ਸੇਵਕ ਇਸਦੀ ਸੱਟ ਤੋਂ ਔਖੇ ਹੀ ਬਚਦੇ ਹਨ। ਪਰ ਖਾਸ ਕਰਕੇ ਆਨਰੇਰੀ ਸੇਵਾਦਾਰ ਤਾਂ ਇਸ ਸ਼ਤਰੂ ਦੇ ਢਹੇ ਸ਼ਤਾਬੀ ਚੜ੍ਹ ਜਾਂਦੇ ਹਨ ਅਤੇ ਐਸੇ ਹਾਲ ਵਿਚ ਨਾ ਕੇਵਲ ਕਾਰਜ ਨੂੰ ਹੀ ਨੁਕਸਾਨ ਪਹੁੰਚਦਾ ਹੈ ਸਗੋਂ ਸੇਵਕਾਂ ਦੀ ਆਤਮਾਂ ਨੂੰ ਬਹੁਤ ਕਲਪਾ ਹੁੰਦਾ ਹੈ ਅਤੇ ਜੋ ਸੇਵਾ ਇਸ ਜੀਵ ਦੇ ਪਰਮਾਰਥ ਵਿਚ ਸਹਾਈ ਹੋਣੀ ਸੀ, ਇਸ ਅਭਿਮਾਨ ਅਤੇ ਉਸ ਛੋਟੇ ਭਰਾ ਕ੍ਰੋਧ ਦੇ ਕੁਸੰਗ ਕਰਕੇ ਜੀਵ ਦੀ ਸਤ ਮਾਰਗ ਪੁਰ ਚਲਦੀ ਗੱਡੀ ਨੂੰ ਆਪਣੀ ਕਰਤੂਤ ਦੇ ਚਿਕੜ ਵਿਚ ਫਸਾ ਦੇਂਦੀ ਹੈ। ਇਨ੍ਹਾਂ ਦੋਹਾਂ ਦੇ ਵਸ ਹੋ ਕੇ ਪ੍ਰਾਣੀ ਕਈ ਅਯੋਗ ਬਾਤਾਂ ਕਰ ਬੈਠਦਾ ਹੈ ਅਤੇ ਉਸਦੇ ਆਤਮਕ ਗਿਰਾਉ ਵਿਚ ਕਸਰ ਨਹੀਂ ਰਹਿੰਦੀ। ਭਰਾਵਾਂ ਨੂੰ ਆਪ ਤੋਂ ਨੀਵਿਆਂ ਸਮਝਨ ਲਗ ਕੇ ਜਥੇਬੰਦੀ ਦੇ ਨਿਯਮਾਂ ਨੂੰ ਤੋੜਨ ਤਕ ਪਹੁੰਚਦਾ ਹੈ ਅਤੇ ਸੇਵਾ ਰਹਿ ਜਾਂਦੀ ਹੈ ਅਤੇ ਆਪ ਭੀ ਦੁਖੀ ਰਹਿੰਦਾ ਹੈ ਅਤੇ ਸੰਗੀਆਂ ਨੂੰ ਭੀ ਦੁਖੀ ਕਰਦਾ ਹੈ। ਐਸੀ ਹਾਲਤ ਵਿਚੋਂ ਵਾਹਿਗੁਰੂ ਦੀ ਦਯਾ ਬਿਨਾਂ ਨਿਕਲਣਾ ਕਠਨ ਹੈ। ਵਾਹਿਗੁਰੂ ਦੀ ਮੇਹਰ ਨਾਲ ਸਤਸੰਗੀ ਲਭਦੇ ਹਨ ਅਤੇ ਉਹ ਪ੍ਰੇਮ, ਉਹ ਸਹੋਦ੍ਰ, ਪਿਆਰ ਨਾਲ ਭੁਲਾਂ ਦਸਦੇ ਹਨ ਤਦ ਪਛਤਾਵਾ ਹੁੰਦਾ ਹੈ। ਸੋ ਖਾਸ ਕਰਕੇ ਆਨਰੇਰੀ ਸੇਵਕਾਂ ਨੂੰ ਇਸ ਗਿਰਾਉ ਤੋਂ ਸਦਾ ਬਚਕੇ ਰਹਿਣਾ ਚਾਹੀਦਾ ਹੈ ਅਤੇ ਆਸ਼੍ਰਮ ਯਾ ਉਸਦੀ ਸੇਵਾ ਬੰਧਨ ਵਾਲਾ ਲਗਾਉ ਨਹੀਂ ਚਾਹੀਦਾ, ਸਗਮਾਂ ਇਸ ਸੇਵਾ ਨੂੰ ਤਨਖਾਹਦਾਰ ਸੇਵਕਾਂ ਨਾਲੋਂ ਜ਼ਿਆਦਾ ਮਿਹਨਤ ਨਾਲ ਨਿਬਾਹੁਣਾ ਚਾਹੀਦਾ ਹੈ। ਸੋ ਜਦ ਤਕ ਅਸੀਂ ਅਸੂਲਾਂ ਪਰ ਚਲਨ ਦੀ ਕੋਸ਼ਿਸ਼ ਨਹੀਂ ਕਰਾਂਗੇ ਸਾਡੀ ਉਨਤੀ ਤੇ ਜਥੇਬੰਦੀ ਅਸੰਭਵ ਹੈ। ਅਸੂਲ ਅਗੇ ਰਖਾਂਗੇ ਤਾਂ ਮਿਲ ਤੁਰਾਂਗੇ। ਨਿਯਮਾਂ ਨੂੰ ਤੋੜ ਕੇ ਆਪਾ ਧਾਪੀ ਪਾਵਾਂਗੇ ਤਾਂ ਜੱਥਾ ਟੁਟੇਗਾ। ਐਸੀ ਭੁਲ ਹੋਣ ਪਰ ਉਚਿਤ ਹੈ ਕਿ ਸੰਭਲੀਏ ਤੇ ਅਸੂਲਾਂ ਪਰ ਤੁਰਨਾਂ ਸਿਖੀਏ। ਜੱਥੇ ਦਾ ਅਰਥ ਹੀ ਇਹ ਹੈ ਕਿ ਇਕ ਅਸੂਲਾਂ ਪਰ ਤੁਰਨ ਵਾਲੇ ਸੱਜਨਾਂ ਦਾ ਕੱਠ। ਜਦ ਮੁਢੋਂ ਹੀ ਅਸੀਂ ਘੁਸ ਜਾਈਏ ਤਦ ਅਪੜਾਂਗੇ ਕਿਸ ਤਰ੍ਹਾਂ ਸੇਵਾ ? ਵਿਚ ਕਿਸੇ ਦਾ ਲਿਹਾਜ਼ ਕਰਨਾ ਯੋਗ ਨਹੀਂ ਅਤੇ ਜੋ ਅਸੂਲਾਂ ਪਰ ਨਾ ਤੁਰੇ ਉਸਨੂੰ ਪਿਆਰ ਨਾਲ ਅਤੇ ਸਤਸੰਗ ਦੀ ਸੱਟ ਨਾਲ ਸਮਝਾ ਕੇ ਰਸਤੇ ਪਾਉਣਾ ਠੀਕ ਹੈ। ਜੇ ਇਸ ਤਰ੍ਹਾਂ ਨਾ ਹੋ ਸਕੇ ਤਾਂ ਜਥੇਬੰਦੀ ਦੇ ਨਿਯਮਾਂ ਅਨੁਸਾਰ ਐਸੇ ਸਜਣ ਨੂੰ ਵਿਦੈਗੀ ਦੇਣੀ ਨੀ ਠੀਕ ਹੈ ਅਤੇ ਨਿਯਮਾਂ ਪੁਰ ਬਿਨਾਂ ਲਿਹਾਜ ਅਤੇ ਪਖ ਪਾਤ ਦੇ ਤੁਰਦੇ ਹੋਏ ਆਪਸ ਵਿਚ ਮੈਤ੍ਰੀ ਤੇ ਪਿਆਰ ਨਾਲ ਪੰਥ ਸੇਵਾ ਨੂੰ ਮੋਢਾ ਲਾਵਾਂਗੇ ਤਦ ਹੀ ਸਾਡੀ ਤਰੱਕੀ ਹੋ ਸਕਦੀ ਹੈ ਅਤੇ ਅਸੀਂ ਦੂਜੀਆਂ ਕੌਮਾਂ ਵਿਚ ਸੋਭਾ ਪਾਵਾਂਗੇ ਤੇ ਜੇ ਇਸ ਤਰ੍ਹਾਂ ਆਪਣਾ ਵਰਤਾਉ ਨਹੀਂ ਕਰਾਂਗੇ ਤਾਂ ਸਾਡੀ ਕੌਮ ਦਾ ਨਾਉਂ ਕੇਵਲ ਤਾਰੀਖ ਦੇ ਪਤ੍ਰਿਆਂ ਪੁਰ ਹੀ ਦਿਸੇਗਾ। ਸੋ ਆਓ ਸਹੋਦ੍ਰ ਭਾਵ ਨਾਲ ਅਤੇ ਜਥੇਬੰਦੀ ਦੇ ਨਿਯਮਾਂ ਅਨੁਸਾਰ ਅਸੀਂ ਤੁਰੀਏ।

Sri Satguru Jagjit Singh Ji eLibrary NamdhariElibrary@gmail.com

ਪਰ ਇਸ ਗੱਲ ਦੇ ਸਬੰਧ ਵਿਚ ਇਕ ਹੋਰ ਦੱਸਣੀ ਅਤੀ ਜ਼ਰੂਰੀ ਸਮਝੀ ਜਾਂਦੀ ਹੈ। ਨਿਰੀ ਛੇਕਣ ਤੇ ਹੀ ਜ਼ੋਰ ਦੇਣ ਨਾਲ ਜਥੇਬੰਦੀ ਨਹੀਂ ਰਹਿ ਸਕਦੀ। ਜਥੇ ਨੂੰ ਤੋੜਨ ਨਾਲੋਂ ਜੋੜਨ ਤੋਂ ਬਹੁਤ ਕੰਮ ਲੈਣਾ ਚਾਹੀਦਾ ਹੈ। ਜਿਸ ਜਥੇਬੰਦੀ ਵਿਚ ਪਿਆਰ ਨਾਲੋਂ ਜ਼ੋਰ ਤੇ ਵਧੀਕੀ ਨਾਲੋਂ ਬਾਹਲਾ ਕੰਮ ਲਿਆ ਜਾਵੇ ਉਹ ਥੋੜ੍ਹਾ ਚਿਰ ਹੀ ਰਹਿੰਦੀ ਹੈ।

ਧਾਰਮਕ ਜੱਥਿਆਂ ਦੇ ਬਣਨ ਦਾ ਪਰਯੋਜਨ ਹੀ ਪ੍ਰੇਮ ਦਾ ਪ੍ਰਚਾਰ ਹੈ ਤੇ ਜੇ ਓਹ ਆਪਣੇ ਬਣਨ ਵਿਚ ਧਿੰਙਾਣੇ ਕੋਲੋਂ ਕੰਮ ਲੈਣ ਲੱਗ ਪਏ ਤਾਂ ਨਿਭਣਾ ਕਠਨ ਹੈ। ਨਿਯਮਾਂ ਪੁਰ ਤੁਰਨਾ ਪਰ ਇਨਸਾਫ ਵਿਚ ਹੱਦ ਦਰਜੇ ਦੀ ਕਿਰਪਾ ਮਿਲਾਉਣੀ ਇਹ ਹਰ ਇਕ ਜੱਥੇ ਦਾ ਫਰਜ਼ ਹੋਣਾ ਚਾਹੀਦਾ ਹੈ।

ਜਹਾਜ਼ ਜਦ ਸਮੁੰਦਰ ਵਿਚ ਜਾਂਦਾ ਹੈ ਤਾਂ ਉਸ ਦੇ ਪਾਰ ਹੋਣ ਦੀ ਪਹਿਲੀ ਸ਼ਰਤ ਇਹ ਹੈ ਕਿ ਸਾਰੇ ਮਲਾਹ ਮਿਲਕੇ ਕੰਮ ਕਰਨ ਅਤੇ ਸਾਰਿਆਂ ਦੀ ਦਿਲੀ ਮਨਸ਼ਾ ਹੋਵੇ ਕਿ ਪਾਰ ਜਾਈਏ। ਫਿਰ ਉਹ ਆਪਣਾ ਨਕਸ਼ਾ ਤੇ ਕੰਪਾਸ ਵੇਖ ਕੇ ਤੁਰੀ ਜਾਨ, ਤਾਂ ਬੇੜਾ ਪਾਰ ਹੋਊ। ਤੇ ਜੇ ਕਦੀ ਉਹ ਮੁਸ਼ਕਲ ਤੋਂ ਡਰਦੇ ਯਾ ਲਾਲਚ ਦੇ ਕਾਰਨ ਯਾ ਖੁਸ਼ਾਮਦ ਕਰਕੇ ਜਹਾਜ਼ ਤੋਰਨ ਦੇ ਨਿਯਮਾਂ ਨੂੰ ਤੋੜ ਕੇ ਆਪਣਾ ਆਪਣਾ ਕੰਮ ਕਰਨ ਤਾਂ ਜ਼ਰੂਰ ਹੀ ਜਾਂ ਤਾਂ ਜਹਾਜ਼ ਬਰੇਤੇ ਵਿਚ ਫਸਕੇ ਅਗੇ ਨਹੀਂ ਟੁਰੇਗਾ, ਜਾਂ ਚਟਾਨ ਪਰ ਟੱਕਰ ਖਾ ਟੁਕੜੇ ਟੁਕੜੇ ਹੋ ਸਣੇ ਮਲਾਹ ਸਭ ਨੂੰ ਲੈ ਡੁਬੇਗਾ। ਇਹੋ ਹਾਲ ਜਥਿਆਂ ਦਾ ਹੈ। ਪ੍ਰਿਥਮੇ ਜਿਸ ਤਰ੍ਹਾਂ ਦਸਿਆ ਗਿਆ ਹੈ ਸਭ ਸੇਵਕਾਂ ਦਾ ਆਪਸ ਵਿਚ ਮੇਲ ਹੋਣਾ ਚਾਹੀਦਾ ਹੈ ਫਿਰ ਉਨ੍ਹਾਂ ਦੇ ਅਸੂਲ ਹੋਣੇ ਚਾਹੀਦੇ ਹਨ। ਸਾਡੇ ਪੰਥ ਦੀ ਬੇੜੀ ਅਜ ਕਲ ਕਿਉਂ ਡਾਵਾਂ ਡੋਲ ਹੋ ਰਹੀ ਹੈ। ਸਾਡੇ ਭੋਲੇ ਭਾਲੇ ਭਰਾ ਜੋ ਭੇਖੀ ਵੇਖਦੇ ਹਨ ਉਸਦੇ ਪਿਛੇ ਤੁਰ ਪੈਂਦੇ ਹਨ। ਕੋਈ ਇਹ ਨਹੀਂ ਵੇਖਦਾ ਕਿ ਇਹ ਪੁਰਸ਼ ਜੋ ਆਖਦਾ ਹੈ ਕਮਾਉਂਦਾ ਹੈ ਕਿ ਨਹੀਂ। ਅਸੂਲਾਂ ਨੂੰ ਕੋਈ ਨਹੀਂ ਦੇਖਦੇ। ਭਲਾ ਕੱਲੇ ਸਿੰਘਾਂ ਦੀ ਤਾਂ ਕੀ ਗੱਲ ਹੈ, ਸਿੰਘ ਸਭਾਵਾਂ ਅਸੂਲਾਂ ਤੇ ਨਹੀਂ ਤੁਰਦੀਆਂ। ਸਭ ਦੀ ਇਹੀ ਮਨਸ਼ਾ ਹੁੰਦੀ ਹੈ ਕਿ ਸਾਡੇ ਬਾਹਲੇ ਮੈਂਬਰ ਬਣਨ, ਸਾਡੇ ਵਿਚ ਵਡੇ ਵਡੇ ਆਦਮੀ ਆਵਣ, ਸਾਡਾ ਇਕ ਸਾਲਾਨਾ ਦੀਵਾਨ ਹੋ ਜਾਵੇ। ਉਪਦੇਸ਼ਕ ਆਵਨ, ਲੋਕ ਵਾਹ ਵਾਹ ਕਰਕੇ ਘਰ ਚਲੇ ਜਾਣ, ਬਸ ਪੰਥ ਉਨਤੀ ਹੋ ਗਈ ਤੇ ਜੇਹੜੇ ਅਸੂਲ ਪ੍ਰਚਾਰ ਕਰਦੇ ਹਨ ਉਹ ਭਾਵੇਂ ਸਕਤ੍ਰ ਸਾਹਿਬ ਵੀ ਨਾ ਮੰਨਣ ਤੇ ਜੇ ਸਹਜ ਨਾਲ ਪੁਛੋ ਤਾਂ ਵਡੀ ਦਾਨਾਈ ਦੀ ਸ਼ਕਲ ਬਣਾ ਕੇ ਆਖ ਦੇਣ "ਜੀ......ਅਜੇ ਵੇਲਾ ਨਹੀਂ ਆਇਆ।"

ਵੇਲਾ ਨਹੀਂ ਆਇਆ ਕਾਹਦਾ ? ਕੀ ਸਿੱਖੀ ਵੀ ਸਮੇਂ ਸਮੇਂ ਦੀ ਹੁੰਦੀ ਹੈ। ਕੀ ਸਿੱਖੀ ਬਦਲਦੀ ਰਹਿੰਦੀ ਹੈ ? ਕੀ ਗੁਰੂ ਜੀ ਦੇ ਵੇਲੇ ਹੋਰ ਸਿੱਖੀ ਸੀ ਤੇ ਹੁਣ

Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ਾਂ ਦੇ ਵੇਲੇ ਹੋਰ ਸਿੱਖੀ ਹੈ ? ਕੀ ਸਚ ਨੂੰ ਧਾਰਨ ਕਰਨ ਦਾ ਵੀ ਵੇਲਾ ਹੁੰਦਾ ਹੈ ? ਸਮੇਂ ਅਨੁਸਾਰ ਧਾਰਨ ਕਰਨ ਵਾਲੀ ਗੱਲ ਸਚ ਨਹੀਂ ਹੁੰਦੀ। ਸਚ ਦਾ ਧਾਰਨ ਕਰਨਾ ਹਰ ਵੇਲੇ ਲਾਭਦਾਇਕ ਤੇ ਗੁਣਕਾਰੀ ਹੈ। ਇਹ ਸੁਣ ਕੇ ਬੜੀ ਹੈਰਾਨਗੀ ਆਉਂਦੀ ਹੁੰਦੀ ਹੈ ਜਿਸ ਵੇਲੇ ਸਿੱਖ ਇਕੱਠੇ ਹੋ ਕੇ ਸਿਰ ਜੋੜ ਕੇ ਆਖਿਆਂ ਕਰਦੇ ਹਨ "ਜੀ ਗੱਲ ਤਾਂ ਠੀਕ ਹੈ। ਪਰੰਤੂ ਕਦੀ ਹੁਣ ਤੁਸਾਂ ਇਹ ਗੱਲ ਕੀਤੀ ਤਾਂ ਪੰਥ ਨੂੰ ਬੜੀ ਹਾਨੀ ਹੋਵੇਗੀ" ਧੰਨ ਸਿੱਖੀ। ਸਚ ਪਰ ਤੁਰਿਆਂ ਸਚ ਦੀ ਤਰੱਕੀ ਹੁੰਦੀ ਹੈ, ਹਾਨੀ ਕਿਥੋਂ ਆਈ ? ਅਜੇ ਤਕ ਇਹ ਮੰਤਕ ਸਮਝ ਵਿਚ ਨਹੀਂ ਆਇਆ। ਹਾਂ ਇਕ ਗੱਲ ਇਹ ਕਿ ਉਹ ਝੂਠੇ ਅਸੂਲ ਜਿਨ੍ਹਾਂ ਪਰ ਅਸੀਂ ਆਪਣੀ ਮਨਮਤ ਕਰਕੇ ਚਲਦੇ ਹਾਂ। ਉਨ੍ਹਾਂ ਦੀ ਹਾਨੀ ਜ਼ਰੂਰ ਹੋਵੇਗੀ। ਸੋ ਜਿਤਨੀ ਛੇਤੀ ਉਨ੍ਹਾਂ ਦੀ ਹਾਨੀ ਹੋਵੇਗੀ, ਉਤਨਾਂ ਹੀ ਅੱਛਾ ਹੈ।

ਦੁਨੀਆਂ ਵਿਚ ਇਕ ਗੱਲ ਬੜੀ ਮੌਜ ਦੀ ਦੇਖੀ ਹੈ ਕਿ ਆਪਣੀਆਂ ਕਮਜ਼ੋਰੀਆਂ ਨੂੰ ਵੀ ਪੁਰਸ਼ ਸਿਆਨਪਾਂ ਜ਼ਾਹਰ ਕਰਨ ਦਾ ਯਤਨ ਕਰਦਾ ਹੈ। ਲੋਕ ਇਹ ਨਹੀਂ ਮੰਨਦੇ ਕਿ ਅਸੀਂ ਕਮਜ਼ੋਰ ਹਾਂ। ਅਸੀਂ ਝੂਠੇ ਹਾਂ: ਅਸੀਂ ਅਜੇ ਸਚ ਦੇ ਸੂਰਜ ਦਾ ਪਰਤਾਪ ਝੱਲ ਨਹੀਂ ਸਕਦੇ। ਤੇ ਉਹਦੀ ਥਾਂ ਇਹ ਸਾਬਤ ਕਰਨ ਲਗ ਜਾਂਦੇ ਹਾਂ ਕਿ ਇਹ ਸਾਡੀ ਦਾਨਾਈ ਹੈ। ਅਜੇ ਅੰਧੇਰੇ ਵਿਚ ਠੁੱਡੇ ਖਾਈ ਜਾਓ। ਅਜੇ ਚਾਨਣ ਵਿਚ ਨਾ ਜਾਓ। ਤੁਸੀਂ ਜੇਹੜੇ ਝੂਠ ਦੀਆਂ ਕੰਧਾਂ ਤੋੜਨ ਨੂੰ ਤਿਆਰ ਬਰ ਤਿਆਰ ਹੋ, ਤੁਸੀਂ ਮੂਰਖਤਾ ਕਰ ਰਹੇ ਹੋ, ਕਿਉਂ ਜੋ ਸਾਡੇ ਸਾਥੀਆਂ ਦੰਭੀਆਂ ਨੂੰ ਨੁਕਸਾਨ ਪਹੁੰਚੇਗਾ। ਅਤੇ ਬਸ ਪੰਥ (ਅਰਥਾਤ ਕਮਜ਼ੋਰਾਂ ਦੇ ਅਕੱਠ) ਦੀ ਹਾਨੀ ਹੋ ਜਾਏਗੀ।

ਪਿਆਰੇ ਸਜਣੋ ! ਇਸ ਤਰ੍ਹਾਂ ਅਸੂਲਾਂ ਪਰ ਨਾ ਚਲਣਾ ਹੀ ਸਾਡੇ ਵਿਚ ਆਪਾ ਧਾਪੀ ਪਾ ਰਿਹਾ ਹੈ ਤੇ ਸਾਡੀ ਜਥੇਬੰਦੀ ਨਹੀਂ ਹੋ ਸਕਦੀ। ਅਸੀਂ ਇਕੋ ਰਸਤੇ ਦੇ ਮੁਸਾਫਰ ਨਹੀਂ। ਸਾਡਾ ਸਾਥ ਕਿਕੂੰ ਬਣੇ, ਸਾਡਾ ਨਕਸ਼ਾ ਤੇ ਕੰਪਾਸ ਕੋਈ ਨਹੀਂ, ਜਹਾਜ਼ ਕਿਸ ਤਰ੍ਹਾਂ ਨਾ ਚਕਨਾ ਚੂਰ ਹੋਵੇ। ਅਸੂਲ ਇਕ ਹੋਣੇ ਹੀ ਮੇਲ ਕਰਾ ਸਕਦੇ ਹਨ। ਅਸੂਲਾਂ ਪਰ ਤੁਰਨਾ ਹੀ ਉਨਤੀ ਦਾ ਕਾਰਨ ਹੋ ਸਕਦਾ ਹੈ।

ਇਕ ਸਵਾਲ ਇਥੋਂ ਪੈਂਦਾ ਹੈ ਜਿਹੜਾ ਜ਼ਰੂਰ ਵਿਚਾਰ ਜੋਗਾ ਹੈ। ਕਿਆ ਇਕ ਰਸਤੇ ਦੇ ਮੁਸਾਫਰ ਇਕੱਠੇ ਹੀ ਟੁਰਨ, ਕਿਆ ਉਹ ਅਗੇ ਪਿਛੇ ਨਾ ਹੋਣ ? ਇਹ ਗਲ ਠੀਕ ਹੈ। ਕੋਈ ਰਸਤਾ ਮੁਕਾ ਬੈਠਾ ਹੋਵੇਗਾ ਕੋਈ ਅਧਵਾਟੇ ਹੋਵੇਗਾ ਕੋਈ ਨਵਾਂ ਹੀ ਤੁਰੇਗਾ ਇਹ ਸਾਰੇ ਕਿਸ ਤਰ੍ਹਾਂ ਆਪਸ ਵਿਚ ਮੇਲ ਕਰ ਸਕਦੇ ਹਨ ? ਇਹ ਸਵਾਲ ਜੋਗ ਹੈ। ਇਨ੍ਹਾਂ ਦਾ ਮੇਲ ਆਪਸ ਵਿਚ ਇਸ ਗਲ ਪਰ ਹੋਵੇਗਾ ਕਿ ਅਸਾਂ ਸਾਰਿਆ ਇਕੋ ਜਗ੍ਹਾ ਪਰ ਜਾਣਾ ਹੈ। ਜੇਹੜੇ ਪਿਛੇ ਹੋਣਗੇ ਓਹ ਅਗਲਿਆਂ ਦੇ

Sri Satguru Jagjit Singh Ji eLibrary NamdhariElibrary@gmail.com

ਪੂਰਨਿਆਂ ਤੇ ਤੁਰਣਗੇ, ਜੇਹੜੇ ਅਗੇ ਹੋਣਗੇ ਉਹ ਪਿਛਲਿਆਂ ਨੂੰ ਢਾਰਸ ਦੇਣਗੇ, ਅਵਾਜ਼ੇ ਦੇਣਗੇ ਕਿ ਛੇਤੀ ਆਓ ਪਿਆਰ ਕਰਨਗੇ ਅਤੇ ਉਨ੍ਹਾਂ ਨੂੰ ਉਸੀ ਰਸਤੇ ਰਖਣ ਦਾ ਯਤਨ ਕਰਨਗੇ, ਬਸ ਇਸ ਤਰ੍ਹਾਂ ਉਨ੍ਹਾਂ ਦਾ ਮੇਲ ਬਣਿਆ ਰਹੇਗਾ। ਲੜਾਈ ਤਾਂ ਇਥੇ ਪੈਂਦੀ ਹੈ। ਜਿਸ ਵੇਲੇ ਅਗੇ ਵਧੇ ਹੋਏ ਨੂੰ ਪਿਛਲੇ ਅਧਵਾਟੇ ਹੀ ਬਹਿ ਕੇ ਆਖਦੇ ਹਨ ਬਸ ਇਥੇ ਹੀ ਜਾਣਾ ਹੈ: ਉਹ ਮੂਰਖ ਹਨ ਜੋ ਅਗੇ ਵਧ ਗਏ ਹਨ। ਜਿਥੋਂ ਤਕ ਅਸੀਂ ਚਲ ਸਕਦੇ ਹਾਂ ਇਹ ਹੀ ਗੁਰਮਤ ਹੈ। ਅਸੀਂ ਇਸ ਗੱਲ ਨੂੰ ਉਦਾਹਰਣ ਲੈ ਕੇ ਸਪਸ਼ਟ ਕਰਦੇ ਹਾਂ। ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ ਇਹ ਇਕ ਅਸੂਲ ਹੈ। ਹੁਣ ਜੋ ਮੰਨਦੇ ਹਨ ਉਹ ਆਪਣਾ ਭਾਗ ਸਮਝਣ ਅਤੇ ਦੂਸਰਿਆਂ ਨੂੰ ਪ੍ਰੇਮ ਨਾਲ ਪ੍ਰੇਰਨ ਕਿ ਤੁਸੀਂ ਭੀ ਇਸ ਤਰ੍ਹਾਂ ਕਰੋ। ਜੇਹੜੇ ਨਹੀਂ ਮੰਨਦੇ ਉਹ ਇਹ ਆਖਣ ਕਿ ਅਸੂਲ ਤਾਂ ਇਹੀ ਠੀਕ ਹੈ ਪਰ ਅਸੀਂ ਅਜੇ ਕਮਜ਼ੋਰ ਹਾਂ ਅਸੀਂ ਇਸ ਪਰ ਚਲ ਨਹੀਂ ਸਕਦੇ। ਦੇਖੋ ਫਿਰ ਸਭ ਇਕੱਠੇ ਹੋ ਕੇ ਕੰਮ ਕਰ ਸਕਦੇ ਹਾਂ ਕਿ ਨਹੀਂ, ਪਿਆਰ ਹੁੰਦਾ ਹੈ ਕਿ ਨਹੀਂ। ਪਰ ਹੁਣ ਕੀ ਹੈ ਜੇਹੜੇ ਆਪਣੀਆਂ ਇਸਤ੍ਰੀਆਂ ਵਿਚ ਅੰਮ੍ਰਿਤ ਦਾ ਪਰਚਾਰ ਨਹੀਂ ਕਰ ਸਕਦੇ ਉਹ ਅਵੱਲ ਤਾਂ ਇਹ ਆਖਣ ਲਗ ਜਾਂਦੇ ਹਨ ਕਿ ਜੀ ਖੰਡੇ ਦਾ ਅੰਮ੍ਰਿਤ ਇਸਤ੍ਰੀਆਂ ਵਾਸਤੇ ਹੈ ਹੀ ਨਹੀਂ ਤੇ ਜਾਂ ਮੂੰਹ ਪੋਲਾ ਕਰਕੇ ਆਖ ਛਡਦੇ ਹਨ 'ਜੀ ਇਹਦਾ ਅਜੇ ਵੇਲਾ ਨਹੀਂ ਆਇਆ" ਬਸ ਫਿਰ ਆਪਸ ਵਿਚ ਫੁਟ ਪੈ ਜਾਂਦੀ ਹੈ ਅਤੇ ਜੱਥਾ ਕੱਠਾ ਨਹੀਂ ਹੋ ਸਕਦਾ ਅਤੇ ਧੜੇ ਬਾਜੀ ਹੋ ਜਾਂਦੀ ਹੈ।

ਸੋ ਪਿਆਰੇ ਪਾਠਕ ਜੀ! ਪ੍ਰਿਥਮ ਇਸਦੇ ਕਿ ਸਾਡੀ ਉਨਤੀ ਹੋਵੇ। ਅਸੀਂ ਗੁਰਮਤਿ ਦੇ ਅਸੂਲ ਜੋ ਗੁਰੂ ਜੀ ਦਸ ਗਏ ਹਨ ਉਨ੍ਹਾਂ ਨੂੰ ਮੁਖ ਰਖੀਏ। ਅਸੂਲਾਂ ਪਰ ਤੁਰੀਏ ਯਾ ਤੁਰਨ ਦਾ ਯਤਨ ਕਰੀਏ। ਜਿਹੜੇ ਨਹੀਂ ਤੁਰਦੇ ਪਰ ਤੁਰਨ ਦਾ ਯਤਨ ਕਰ ਰਹੇ ਹਨ ਉਨ੍ਹਾਂ ਦਾ ਮੇਲ ਹੋ ਸਕਦਾ ਹੈ। ਪਰ ਜੋ ਆਪਣੀਆਂ ਕਮਜ਼ੋਰੀਆ ਤੇ ਹਠ ਨੂੰ ਲੈ ਫੜਨ ਉਹ ਜਥੇਬੰਦੀ ਦੇ ਵੈਰੀ ਹਨ। ਉਨ੍ਹਾਂ ਦਾ ਰਖਣਾ ਹਾਨੀਕਾਰਕ ਹੈ। ਇਸ ਤਰ੍ਹਾਂ ਕਦੀ ਅਸੀਂ ਕੱਠੇ ਨਹੀਂ ਹੋਵਾਂਗੇ।

ਇਸ ਲਈ ਸਭ ਤੋਂ ਪਹਿਲੇ ਅਸੂਲਾਂ ਪਰ ਤੁਰਨ ਦਾ ਯਤਨ ਕਰੋ। ਆਦਮੀ ਬੇਸ਼ਕ ਚਲੇ ਜਾਣ, ਪਰ ਅਸੂਲ ਨਾ ਜਾਣ। ਅਸੂਲਾਂ ਪਰ ਤੁਰਨਾ ਹੀ ਤਰੱਕੀ ਹੈ ਅਤੇ ਅਸੂਲਾਂ ਪਰ ਤੁਰਨ ਨਾਲ ਹੀ ਜਥੇਬੰਦੀ ਹੋ ਸਕਦੀ ਹੈ।

ਗੁਰੂ ਜੀ ਦਾ ਵਾਕ ਹੈ "ਹਉਮੈ ਦੀਰਘ ਰੋਗ ਹੈ" ਪਰ ਇਸ ਵਾਕ ਦੀ ਸਚਾਈ ਤਦੋਂ ਹੀ ਠੀਕ ਤਰ੍ਹਾਂ ਪਰਤੀਤ ਹੁੰਦੀ ਹੈ ਜਿਸ ਵੇਲੇ ਇਹ ਰੋਗ ਜਥੇਬੰਦੀ ਵਿਚ ਆ ਵੜਦਾ ਹੈ। ਸੋਹਣੇ ਮਕਾਨਾਂ ਦੇ ਹੁੰਦਿਆਂ ਦਿਲ ਟੁੰਭਵੀਂ ਸਜਾਵਟ ਨੂੰ ਪਰੇ ਰਖ ਕੇ

Sri Satguru Jagjit Singh Ji eLibrary NamdhariElibrary@gmail.com

ਦਿਲ ਖਿਚਵੇਂ ਲੈਕਚਰਾਂ ਦੀ ਪ੍ਰਵਾਹ ਨਾ ਕਰਕੇ ਇਹ ਰੋਗ ਸਭਾ ਸੁਸਾਇਟੀਆਂ ਨੂੰ ਰਸਤਾਲ-ਵਿਚ ਲਈ ਜਾਂਦਾ ਹੈ। ਇਸ ਐਸਾ ਜ਼ਹਿਰ ਹੈ ਜਿਸ ਦਾ ਗਾਰੜੂ ਮੰਤ੍ਰ ਕੇਵਲ ਗੁਰਮੰਤ੍ਰ ਹੀ ਹੈ। ਲੁਤਫ ਦੀ ਗੱਲ ਇਹ ਹੈ ਕਿ ਡਾਇਣ ਸਾਨੂੰ ਚੰਗੇ ਚੰਗੇ ਰੂਪ ਬਣਾ ਕੇ ਮੋਹ ਲੈਂਦੀ ਹੈ। ਜਦੋਂ ਅਸੀਂ ਇਹਦੇ ਪਹਿਲੇ ਹਮਲੇ ਤੋਂ ਲੰਘ ਜਾਂਦੇ ਹਾਂ ਤਾਂ ਫਿਰ ਇਹ ਭੀ ਆਪਣੀ ਡਰਾਉਣੀ ਸ਼ਕਲ ਛਡ ਦੇਂਦੀ ਹੈ ਅਤੇ ਸੋਹਣੀ ਮਨਮੋਹਣੀ ਸੂਰਤ ਬਣਾ ਕੇ ਸਾਨੂੰ ਥਾਂ ਮਾਰਨ ਦਾ ਯਤਨ ਕਰਦੀ ਹੈ। ਇਹ ਰੋਗ ਜਥੇਬੰਦੀ ਦੀ ਜੜ੍ਹ ਪੁਟ ਰਿਹਾ ਹੈ, ਇਸ ਲਈ ਇਸ ਦੀ ਤਸ਼ਖੀਸ ਕਰਦੇ ਹੋਏ ਜਿਥੋਂ ਤਕ ਅਕਲ ਪੁਜਦੀ ਹੈ ਅਤੇ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਕੇ ਬਿਨੈ ਹੈ ਕਿ ਇਹਦੀ ਛੂਤ ਤੋਂ ਗੁਰੂ ਆਸਰਾ ਲੈ ਕੇ ਬਚਨ ਦਾ ਯਤਨ ਕਰੋ।

ਪ੍ਰਥਮੇ ਤਾਂ ਇਹ ਸਾਨੂੰ ਕਿਸੇ ਸੁਸਾਇਟੀ ਵਿਚ ਜਾਣੋ ਹੀ ਰੋਕਦੀ ਹੈ। ਮੈਂ ਵਡਾ ਆਦਮੀ ਹਾਂ, ਮੈਂ ਇਜ਼ਤ ਵਾਲਾ, ਹਾਕਮਾਂ ਵਿਚ ਮੇਰੀ ਪਤ, ਸਰਕਾਰੇ ਦਰਬਾਰੇ ਮੇਰੀ ਇਜ਼ਤ, ਮੈਂ ਕਿਸ ਤਰ੍ਹਾਂ ਇਨ੍ਹਾਂ ਨੀਵਿਆਂ ਦੀ ਸੰਗਤਿ ਵਿਚ ਜਾ ਬੈਠਾਂ। ਇਹੋ ਜਿਹੇ ਖਿਆਲ ਆ ਕੇ ਸਾਨੂੰ ਪਹਾੜ ਬਣਾ ਦਿੰਦੇ ਹਨ। ਅਸੀਂ ਆਪਣੀ ਜਗਹ ਤੋਂ ਹਿੱਲ ਨਹੀਂ ਸਕਦੇ ਇਹ ਹੀ ਆਸ ਕਰਦੇ ਹਾਂ ਕਿ ਲੋਕੀ ਹੀ ਆ ਕੇ ਸਾਡੀ ਯਾਤ੍ਰਾ ਕਰਨ। ਇਹ ਇਸਦੀ ਪਹਿਲੀ ਡਰਾਉਣੀ ਸ਼ਕਲ ਹੈ ਇਸ ਨੂੰ ਕਈ ਸੱਜਣ ਮਾਰ ਸੁਟਦੇ ਹਨ। ਇਸ ਦੀ ਪ੍ਰਵਾਹ ਨਹੀਂ ਕਰਦੇ ਜਾਂ ਸਭਾ ਸੁਸਾਇਟੀ ਵਿਚ ਸ਼ਾਮਲ ਹੁੰਦੇ ਹਨ ਪਰ ਇਹ ਡਾਇਣ ਅਜੇ ਮੋਈ ਨਹੀਂ, ਇਹਨੇ ਕੇਵਲ ਭੇਸ ਵਟਾਇਆ ਹੁੰਦਾ ਹੈ।

ਸਭਾ ਸੁਸਾਇਟੀ ਵਿਚ ਜਾਂਦੇ ਹੀ ਇਹ ਖਿਆਲ ਦਿਲ ਵਿਚ ਆ ਵੜਦਾ ਹੈ, ਮੈਂ ਧਨ ਛਡਿਆ, ਰੁਤਬਾ ਛਡਿਆ, ਇਜ਼ਤ ਛਡੀ, ਦੌਲਤ ਛਡੀ ਮੇਰੇ ਨਾਲ ਦੇ ਕੰਮ ਕਰਨ ਵਾਲੇ ਮੇਰੇ ਜਿੰਨੇ ਇਜ਼ਤਦਾਰ ਨਹੀਂ ਹਨ, ਇਹ ਦੁਨੀਆਂ ਵਿਚ ਇੰਨੇ ਮੰਨੇ ਪ੍ਰਮੰਨੇ ਨਹੀਂ ਸਨ। ਮੈਂ ਸਭਾ ਵਿਚ ਆਵਨ ਕਰਕੇ ਬਹੁਤ ਕੁਰਬਾਨੀ ਕੀਤੀ ਹੈ ਇਸ ਲਈ ਮੇਰੀ ਰਾਇ ਦੀ ਬਹੁਤ ਕਦਰ ਹੋਣੀ ਚਾਹੀਦੀ ਹੈ ਅਤੇ ਮੇਰੀ ਇਜ਼ਤ ਇਨ੍ਹਾਂ ਤੋਂ ਜ਼ਿਆਦਾ ਹੋਵੇ। ਕਿਉਂ ਜੋ ਮੈਂ ਬੀ. ਏ. ਭੀ ਪਾਸ ਕੀਤਾ ਹੋਇਆ ਹੈ ਜਾਂ ਸੰਸਕ੍ਰਿਤ ਦਾ ਪੰਡਤ ਹਾਂ ਜਾਂ ਬੜਾ ਗਿਆਨੀ ਹਾਂ ਇਹ ਬਾਕੀ ਅਨਪੜ੍ਹ ਹਨ। ਮੇਰੇ ਇਧਰ ਆਵਣ ਕਰਕੇ ਸਭਾ ਦੀ ਇਜ਼ਤ ਬਣ ਗਈ ਹੈ, ਇਸ ਲਈ ਵਾਜਬੀ ਗੱਲ ਹੈ ਕਿ ਬਾਕੀ ਦੇ ਸਭ ਸਜਨ ਭੀ ਮੇਰੀ ਇਜ਼ਤ ਕਰਨ। ਪਾਠਕ ਜੀ ਇਹੋ ਜਿਹੇ ਖਿਆਲ ਜ਼ਰੂਰ ਸਾਡੇ ਦਿਲ ਵਿਚ ਦੌੜ ਰਹੇ ਹਨ। ਆਪਣੇ ਮਨਾਂ ਵਿਚ ਕੰਘੀ ਮਾਰ ਕੇ ਦੇਖਦੇ ਜਾਓ। ਵਾਹ! ਉਸ ਡਾਇਣ ਨੇ ਕਿਹੀ ਸੋਹਣੀ ਸ਼ਕਲ ਬਣਾਈ ਹੈ। ਹੁਣ ਤਾਂ ਬਾ ਦਲੀਲ ਸਾਨੂੰ ਡਰਾਣ ਦਾ ਯਤਨ ਹੋ ਰਿਹਾ ਹੈ। ਕਿਸਮਤ ਦੀ ਖੇਲ, ਰੋਗ ਤਾਂ ਸੀ ਹੀ, ਅੱਗੋਂ ਬਦਪਰਹੇਜ਼ੀ ਭੀ ਹੋ ਗਈ। ਜਿਸ ਸਭਾ ਸੁਸਾਇਟੀ ਵਿਚ ਜਾ ਵੜੇ ਅਗਲਿਆਂ ਸਾਨੂੰ

Sri Satguru Jagjit Singh Ji eLibrary NamdhariElibrary@gmail.com

ਮੋਹਰੀ ਮੰਨ ਲਿਆ ਸਰਦਾਰ ਹੁਰੀਂ ਸੁਸਾਇਟੀ ਦੇ ਜੱਥੇਦਾਰ ਬਣ ਗਏ, ਪੰਡਤ ਹੋਰੀਂ ਸਭਾ ਦਾ ਮੂੰਹ ਹੋ ਗਏ। ਗਿਆਨੀ ਹੋਰਾਂ ਅਗੇ ਮੱਥੇ ਟੇਕਣ ਲਗ ਪਏ 'ਧੰਨ ਭਾਗ ਮਹਾਰਾਜ ! ਕਿਉਂ ਨਾ ਸਾਡੀ ਉਨਤੀ ਹੋਊ ਜਦ ਆਗੂ ਅਜਿਹੇ ਹਨ। 'ਇਕ ਕਰੇਲਾ ਦੂਜਾ ਨਿੰਮ ਚੜ੍ਹਿਆ' ਅਗੇ ਹੌਲਾ ਹੌਲਾ ਤਾਪ ਸੀ ਹੁਣ ਭਬੂਕਾ ਚੜ੍ਹ ਗਿਆ। ਅਫਸੋਸ ! ਸਾਨੂੰ ਇਹ ਵਿਚਾਰ ਦੀ ਦਵਾਈ ਨਾ ਮਿਲੀ "ਮੈਂ ਕੁਝ ਇਜ਼ਤ ਦੌਲਤ ਛਡਕੇ ਆਇਆ ਹਾਂ ਪਰ ਇਹ ਸਾਰੇ ਸਜਣ ਭੀ ਤਾਂ ਕੁਝ ਛੱਡਕੇ ਆਏ ਹਨ। ਇਹ ਗੱਲ ਠੀਕ ਹੈ ਕਿ ਮੈਂ ਵਡਾ ਸਾਂ ਪਰ ਵਡੇ ਆਦਮੀ ਨੂੰ ਵਡਿਆਈ ਛਡਣੀ ਉਤਨੀ ਹੀ ਔਖੀ ਹੈ ਜਿਤਨੀ ਇਨ੍ਹਾਂ ਪੁਰਖਾਂ ਨੂੰ ਆਪਣੀ ਥੋੜ੍ਹੀ ਜਿਹੀ ਇਜ਼ਤ। ਰਾਣੀ ਨੂੰ ਰਾਉ ਪਿਆਰਾ ਤੇ ਕਾਉਣੀ ਨੂੰ ਕਾਉਂ ਪਿਆਰਾ। ਜਿਹਾ ਸ਼ਾਹੂਕਾਰ ਵਾਸਤੇ 100 ਰੁਪਿਆ ਦੇਣਾ ਤਿਹਾ ਗਰੀਬ ਲਈ 1 ਪੈਸਾ। ਕੁਰਬਾਨੀ ਦੋਹਾਂ ਹਾਲਤਾਂ ਵਿਚ ਇਕੋ ਹੀ ਜਿਹੀ ਹੈ। ਜੇ ਮੈਂ ਗੁਰੂ ਕੀ ਸੇਵਾ ਲਈ ਪੰਥਕ ਜੱਥੇ ਦਾ ਸੇਵਕ ਬਣਿਆ ਹਾਂ ਤਾਂ ਪੰਥ ਦੇ ਧੰਨਭਾਗ, ਨਹੀਂ ਮੇਰੇ ਧੰਨਭਾਗ ਹਨ। ਜੇ ਮੈਨੂੰ ਐਸਾ ਉਤਮ ਰਸਤਾ ਕਲਿਆਣ ਦਾ ਲਭ ਪਿਆ ਹੈ. ਮੈਨੂੰ ਇਹ ਸਾਰੇ ਵਡਾ ਮੰਨੀ ਜਾਣ ਪਰ ਮੈਂ ਤਾਂ ਇਨ੍ਹਾਂ ਦਾ ਦਾਸ ਹਾਂ, ਮੈਂ ਸੇਵਾ ਕਰਨ ਲਈ ਆਇਆ ਹਾਂ ਕਿ ਕਰਾਣ ਲਈ। ਫੇਰ ਮੇਰੇ ਲਈ ਕੀ ਉਚਿਤ ਹੈ, ਇਨ੍ਹਾਂ ਦਾ ਹੁਕਮ ਮੰਨਾਂ ਕਿ ਇਨ੍ਹਾਂ ਕੋਲੋਂ ਹੁਕਮ ਮਨਾਉਣ ਦੀ ਕੋਸ਼ਿਸ਼ ਕਰਾਂ। ਸਜਣੋ ! ਜੇ ਇਹ ਵਿਚਾਰ ਰੂਪੀ ਦਵਾਈ ਮਿਲ ਜਾਵੇ ਤਾਂ ਖੈਰ। ਨਹੀਂ ਤਾਂ ਦੂਜੇ ਦਰਜੇ ਵਿਚ ਅਸੀਂ ਗੁਸੇ ਜਾਂਦੇ ਹਾਂ ਅਤੇ ਜੋ ਨਤੀਜੇ ਨਿਕਲਦੇ ਹਨ ਉਹ ਸਭ ਭਰਾਵਾਂ ਤੋਂ ਗੁੱਝੇ ਛਿਪੇ ਨਹੀਂ। ਪਰ ਕਈ ਸਜਨ ਇਸ ਦੂਜੇ ਦਰਜੇ ਨੂੰ ਟੱਪ ਜਾਂਦੇ ਹਨ। ਜਿਸ ਪਰ ਭੀ ਇਹ ਡਾਇਣ ਅਜੇ ਪਿਛਾ ਨਹੀਂ ਛਡਦੀ, ਇਹ ਹੋਰ ਭੇਸ ਵਟਾਣ ਦੇ ਫਿਕਰ ਵਿਚ ਲਗ ਜਾਂਦੀ ਹੈ, ਅਸਾਂ ਦੁਨਿਆਵੀ ਇਜ਼ਤ ਛਡੀ, ਨਿਮਾਣੇ ਹੋ ਕੇ ਸ਼ਾਮਲ ਹੋਏ ਪਰ ਅਜੇ ਅਸਾਡੇ ਵਾਸਤੇ ਹੋਰ ਕਈ ਦਰਜੇ ਲੰਘਣੇ ਬਾਕੀ ਹਨ। ਹੁਣ ਲੋਕੀ ਸਾਡੀ ਇਜ਼ਤ ਕਰਨ ਲਗ ਪੈਂਦੇ ਹਨ।

ਇਕ ਅਗੇ ਹੀ ਸਰਦਾਰ ਸਾਂ ਦੂਜੇ ਨਿਮਾਣੀ ਸੇਵਾ ਕਰਨੀ ਅਰੰਭ ਦਿਤੀ, ਅਗੇ ਪੰਡਿਤ ਫਿਰ ਨਿਰਮਾਣ, ਵਾਹ ਵਾਹ। ਫਿਰ ਕੀ ਕਹਿਣਾ ਸੀ, ਲਗੇ ਫੁਲਾਂ ਦੇ ਸੇਹਰੇ ਪੈਣ। ਧੰਨ ਪੰਡਿਤ ਜੀ ! ਧੰਨ ਗਿਆਨੀ ਜੀ ਦੇ ਅਵਾਜ਼ੇ ਗੂੰਜ ਰਹੇ ਹਨ ਅਤੇ ਅਸੀਂ ਵਿਚ ਵਿਚਾਲੇ ਸੁਣ ਕੇ ਕਦੀ ਕਦੀ ਖੁਸ਼ ਹੋ ਜਾਂਦੇ ਹਾਂ। ਲੋਕ ਸਾਡੀ ਆਗਿਆ ਮੰਨਣ ਨੂੰ ਤਿਆਰ ਹਨ, ਹੋਣ ਕਿਉਂ ਨਾ। ਪਰ ਹੁਣ ਡਾਇਣ ਨੇ ਤੀਸਰਾ ਸਰੂਪ ਬਦਲਿਆ ਹੈ। ਏਹ ਸਭ ਮੇਰੀ ਇਜ਼ਤ ਕਰਦੇ ਹਨ। ਮੇਰੀ ਆਗਿਆ ਮੰਨਦੇ ਹਨ, ਕਿਉਂਕਿ ਮੈਂ ਸਚਮੁਚ ਇਜ਼ਤ ਦੇ ਲਾਇਕ ਹੀ ਹਾਂ ਤਾਂ ਸਭ ਇਜ਼ਤ ਕਰਦੇ ਹਨ। ਦੂਜਾ ਮੈਂ ਜੋ ਕੁਝ ਕਹਿੰਦਾ ਹਾਂ ਸਭ ਠੀਕ ਹੈ ਤਾਂ ਹੀ ਸਭ ਮੰਨ ਲੈਂਦੇ ਹਨ। ਇਸ ਲਈ

Sri Satguru Jagjit Singh Ji eLibrary NamdhariElibrary@gmail.com

ਜੋ ਕੁਝ ਮੈਂ ਕਹਿੰਦਾ ਹਾਂ ਸਭ ਠੀਕ ਹੈ । ਮੈਂ ਪੰਥ ਸੇਵਕ ਹਾਂ, ਖਰਚ ਕਰਦਾ ਹਾਂ, ਸੋਚਦਾ ਹਾਂ, ਇਸ ਲਈ ਬ੍ਰਿਧੀ ਦੇ ਹੀ ਖਿਆਲ ਉਪਜਦੇ ਹਨ । ਮੈਂ ਕਦੀ ਭੈੜੀ ਗੱਲ ਸੋਚ ਹੀ ਨਹੀਂ ਸਕਦਾ । ਹੁਣ ਪੌੜੀ ਚੜ੍ਹਦਾ ਹੈ "ਇਸ ਲਈ ਜੋ ਪੁਰਸ਼ ਮੇਰੀ ਇਜ਼ਤ ਨਹੀਂ ਕਰਦੇ ਉਹ ਦੰਭੀ ਹਨ, ਜੋ ਮੇਰਾ ਆਖਾ ਨਹੀਂ ਮੰਨਦੇ ਮੂਰਖ ਹਨ" ਵਾਹ ਡਾਇਣ ਨੇ ਕਹੀ ਸੋਹਣੀ ਚਾਲ ਨਾਲ ਸਾਡੇ ਅੰਦਰ ਇਹ ਖਿਆਲ ਵਾੜੇ, ਸਾਨੂੰ ਭੁਲ ਗਿਆ । 'ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰੁ' ਗੁਰੂ ਤੋਂ ਬੇਮੁਖ ਹੋ ਕੇ ਇਹ ਝੂਠਾ ਅਤੇ ਗਲਤ ਮੰਤਕ ਛਾਣ ਰਹੇ ਹਨ । "ਮੈਂ ਜੋ ਕੰਮ ਪਿਛੇ ਕੀਤੇ ਹਨ ਠੀਕ ਹਨ, ਇਸ ਲਈ ਜੋ ਅਗੇ ਕਰਾਂਗਾ ਠੀਕ ਹੋਣਗੇ । 'ਮੈਂ ਆਪਣੇ ਆਪ ਨੂੰ ਠੀਕ ਮੰਨ ਬੈਠਾ ਤਾਂ ਗੁਰੂ ਦੇ ਅਸੂਲਾਂ ਨੂੰ ਨਹੀਂ । ਜੋ ਮੇਰੀ ਰਾਇ ਹੈ ਉਹ ਠੀਕ ਹੈ, ਹੋਰ ਨਹੀਂ'। ਪਿਆਰਿਓ ਇਹ ਤੀਜੇ ਦਰਜੇ ਵਿਚ ਸਾਨੂੰ ਡਾਇਣ ਇਸ ਤਰ੍ਹਾਂ ਮਾਰਦੀ ਹੈ ਪਰ ਗੁਰੂ ਦਾ ਸ਼ਬਦ 'ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ' ਇਹ ਇਸ ਦੀ ਸਾਰੀ ਦਵਾ ਹੈ ।

ਪਰ ਅਜੇ ਪਿਛਾ ਨਹੀਂ ਛੁਟਾ । ਅਸੀਂ ਸਚਮੁਚ ਠੀਕ ਰਾਇ ਦੇ ਰਹੇ ਹਾਂ, ਸਾਹਮਣੇ ਦੇਖ ਰਹੇ ਹਾਂ ਸਭ ਗਲਤ ਹਨ । ਹੁਣ ਕੀ ਸਾਡੇ ਕੰਨ ਵਿਚ ਫੂਕਦੀ ਹੈ "ਇਨ੍ਹਾਂ ਨਾਲ ਮਿਲ ਕੇ ਤੂੰ ਆਪਣਾ ਵਕਤ ਖਰਾਬ ਕਰ ਰਿਹਾ ਹੈਂ । ਇਨ੍ਹਾਂ ਦੀ ਇਤਨੀ ਅਕਲ ਹੀ ਨਹੀਂ ਜੋ ਤੇਰੀ ਗੱਲ ਸਮਝਣ । ਚਲੋ ਛਡਕੇ ਅਰਾਮ ਕਰੀਏ" ਵਾਹ ! ਹਉਮੈ ਸਾਨੂੰ ਉਪਕਾਰ ਛਡਾਂਦੀ ਹੈ । ਕਿਉਂ ਜੀ ਇਨ੍ਹਾਂ ਅਨਜਾਣਾਂ ਨੂੰ ਅਸੀਂ ਭਲੇ ਪੁਰਸ਼ ਛਡ ਗਏ ਤਾਂ ਉਹ ਜ਼ਿਆਦਾ ਅਨਜਾਣ ਬਣਨਗੇ ਕਿ ਸੁਧਰਨਗੇ ? ਇਥੇ ਤਾਂ ਬੜੀ ਮੌਜ ਹੈ, ਸੇਵਾ ਦਾ ਬੜਾ ਮੌਕਾ ਹੈ । ਭਲਾ ਜਿਥੇ ਅਗੇ ਹੀ ਸੱਤ ਬੈਠੇ ਹਨ ਉਥੇ ਮੇਰੀ ਕੀ ਲੋੜ ਹੈ ? ਝਾੜੂ ਦੀ ਲੋੜ ਉਥੇ ਹੈ ਜਿਥੇ ਕੂੜਾ ਹੈ । ਸੇਵਕ ਦੀ ਲੋੜ ਉਥੇ ਹੈ ਜਿਥੇ ਸੇਵਾਦਾਰ ਦੀ ਥੁੜ ਹੈ । ਐਵੇਂ ਪ੍ਰਸਾਦੇ ਛਕਣ ਵਾਲੇ ਤਾਂ ਸੇਵਕ ਨਹੀਂ ਹੁੰਦੇ । 'ਸੇਵਕ ਕਉ ਸੇਵਾ ਬਨ ਆਈ' ਸੇਵਕ ਨੂੰ ਨੱਸਣਾ ਭੱਜਣਾ ਨਹੀਂ ਬਣਦਾ । ਇਹ ਚੌਥਾ ਦਰਜਾ ਹੈ । ਹੁਣ ਚੰਗੇ ਸੇਵਕਾਂ ਦਾ ਟੋਲਾ ਬਣ ਗਿਆ ਹੈ ਪਰ ਅਜੇ ਡਾਇਣ ਨਹੀਂ ਮੋਈ, ਅਚਾਨਕ ਕਿਸੇ ਸੱਜਣ ਨੇ ਐਸੀ ਗੱਲ ਤਜਵੀਜ਼ ਕਰ ਦਿਤੀ ਹੈ ਜੋ ਮੈਨੂੰ ਪਸੰਦ ਨਹੀਂ । ਜੀ ਕੁੜ੍ਹਨ ਲਗ ਪੈਂਦਾ ਹੈ । ਵਾਹ ਸੱਜਣ ਤੁਸੀਂ ਕਿਹੋ ਜਿਹੀਆ ਗੱਲਾਂ ਕਰ ਰਹੇ ਹੋ, ਤੁਸੀ ਮੇਰੀਆ ਅੱਖਾਂ ਨਾਲ ਇਸ ਗੱਲ ਨੂੰ ਦੇਖੋ ਕਿ ਇਹ ਗ਼ਲਤ ਹੈ । ਸਮਝਾਉਂਦਾ ਹੈ ਪਰ ਸਾਥੀਆਂ ਨੂੰ ਸਮਝ ਨਹੀਂ ਪੈਂਦੀ । ਫਿਰ ਕੁੜ੍ਹਨ ਲਗ ਜਾਂਦਾ ਹੈ ਅਤੇ ਓੜਕ ਕੰਮ ਛਡ ਬੈਠਦਾ ਹੈ । ਅਗੇ ਤਾਂ ਆਪਣੀਆਂ ਗੱਲਾਂ ਲੋਕ ਨਾ ਮੰਨਣ ਪਰ ਦੂਜੇ ਦੀ ਗੱਲ ਜੋ ਕਾਮਯਾਬ ਹੋ ਗਈ ਜਿਹੜੀ ਮੇਰੀ ਰਾਇ ਵਿਚ ਠੀਕ ਨਹੀਂ ਇਸ ਲਈ ਮੇਰਾ ਕੰਮ ਕਰਨਾ ਉਚਿਤ ਨਹੀਂ ਪਰ ਇਹ ਖਿਆਲ ਕਦੀ ਨਹੀਂ ਉਪਜਦਾ ਕਿ ਜਿਹੋ ਜਿਹੀ ਮੈਂ ਪੰਥ ਦੀ ਭਲਾਈ ਦੀ ਰਾਇ ਦਿਤੀ ਹੈ । ਜੋ ਮੈਂ ਭਲਾ ਹਾਂ ਤਾਂ ਉਨ੍ਹਾਂ ਦੀ

Sri Satguru Jagjit Singh Ji eLibrary NamdhariElibrary@gmail.com

ਗੱਲ ਮੰਨ ਲਈਏ । ਜੇ ਉਹ ਗ਼ਲਤ ਹੋਏ ਤਾਂ ਆਪੇ ਪਛਤਾਉਣਗੇ ਪਰ ਕਿਥੋਂ ! ਇਥੇ ਤਾਂ ਆਪਣੀ ਹੂੜ ਨੂੰ ਪਿਟੀਂਦਾ ਹੈ । ਆਪ ਇਕਲੇ ਨੂੰ ਬਹੁਤ ਅਤੇ ਦੂਜਿਆ ਬਹੁਤਿਆਂ ਨੂੰ ਤੁਛ ਸਮਝ ਕੇ ਹਉਮੈ ਕੰਮ ਛੁਡਾ ਦੇਂਦੀ ਹੈ ।

ਪਿਆਰਿਓ ! ਇਕ ਗੱਲ ਹੋਰ ਰਹਿ ਗਈ । ਸਾਡੀ ਸੇਵਾ ਦਾ ਨਤੀਜਾ ਕੁਝ ਨਹੀਂ ਨਿਕਲਦਾ । ਅਛੇ ਦਿਲੋਂ ਸੇਵਾ ਕਰ ਰਿਹਾ ਹਾਂ, ਨਿਰਮਾਣ ਹਾਂ, ਫਿਰ ਵੀ ਨਿਰਾਰਥਕ ਹੀ ਸਾਰੀ ਸੇਵਾ ਜਾ ਰਹੀ ਹੈ । ਮੇਰੀ ਸਾਰੀ ਉਮਰ ਦੀ ਮਿਹਨਤ ਦਾ ਸਿੱਟਾ ਕੁਝ ਨਾ ਨਿਕਲਿਆ, ਸ਼ੋਕ ! ਇਹ ਪਛਤਾਵਾ ਭੀ ਹਉਮੈ ਦਾ ਹੈ । ਤੂੰ ਕੀ ਹੈਂ, ਤੂੰ ਆਪਣੇ ਆਪ ਨੂੰ ਕੀ ਸਮਝ ਰਿਹਾ ਹੈਂ ? ਬਡੇ ਬਡੇ ਅਵਤਾਰ ਦੁਨੀਆਂ ਵਿਚ ਆਏ ਤੇ ਉਨ੍ਹਾਂ ਦੀ ਕਿਸੇ ਨਾ ਮੰਨੀ । ਤੂੰ ਕਿਹੜੇ ਬਾਗ ਦੀ ਮੂਲੀ ਹੈਂ ਜੋ ਤੇਰੇ ਕੰਮ ਦਾ ਹੁਣੇ ਹੀ ਸਿੱਟਾ ਨਿਕਲ ਆਵੇ ? ਨਾ ਉਮੇਦੀ ਤੇਰੀ ਹਉਮੈ ਦਾ ਕਾਰਨ ਹੈ, ਤੈਥੋਂ ਕੰਮ ਛੁੜਾ ਰਹੀ ਹੈ । ਤੂੰ 'ਤਾਣ ਹੁੰਦੇ ਨਿਤਾਣਾ ਹੋ' 'ਮਾਣ ਹੁੰਦਾ ਨਿਮਾਣਾ ਹੋ' ਤਾਂ ਸੇਵਕ ਸਦਾਉ । ਪਿਆਰਿਓ ! ਇਹ ਅਖੀਰਲਾ ਬੰਧਨ ਨਾ ਉਮੇਦੀ ਦਾ, ਟੱਕੇ ਦੇ ਸਚੇ ਸੇਵਕ ਸਦਾ, ਨਿਰਮਾਣ ਹੋਏ ਹੋਏ ਆਪਣੇ ਆਪਨੂੰ ਇਕ ਸਮਝਦੇ ਹੋਏ, ਦੂਜਿਆਂ ਨੂੰ ਆਪਣੇ ਵਰਗਾ ਸਗੋਂ ਆਪ ਤੋਂ ਚੰਗਾ ਸਮਝਦੇ ਹੋਏ, ਬਹੁਸੰਮਤੀ ਨੂੰ ਸਿਰ ਮਥੇ ਤੇ ਮੰਨਦੇ ਹੋਏ, ਨਾ ਉਮੇਦੀ ਦੇ ਸਮੁੰਦਰ ਤੋਂ ਪਾਰ ਲੰਘ ਕੇ ਸਦਾ ਆਸ ਤੇ ਸ਼ੁਕਰ ਤੇ ਆਨੰਦ ਵਿਚ ਆਪਣੀ ਟੋਕਰੀ ਢੋਈ ਜਾਂਦੇ ਹਨ । ਦੂਜਿਆਂ ਦੀ ਅੱਖਾਂ ਤੇ ਸ਼ਤੀਰ ਨਹੀਂ ਵੇਖਦੇ, ਆਪਣੀਆਂ ਅੱਖਾਂ ਤੋਂ ਤਿਲ ਦੇ ਕਢਣ ਦਾ ਯਤਨ ਕਰਦੇ ਹੋਏ ਪਾਰਗ੍ਰਾਮੀ ਹੁੰਦੇ ਹਨ । ਇਹੋ ਜਿਹੇ ਸੇਵਕਾਂ ਦਾ ਹੀ ਜੱਥਾ ਅਟੱਲ ਰਹਿ ਸਕਦਾ ਹੈ । ਜੋ ਨਿਰਮਾਣ ਸੇਵਾ ਕਰ ਰਹੇ ਹਨ ।

ਤਾਣ ਹੁੰਦੇ ਹੋਇ ਨਿਤਾਣਾ । ਮਾਣ ਹੁੰਦੇ ਹੋਇ ਨਿਮਾਣਾ ॥

ਅਣਹੋਂਦਾ ਆਪ ਵੰਡਾਏ । ਐਸਾ ਭਗਤ ਸਦਾਏ ॥

ਪਿਆਰੇ ਸਜਣੋ ! ਅਸੀਂ ਉਤੇ ਦਸ ਆਏ ਹਾਂ ਕਿ ਜਥੇਬੰਦੀ ਕਿਸ ਤਰ੍ਹਾਂ ਹੁੰਦੀ ਹੈ ਅਤੇ ਉਸ ਨੂੰ ਕਾਇਮ ਰਖਣ ਵਾਸਤੇ ਕੇਹੜੇ ਕੇਹੜੇ ਗੁਣ ਪੰਥ ਵਿਚ ਪੈਦਾ ਕਰਨੇ ਚਾਹੀਦੇ ਹਨ । ਜਥੇਬੰਦੀ ਉਸ ਬਰਾਦਰੀ ਵਿਚ ਬਹੁਤ ਦੇਰ ਤਕ ਰਹਿ ਸਕਦੀ ਹੈ ਜਿਹੜੇ ਕੰਨਾਂ ਨਾਲ ਅੱਖਾਂ ਭੀ ਹੋਣ ਅਰਥਾਤ ਜੋ ਗੱਲ ਸੁਣ ਭੀ ਲੈਣ, ਉਹਦੀ ਪੜਤਾਲ ਕਰਕੇ ਜਦ ਤਕ ਅੱਖੀਂ ਦੇਖ ਨਾ ਲੈਣ ਕਦੀ ਉਹਦੇ ਪਰ ਨਿਸ਼ਚਾ ਨਾ ਕਰਨਾ । ਸਾਡੇ ਵਿਚ ਇਹ ਵਡਾ ਭਾਰੀ ਔਗੁਣ ਹੈ ਕਿ ਭਾਵੇਂ ਕੋਈ ਇਕ ਨਿਕੰਮਾ ਜਿਹਾ ਪੁਰਸ਼ ਹੀ ਕਿਸੀ ਜਥੇ ਦੀ ਬਾਬਤ ਕੋਈ ਗੱਲ ਆਖ ਦੇਵੇ ਤਾਂ ਅਸੀਂ ਝੱਟ ਉਸਨੂੰ ਅਸਮਾਨੋਂ ਉਤਰੀ ਹੋਈ ਵਹੀ ਵਾਂਗ ਮਨ ਲੈਂਦੇ ਹਾਂ । ਕਦੀ ਇਹ ਨਹੀਂ ਜਾਚਦੇ ਭਾਈ ਇਸ

Sri Satguru Jagjit Singh Ji eLibrary NamdhariElibrary@gmail.com

ਕਹਿਣ ਵਾਲੇ ਦਾ ਇਸ ਅਖਾਣ ਵਿਚ ਕੋਈ ਖਾਸ ਪ੍ਰਯੋਜਨ ਤਾਂ ਨਹੀਂ । ਕਿਤੇ ਇਹ ਉਸ ਜਥੇ ਨਾਲ ਨਾਰਾਜ਼ ਤਾ ਨਹੀਂ ? ਫੇਰ ਜਿਨ੍ਹਾਂ ਪਰ ਇਹ ਦੂਸ਼ਨ ਲਾਣ ਡਿਹਾ ਹੋਇਆ ਹੈ ਉਹ ਜ਼ਿਆਦਾ ਇਤਬਾਰੀ ਹਨ ? ਜਾਂ ਕਿਤੇ ਇਹ ਕਾਲੀ ਚੀਜ਼ ਤੋਂ ਕਾਵਾਂ ਦੀ ਡਾਰ ਤਾਂ ਨਹੀਂ ਬਣਾ ਰਿਹਾ ? ਅਤੇ ਜੇ ਇਹ ਸੱਚ ਭੀ ਆਖਦਾ ਹੈ ਤਾਂ ਕਿਉਂ ਨਾ ਪਹਿਲੇ ਏਸਦੇ ਕਿ ਮੈਂ ਇਸ ਪਰ ਨਿਸਚਾ ਕਰਾਂ, ਪ੍ਰਬੰਧਕਾਂ ਪਾਸੋਂ ਹੀ ਪੁੱਛ ਲਵਾਂ ।

ਪਿਆਰੇ ਸਜਣੋ ! ਜੇ ਕਦੀ ਅਸੀਂ ਇਸ ਗੱਲ ਵਿਚ ਏਹ ਸੋਚਾਂ ਕਰ ਲਈਏ ਤਾਂ ਬਹੁਤ ਸਾਰੇ ਸਗੋਂ ਸਾਰੇ ਹੀ ਆਪਸ ਦੇ ਝਗੜੇ ਮਿਟ ਜਾਣ । ਅਸੀਂ ਸੁਣਦੇ ਹਾਂ 'ਕੁਤਾ ਕੰਨ ਲੈ ਗਿਆ' ਬਸ ਝੱਟ ਸਾਰੇ ਕੁੱਤੇ ਮਗਰ ਦੌੜ ਪੈਂਦੇ ਹਾਂ । ਆਪਣੇ ਕੰਨਾਂ ਨੂੰ ਹੱਥ ਲਾ ਕੇ ਨਹੀਂ ਵੇਖਦੇ । ਇਹ ਔਗੁਣ ਨਾ ਤਾਂ ਸਾਡੇ ਵਿਚ ਇਕ ਦੂਜੇ ਤੇ ਇਤਬਾਰ ਪੈਦਾ ਹੋਣ ਦੇਂਦੇ ਹਨ ਤੇ ਨਾ ਹੀ ਭਰੋਸਾ, ਪਰ ਸੁਣ ਸੁਣਾ ਕੇ ਸਾਰੇ ਹੀ ਇਕ ਦੂਜੇ ਨੂੰ ਚੋਰ ਸਮਝੀ ਬੈਠੇ ਹਾਂ । ਸਾਡੀ ਜਥੇਬੰਦੀ ਕੀਕੂੰ ਤੁਰੇ ? ਆਉ ਪਿਆਰੇ ਸਜਣੋ ! ਅਸੀਂ ਵੇਖਣ ਦੀ ਵਾਦੀ ਪਾਈਏ । ਸਾਨੂੰ ਇਥੇ ਇਕ ਕਹਾਣੀ ਯਾਦ ਆ ਗਈ ਹੈ ।

ਇਕ ਅੰਨ੍ਹਾ ਤੇ ਇਕ ਸੁਜਾਖਾ ਰੋਟੀ ਖਾਣ ਬੈਠੇ । ਰੋਟੀ ਜ਼ਰਾ ਸਵਾਦਲੀ ਸੀ, ਕੁਝ ਚਿਰ ਅੰਨ੍ਹਾ ਖਾਂਦਾ ਰਿਹਾ, ਮਗਰੋਂ ਉਸਨੂੰ ਖਿਆਲ ਆਇਆ ਬਾਈ ਮੇਰਾ ਸਾਥੀ ਕਿਤੇ ਦੋਹੀਂ ਹਥੀਂ ਨਾ ਖਾਂਦਾ ਹੋਵੇ, ਝਟ ਦੋਹੀਂ ਹੱਥੀਂ ਖਾਣ ਲਗ ਪਿਆ । ਸੁਜਾਖਾ ਭਲਾ ਪੁਰਖ ਹੱਸ ਕੇ ਚੁੱਪ ਕਰ ਰਿਹਾ । ਅੰਨ੍ਹੇ ਆਖਿਆ ਕਿਤੇ ਇਹ ਜੇਬ ਵਿਚ ਤਾਂ ਨਹੀਂ ਪਾ ਰਿਹਾ ? ਇਹ ਤਾਂ ਮੇਰੇ ਦੋਹੀਂ ਹਥੀਂ ਖਾਣ ਤੇ ਮੈਨੂੰ ਰੋਕਦਾ ਹੀ ਨਹੀਂ । ਮਠਿਆਈ ਆਦਿ ਲਗਾ ਜੇਬ ਵਿਚ ਠੋਸਣ । ਸੁਜਾਖਾ ਫੇਰ ਭੀ ਆਨੰਦ । ਅੰਨ੍ਹੇ ਆਖਿਆ ਭਈ ਇਥੇ ਕੋਈ ਹਨੇਰ ਹੈ, ਭਲਾ ਮੈਂ ਦੋਹੀਂ ਹਥੀਂ ਭੀ ਖਾਧਾ, ਜੇਬ ਭੀ ਭਰੀ ਫੇਰ ਭੀ ਇਹ ਨਹੀਂ ਬੋਲਿਆ । ਇਹ ਕਿਸੇ ਨਾ ਕਿਸੇ ਤਰ੍ਹਾਂ ਮੈਨੂੰ ਜ਼ਿਆਦਾ ਹੀ ਲੁਟਦਾ ਹੋਣਾ ਹੈ । ਡੰਡ ਮਚਾ ਦਿਤੀ 'ਲੁਟਿਆ ਗਿਆ, ਲੁਟਿਆ ਗਿਆ ।' ਜਦ ਲੋਕਾਂ ਨੇ ਭਾਲ ਕੀਤੀ ਤਾਂ ਅੰਨ੍ਹੇ ਹੋਰਾਂ ਨੂੰ ਹੀ ਦੋਸ਼ ਦਿਤਾ ਗਿਆ ।

ਪਿਆਰੇ ਪਾਠਕ ਜੀ ! ਇਸ ਵਾਰਤਾ ਤੋਂ ਕਈ ਨਤੀਜੇ ਕੱਢ ਸਕਦੇ ਹਾਂ । ਪਹਿਲੇ ਤਾਂ ਇਹ ਕਿ ਅੱਖਾਂ ਦਾ ਹੋਣਾ ਇਕ ਬੜੀ ਨਿਆਮਤ ਹੈ ਫਿਰ ਹੁੰਦੀਆਂ ਸੁੰਦੀਆਂ ਨੂੰ ਵਰਤਣਾ ਇਕ ਬੜੀ ਹੀ ਉੱਤਮ ਗੱਲ ਹੈ । ਕਿਉਂ ਅਸੀਂ ਲੋਕਾਂ ਦੇ ਪਿੱਛੇ ਹੀ ਲਗ ਪਈਏ ਜਦ ਅਸੀਂ ਖੁਦ ਦੇਖ ਅਤੇ ਸਮਝ ਸਕਦੇ ਹਾਂ । ਸਾਨੂੰ ਚੁੱਕਣ ਵਾਲੇ ਤਾਂ ਸਾਨੂੰ ਬੁਧੂ ਬਣਾਨ ਦੇ ਜਤਨ ਵਿਚ ਹਨ । ਦੂਜੀ ਗੱਲ ਅਸੀਂ ਇਹ ਸਿੱਖ ਸਕਦੇ ਹਾਂ ਕਿ ਕਿਤੇ ਬਹੁਤਾ ਰੌਲਾ ਪਾਣੇ ਵਾਲਾ ਹੀ ਚੋਰ ਨਾ ਹੋਵੇ । ਆਓ ਤਾਂ ਜ਼ਰਾ ਇਹਦੀ ਵੀ ਸੋਧ ਕਰੀਏ । ਜਦ ਅਸੀਂ ਇਹੋ ਜਿਹੇ ਚੋਕੰਨੇ ਹੋ ਜਾਵਾਂਗੇ ਤਾਂ ਸਾਨੂੰ ਨੁਕਸ ਦੱਸਣ ਵਾਲੇ ਭੀ

Sri Satguru Jagjit Singh Ji eLibrary NamdhariElibrary@gmail.com

ਘਟ ਹੋ ਜਾਣਗੇ । ਅਤੇ ਨੁਕਸ ਭੀ ਘੱਟ । ਇਕ ਉਦਾਹਰਣ ਦੇ ਕੇ ਅਸੀਂ ਇਹ ਨੂੰ ਸਪਸ਼ਟ ਕਰਦੇ ਹਾਂ । ਮਿਸਾਲ ਅਸੀਂ ਆਪਣੇ ਸ਼ਰੋਮਣੀ ਜਥੇ ਚੀਫ ਖ਼ਾਲਸਾ ਦੀਵਾਨ ਦੀ ਹੀ ਲੈਂਦੇ ਹਾਂ । ਫਰਜ਼ ਕਰੋ ਕਿ ਇਕ ਸਜਣ ਕਹਿ ਰਿਹਾ ਹੈ ਕਿ ਚੀਫ ਖ਼ਾਲਸਾ ਦੀਵਾਨ ਦਾ ਰੁਪਿਆ ਗ਼ਬਨ ਹੋ ਰਿਹਾ ਹੈ । ਤਾਂ ਸਾਨੂੰ ਝਟ ਉਸ ਦੀ ਗੱਲ ਉਤੇ ਭਰੋਸਾ ਕਰਨਾ ਠੀਕ ਨਹੀਂ । ਪੁਛੋ ਭਾਈ ਕੀਕੁੰ ਤੈਨੂੰ ਪਤਾ ਹੈ ? ਦਸ ਕਿਹੜੀ ਰਕਮ ਦੀਵਾਨ ਦੇ ਦਫਤਰ ਵਿਚ ਪੁੱਜੀ ਹੈ ਤੇ ਓਹਦੀ ਰਸੀਦ ਨਹੀਂ ਬਣੀ, ਜੇ ਰਸੀਦ ਬਣੀ ਹੈ ਤਾਂ ਬੈਂਕ ਵਿਚ ਨਹੀਂ ਜਮਾਂ ਹੋਈ ? ਇਹ ਸਵਾਲ ਕਰਨ ਪਰ ਹੀ ਝੂਠ ਸਚ ਦਾ ਨਿਤਾਰਾ ਹੋ ਜਾਏਗਾ । ਦੱਸ ਜਿਹੜੀ ਰਕਮ ਜੋ ਖਰਚ ਵਿਚ ਦਿਖਾਈ ਗਈ ਹੈ ਤੇ ਅਸਲੋਂ ਖਰਚ ਨਹੀਂ ਹੋਈ ? ਜੇ ਕਿਸੇ ਕਰਮ ਦਾ ਨਾਉਂ ਲਿਆ ਜਾਵੇ ਤਾਂ ਝਟ ਇਕ ਪੱਤਰ ਸਕੱਤਰ ਦੇ ਨਾਮ ਲਿਖੋ ਕਿ ਫਲਾਣਾ ਆਦਮੀ ਕਹਿੰਦਾ ਹੈ ਕਿ ਫਲਾਣੀ ਰਕਮ ਗ਼ਬਨ ਹੋ ਗਈ ਹੈ । ਕ੍ਰਿਪਾ ਕਰਕੇ ਦਸੋ ਕਿ ਕੀ ਗੱਲ ਹੈ ? ਜੇ ਓਥੋਂ ਕੋਈ ਤਸੱਲੀ ਬਖ਼ਸ਼ ਜਵਾਬ ਨਾ ਆਵੇ ਤਾਂ ਤੁਹਾਨੂੰ ਅਖਤਿਆਰ ਹੈ ਜੋ ਮਰਜ਼ੀ ਚਾਹੇ ਆਖੋ ਪਰ ਪੜਤਾਲ ਤੋਂ ਪਹਿਲਾਂ ਦੂਸ਼ਣ ਨਿਰਾ ਅਨਜਾਣ ਪੁਣਾ ਅਤੇ ਜਥੇਬੰਦੀ ਨੂੰ ਹਾਨੀਕਾਰਕ ਹੈ ।

Sri Satguru Jagjit Singh Ji eLibrary NamdhariElibrary@gmail.com

# ਜਥੇਬੰਦੀ

**ਭਾਈ ਸਾਹਿਬ ਭਾਈ ਵੀਰ ਸਿੰਘ**

ਛਾਬੇ ਵਿਚ ਪਏ ਫੁੱਲ ਕਈ ਵਾਰੀ ਦੇਖੇ ਹੋਣਗੇ। ਉਨ੍ਹਾਂ ਫੁੱਲਾਂ ਨੂੰ ਕਿਸੇ ਵੇਲੇ ਲੋਕੀਂ ਮਾਲਾਂ ਤੇ ਸਿਹਰੇ ਕਹਿਣ ਲਗ ਜਾਂਦੇ ਹਨ। ਫੁੱਲ ਉਹੀ ਹੁੰਦੇ ਹਨ, ਪਰ ਨਾਮ ਬਦਲ ਜਾਂਦਾ ਹੈ, ਸਮਰਥਾ ਪਲਟ ਜਾਂਦੀ ਹੈ। ਫੁੱਲ ਛਾਬੇ ਵਿਚ ਵਿਕੋਲਿਤਰੇ ਪਏ ਰਹਿੰਦੇ ਹਨ, ਪਰ ਸਿਹਰੇ ਤੇ ਮਾਲਾਂ ਮਨੁੱਖ ਜੈਸੇ ਸ੍ਰਿਸ਼ਟੀ ਦੇ ਸਰਦਾਰ ਦੇ ਗਲੇ ਵਿਚ ਪੈ ਕੇ ਤੇ ਮੱਥੇ ਤੇ ਲਟਕ ਕੇ ਕ੍ਰਿਤਾਰਥ ਹੁੰਦੇ ਹਨ। ਫਰਕ ਕੀ ਪੈਂਦਾ ਹੈ ? ਕਿ ਓਹੋ ਫੁੱਲ ਇਕ ਸੂਤ ਵਿਚ ਪਰੋਏ ਜਾਂਦੇ ਹਨ। ਇਸੇ ਤਰ੍ਹਾਂ ਮਨੁੱਖਾਂ ਦੇ ਝੁੰਡ ਤੇ ਭੀੜਾਂ ਦੇਸ਼ਾਂ ਵਿਚ ਵਸਦੇ ਹਨ, ਅਰ ਚੰਗੇਰ ਦੇ ਫੁੱਲਾਂ ਦੀ ਤਰ੍ਹਾਂ ਵਿਕੋਲਿਤਰੇ ਪਏ ਜੀਵਨ ਕੱਟਦੇ ਤੇ ਮਰ ਜਾਂਦੇ ਹਨ। ਜਦ ਇਨ੍ਹਾਂ ਵਿਚ ਇਕ ਖਾਸ ਢੰਗ ਦੇ ਮਿਲਾਪ ਦਾ ਰੰਗ ਬੱਝ ਜਾਏ, ਤਦ ਕਹਿੰਦੇ ਹਨ ਕਿ ਇਹ ਕੌਮ ਹੈ, ਅਰ ਜਦ ਖਾਸ ਪ੍ਰਬੰਧ ਨਾਲ ਉਸ ਵਿਚ ਜੁਗਤ ਦੇ ਬਾਨ੍ਹਣੂ ਬੱਝ ਕੇ ਇਕ ਇਰਾਦਾ ਹੋ ਕੇ 'ਏਕੈ ਸੂਤਿ ਪਰੋਏ ਮਣੀਏ' ਵਾਲੀ ਸੂਰਤ ਹੋ ਜਾਏ, ਤਦ ਉਸਨੂੰ ਜਥੇਬੰਦੀ ਵਾਲੀ ਕੌਮ ਕਹਿੰਦੇ ਹਨ। ਜਥੇਬੰਦੀ ਕੇਵਲ ਫੌਜੀ ਪਦ ਨਹੀਂ, ਨਾ ਇਸ ਦਾ ਅਰਥ ਅੱਡ ਅੱਡ ਟੋਲੇ ਬੰਨ੍ਹਣੇ ਹਨ, ਪਰ ਇਸ ਦਾ ਭਾਵ ਇਹ ਹੈ ਕਿ ਕਿਸੇ ਕੌਮ ਦੇ ਕਿਸੇ ਖਾਸ ਪ੍ਰਬੰਧ ਨਾਲ ਹੋਣ ਅਰ ਕੌਮ ਆਪ ਆਪਣੇ ਅਸੂਲਾਂ ਦੇ ਪ੍ਰਬੰਧ ਵਿਚ ਚਲੇ, ਉਸ ਦਾ ਹਰੇਕ ਮੈਂਬਰ (ਸਹਾਇਕ) ਆਪਣੇ ਧਰਮ ਅਰ ਫਰਜ਼ ਪਰ ਦ੍ਰਿੜ੍ਹ ਹੋਵੇ। ਜਿਸ ਤਰ੍ਹਾਂ ਇਕ ਮਸ਼ੀਨ ਹੁੰਦੀ ਹੈ, ਉਸ ਦੇ ਅੱਡ ਅੱਡ ਪੁਰਜ਼ੇ ਆਪਣੀ ਥਾਂ ਸਿਰ ਆਪਣੇ ਆਪਣੇ ਕੰਮ ਨੂੰ ਕਰਦੇ ਹਨ ਤੇ ਮਸ਼ੀਨ ਆਪਣੇ ਕਾਰਜ ਨੂੰ ਕਰ ਦੇਂਦੀ ਹੈ। ਪਰ ਮਨੁੱਖ ਦੀ ਜਥੇਬੰਦੀ ਫੁੱਲਾਂ ਵਾਂਗ ਹੱਥੀ ਫੇਰਨ ਵਾਲਿਆਂ ਸੁਰਜੀਤ ਆਦਮੀਆਂ ਦੇ ਵੱਸ ਨਹੀਂ, ਕਿਉਂਕਿ ਆਦਮੀ ਜੜ੍ਹ ਨਹੀਂ, ਚੇਤਨ ਹੈ। ਚੇਤਨ ਆਪਣੇ ਸਾਰੇ ਕਾਰਜ ਆਪ ਕਰਨ ਨੂੰ ਸਮਰੱਥ ਹੈ, ਪਰ ਇਸ ਦੀ ਚੇਤਨਤਾ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਆਦਮੀ ਇਸ ਤਰ੍ਹਾਂ ਕਰ ਲੈਂਦੇ ਹਨ। ਕਿਉਂਕਿ ਐਵੇਂ ਹੀ ਇਹ ਨਾ ਹੋ ਸਕੇ ਤਦ ਵਹਿਸ਼ੀ ਕੌਮਾਂ ਜਥੇਬੰਦੀ ਤੋਂ ਸੁੰਞੀਆਂ ਹਨ। ਉਨ੍ਹਾਂ ਵਿਚ ਭੀ ਜਥੇਬੰਦੀ ਦੀ ਲਾਗ ਹੁੰਦੀ ਹੈ,ਪਰ ਨਾ ਹੋਈ ਵਰਗੀ। ਇਸਦਾ ਭੇਤ ਇਹ ਹੈ ਕਿ ਜਥੇਬੰਦੀ ਵਿੱਦਿਆ ਪਰ ਨਿਰਭਰ ਰਖਦੀ ਹੈ। ਜਿਤਨੀ ਜਿੱਥੇ ਅਵਿੱਦਿਆ ਹੈ ਉਤਨੀ ਉਥੇ ਜੜ੍ਹਤਾ ਵੱਧ ਹੈ। ਜੜ੍ਹਤਾ ਜਥੇਬੰਦੀ ਲਈ ਅਸਮ੍ਰਥ ਹੋਣ ਕਰਕੇ ਉੱਨੀ

Sri Satguru Jagjit Singh Ji eLibrary NamdhariElibrary@gmail.com

ਉਥੇ ਜਥੇਬੰਦੀ ਦੀ ਊਣ ਹੈ । ਵਿੱਦਿਆ ਬੁਧੀ ਨੂੰ ਉੱਜਲ ਕਰਦੀ ਹੈ ਤੇ ਜੜ੍ਹਤਾ ਨੂੰ ਦਬਾ ਕੇ ਬੁਧੀ ਦੀ ਚੇਸ਼ਟਾ ਨੂੰ ਐਸਾ ਪ੍ਰਬਲ ਕਰ ਦੇਂਦੀ ਹੈ ਕਿ ਮਨੁੱਖ ਮਹਾਨ ਕਾਰਜਾਂ ਦੇ ਕਰਨ ਜੋਗ ਹੋ ਜਾਵੇ । ਵਿੱਦਿਆ ਤੋਂ ਭਾਵ ਕੋਈ ਬੋਲੀ ਸਿੱਖਣੀ ਜਾਂ ਕਿਸੇ ਭਾਸ਼ਾ ਦਾ ਜਾਣਨਾ ਨਹੀਂ ਹੈ । ਵਿੱਦਿਆ ਦਾ ਭਾਵ ਹੈ ਕਿ ਮਾਨੁਖ ਦਾ ਮਨ ਮੰਝ ਜਾਵੇ । ਇਸ ਤਰ੍ਹਾਂ ਖਾਣ ਤੋਂ ਨਿਕਲਿਆ ਹੀਰਾ ਵਿੰਗਾ ਚਿੱਬਾ ਮਾਮੂਲੀ ਮੁੱਲ ਪਾਉਂਦਾ ਹੈ ਪਰ ਜਦ ਪੱਥਰ ਖਰਾਦੀਆ ਉਸ ਦੀ ਖਾਸ ਸ਼ਕਲ ਕੱਢ ਕੇ ਉਸ ਪਰ ਅਨੇਕਾਂ ਪਹਿਲ ਪਾ ਦੇਂਦਾ ਹੈ, ਤਦ ਉਸ ਦੀ ਚਮਕ ਭੜਕ ਉਠਦੀ ਹੈ, ਅਰ ਉਸਦਾ ਮੁੱਲ ਵਧ ਜਾਂਦਾ ਹੈ । ਇਸੀ ਤਰ੍ਹਾਂ ਜਿਨ੍ਹਾਂ ਮਨੁੱਖਾਂ ਦੇ ਦਿਮਾਗ ਮੰਝ ਗਏ ਹਨ, ਚਾਹੇ ਪੁਸਤਕਾਂ ਪੜ੍ਹਕੇ, ਚਾਹੇ ਮੁਹਬਤ ਕਰਕੇ, ਚਾਹੇ ਕਥਾ ਵਾਰਤਾ ਸੁਣ ਕੇ ਚਾਹੇ ਦੇਖਣ ਤੇ ਵਿਚਾਰ ਕਰਨ ਕਰਕੇ ਉਹ ਵਿਦਵਾਨ ਕਹੇ ਜਾਂਦੇ ਹਨ । ਭਾਵੇਂ ਇਨ੍ਹਾਂ ਵਿਚ ਫਰਕ ਹੁੰਦੇ ਹਨ, ਪਰ ਸਮੁੱਚੇ ਤੌਰ ਤੇ ਇਨ੍ਹਾਂ ਨੂੰ ਵਿਦਵਾਨ ਕਹਿ ਸਕੀਦਾ ਹੈ । ਕੇਵਲ ਪੜ੍ਹਨਾ ਵਿਦਵਾਨ ਹੋਣਾ ਨਹੀਂ ਹੈ । ਤੋਤਾ ਤੇ ਮੈਨਾ ਟੂਣੀਏ ਤੇ ਰਾਇ ਸਭ ਪੜ੍ਹਦੇ ਹਨ । ਅਨੇਕਾਂ ਪੜ੍ਹੇ ਹੋਏ ਆਦਮੀ ਵੀ ਬੋਹੇਸ਼ ਰਹਿੰਦੇ ਹਨ । ਉਹ ਵਿਦਵਾਨ ਨਹੀਂ ਕਹੀਦੇ ।

ਤੋਤਾ ਪੰਛੀ ਹੀ ਰਿਹਾ, ਪੜ੍ਹ ਪੜ੍ਹ ਵਿਦਯਾ ਢੇਰ ।
ਪੜ੍ਹਨ ਗੁੜ੍ਹਨ ਵਿਚ ਭੇਦ ਹੈ, ਸਮਝੇ ਬਿਨਾ ਕੁਫੇਰ ।

ਸਾਡੇ ਵਡਿਆਂ ਵਿਚ ਪੜ੍ਹਨਾ ਘੱਟ ਸੀ, ਪਰ ਉਹ ਮੰਝੇ ਦਿਮਾਗ ਵਾਲੇ ਬਹੁਤ ਹੁੰਦੇ ਸਨ । ਉਨ੍ਹਾਂ ਦੀ ਜਥੇਬੰਦੀ ਐਸੀ ਪੂਰੀ ਸੀ ਕਿ ਜਿਸ ਦਾ ਫਲ ਉਨ੍ਹਾਂ ਦੀ ਕਾਮਯਾਬੀ ਸੀ । ਗੁਰਮਤੇ ਦਾ ਆਸ਼ਰਮ, ਜੋ ਇਤਿਹਾਸਕਾਰਾਂ ਨੇ ਲਿਖਿਆ ਹੈ, ਐਸਾ ਮੁਕੰਮਲ ਸੀ ਕਿ ਜਿਸ ਦੇ ਕਾਰਨ ਸਖਤ ਕਲੇਸ਼ਾਂ ਵੇਲੇ ਵੀ ਕੌਮ ਕਾਇਮ ਰਹੀ । ਹੁਣ ਅਸੀਂ ਪੜ੍ਹ ਗਏ ਹਾਂ, ਪਰ ਫੀ ਸਦੀ ਇਕ ਸਿੱਖ ਨੂੰ ਵੀ ਪਤਾ ਨਹੀਂ ਹੋਣਾ ਕਿ ਸਾਡੇ ਵਡੇ ਗੁਰਮਤਾ ਕਿਸ ਨੂੰ ਆਖਦੇ ਹੁੰਦੇ ਹਨ । ਇਹ ਉਨ੍ਹਾਂ ਸਮਿਆਂ ਵਿਚ ਸੀ ਜਦ ਅੱਸੀ ਰੁਪਏ ਨੂੰ ਸਿੱਖ ਦਾ ਸਿਰ ਵਿਕਦਾ ਸੀ, ਜਦ ਬੀਜ ਨਾਸ਼ ਹੋਣ ਦੇ ਪਾਤਸ਼ਾਹਾਂ ਵਲੋਂ ਬੀੜੇ ਚੁਕੇ ਜਾਂਦੇ ਸੇ, ਜਦੋਂ ਰਪੋਰਟਾਂ ਗੁਜ਼ਰ ਜਾਂਦੀਆਂ ਸਨ ਕਿ ਸਿੱਖ ਮੁੱਕ ਗਏ ਹਨ, ਤਦੋਂ ਇਹ ਜਥੇਬੰਦੀ ਦੀ ਬਰਕਤ ਕੌਮ ਨੂੰ ਕਾਇਮ ਰਖਦੀ ਸੀ । ਪਰ ਜਦੋਂ ਹੁਣ ਅਮਨ ਦਾ ਰਾਜ ਹੈ, ਰਾਜਸੀ ਕੋਈ ਖਟਕਾ ਨਹੀਂ, ਧਾਰਮਕ ਤੇ ਭਾਈਚਾਰਕ ਉੱਨਤੀ ਦੇ ਮੈਦਾਨ ਤੇ ਪਿੜ ਮੋਕਲੇ ਪਏ ਹਨ, ਜਦੋਂ ਪ੍ਰਤਿਭਾਸ਼ੀਲ ਤੇ ਧਰਮਸ਼ੀਲ ਹੋਣ ਲਈ ਸੁਤੰਤ੍ਰਤਾ ਹੈ, ਕੇਵਲ ਇਹ ਹੀ ਨਹੀਂ ਜਦੋਂ ਅਸੀਂ ਪੜ੍ਹ ਗਏ ਹਾਂ, ਜਦੋਂ ਅਸੀਂ ਦੇਸ਼ ਬਦੇਸ਼ ਦੇ ਸਮਾਚਾਰ ਪੜ੍ਹਦੇ ਹਾਂ, ਜਦੋਂ ਵਿੱਦਿਆ ਛਬੀਲਾਂ ਦੀ ਤਰ੍ਹਾਂ ਚੱਪੇ ਚੱਪੇ ਤੇ ਵੰਡੀਜ ਰਹੀ ਹੈ, ਤਦੋਂ ਅਸੀਂ ਘਟਦੇ ਜਾ ਰਹੇ ਹਾਂ । ਜਦੋਂ ਅਸੀਂ ਆਸ਼ਰਮ ਬੰਨਦੇ ਹੋਏ ਲੜਦੇ ਹਾਂ, ਤਦੋਂ ਅਸੀਂ ਕੌਮ ਕੌਮ ਕਰਕੇ ਤਿੜਕਦੇ ਹਾਂ, ਉੱਨਤੀ ਕਰਦੇ ਤੇ ਕਹਿੰਦੇ ਹਾਂ, ਪਰ ਸਮਝ ਕੁਝ ਨਹੀਂ, ਮਿਲ ਬੈਠਦੇ ਹਾਂ, ਪਰ ਮਿਲਦੇ ਨਹੀਂ, ਰਲ ਤੁਰਦੇ ਹਾਂ,

Sri Satguru Jagjit Singh Ji eLibrary NamdhariElibrary@gmail.com

ਪਰ ਰਲਦੇ ਨਹੀਂ, ਇਕ ਬਣਦੇ ਹਾਂ, ਪਰ ਇਕ ਹੁੰਦੇ ਨਹੀਂ, ਇਕ ਨਿਸ਼ਾਨੇ ਪਰ ਚਾਂਦਮਾਰੀ ਕਰਦੇ ਹਾਂ, ਪਰ ਨਿਸ਼ਾਨੇ ਤੇ ਉੱਕਦੇ ਹਾਂ। ਸਾਡੀ ਇਹ ਸਰੋਵਰ ਪਰ ਬੈਠ ਕੇ, ਚਸ਼ਮਿਆਂ ਤੇ ਬਰਫਾਂ ਨਾਲ ਘਿਰਿਆ ਹੋ ਕੇ, ਜੋ ਤਰੇਹ ਦੀ ਦਸ਼ਾ ਅਬੁੱਝਵੀਂ ਹੋ ਰਹੀ ਹੈ, ਇਹੋ ! ਕੀਹ ਕਾਰਨ ਇਸ ਦੀ ਤਹਿ ਵਿਚ ਹੈ ਉਹੋ ਜਥੇਬੰਦੀ ਦਾ ਲੋਪ ਹੋ ਜਾਣਾ। ਅਸੀਂ ਉਹ ਕੌਮ ਨਹੀਂ ਹਾਂ ਕਿ ਜਿਨ੍ਹਾਂ ਨੇ ਜਥੇਬੰਦੀ ਮੁੱਢੋਂ ਸਿੱਖਣੀ ਹੈ, ਅਸੀਂ ਉਹ ਹਾਂ ਜਿਨ੍ਹਾਂ ਨੇ ਭੁੱਲੀ ਸ਼ੈ ਚੇਤੇ ਕਰਨੀ ਹੈ, ਪਰ ਵਰਤਣ ਵਿਚ ਫਰਕ ਹੈ।

ਦਸਾਂ ਸਤਿਗੁਰਾਂ ਦਾ ਮੰਤਵ ਸੰਸਾਰ ਵਿਚੋਂ ਈਰਖਾ, ਦਵੈਖ, ਤੁਅੱਸਬ. ਤੇ ਵੈਰ ਨੂੰ ਦੂਰ ਕਰਕੇ ਪ੍ਰੇਮ ਫੈਲਾਉਣ ਦਾ ਸੀ। ਕੌਮ ਕੌਮ ਨਾਲ, ਮਤ ਮਤ ਨਾਲ ਤਲਵਾਰ ਧੂਈ ਪਿਆ ਹੈ। ਸਤਿਗੁਰਾਂ ਦਾ ਇਹ ਆਸ਼ਾ ਸੀ ਕਿ ਸਭ ਵਿਚ ਮੈਤ੍ਰੀ ਹੋ ਜਾਏ। ਉਨ੍ਹਾਂ ਨੇ ਸਿੱਖ ਕੌਮ ਹੋਰਨਾਂ ਵਾਂਗੂ ਸਭ ਨਾਲ ਈਰਖਾ ਕਰਨ ਵਾਲੀ ਅਰ ਤੁਅੱਸਬ ਪਰ ਪੈ ਕੇ ਚੱਲਣ ਵਾਲੀ ਭੀੜ ਕੱਠੀ ਨਹੀਂ ਸੀ ਕੀਤੀ। ਉਹ ਸੰਸਾਰ ਵਿਚ ਪ੍ਰੇਮ ਦਾ ਢੰਡੋਰਾ ਦੇਣਾ ਚਾਹੁੰਦੇ ਸੇ। ਇਕ ਆਦਮੀ ਇਹ ਕਾਰਜ ਨਹੀਂ ਕਰ ਸਕਦਾ, ਦੋ ਨਹੀਂ ਕਰ ਸਕਦੇ, ਦਸ ਨਹੀਂ ਕਰ ਸਕਦੇ, ਇਹ ਬਹੁਤਿਆਂ ਦਾ ਕੰਮ ਹੈ। ਇਸ ਲਈ ਸਤਿਗੁਰਾਂ ਨੇ ਆਪਣੇ ਆਤਸ਼ ਉਪਯੋਗ ਨਾਲ ਬੇਗਿਣਤ ਬਹੁਤੇ ਐਸੇ ਪੈਦਾ ਕੀਤੇ ਜੋ ਇਸ ਢੰਡੋਰੇ ਨੂੰ ਫੇਰਨ ਦੇ ਲਾਇਕ ਬਣ ਗਏ, ਜਿਨ੍ਹਾਂ ਨੂੰ ਪ੍ਰੇਮ ਦੀ ਸਿੱਖਿਆ ਨੇ ਸਿੱਖਯਤ ਕਰ ਦਿਤਾ ਅਰ ਜਿਨ੍ਹਾਂ ਸਿੱਖੇ ਹੋਇਆਂ ਨੂੰ ਮਹਾਰਾਜ ਨੇ ਸਿੱਖ ਨਾਮ ਦਿੱਤਾ। ਸਿੱਖ ਦਾ ਅਰਥ ਇਹ ਨਹੀਂ ਕਿ ਉਹ ਸਭ ਤੋਂ ਅੱਡ, ਮਾਨੁੱਖ ਮਾਤ੍ਰ ਤੋਂ ਨਫਰਤ ਸੁਗਤਾ ਸਭ ਨੂੰ ਚੁਭਣ ਵਾਲੀ ਬਿੱਛੂ ਬੂਟੀ ਹੈ। ਉਹ ਸਭ ਨਾਲ ਪਿਆਰ ਕਰਨ ਵਾਲਾ ਸਭ ਨੂੰ ਪ੍ਰੇਮ ਦਾ ਉਪਦੇਸ਼ ਦੇਣ ਵਾਲਾ, ਅਰ ਸਭ ਨੂੰ ਪ੍ਰੇਮ ਦੀ ਵਰਤੋਂ ਵਰਤਾਕੇ ਦਿਖਾਉਣ ਵਾਲਾ, ਪ੍ਰੇਮ ਦੀ ਪਾਠਸ਼ਾਲਾ ਦਾ ਸਿਖਯਤ ਸਿੱਖ ਹੈ। ਜਦ ਬਹੁਤੇ ਸਿੱਖ ਹੋ ਗਏ ਤਦ ਹੁਣ ਉਨ੍ਹਾਂ ਵਿਚ ਜਥੇਬੰਦੀ ਦਾ ਹੋਣਾ ਕੁਦਰਤੀ ਲੋੜ ਹੋ ਗਈ। ਜੇ ਇਹ ਜਥੇਬੰਦੀ ਨਾ ਹੋਵੇ ਤਾਂ ਉਹ ਮਹਾਨ ਕੰਮ ਪ੍ਰੇਮ ਢੰਡੋਰੇ ਦਾ ਸਿਰੇ ਕਿਸ ਤਰ੍ਹਾਂ ਚੜ੍ਹੇ ?

ਜਿਸ ਤਰ੍ਹਾਂ ਦੇਹ ਦੇ ਅੰਗ ਸੁਤੇ ਹੀ ਇਕ ਤਰ੍ਹਾਂ ਜਥੇਬੰਦੀ ਦੇ ਅਸੂਲ ਵਿਚ ਚਲਦੇ ਹਨ ਤਦ ਦੇਹ ਆਪਣੇ ਕਾਰਜ ਕਰਨ ਨੂੰ ਸਮਰੱਥ ਰਹਿੰਦੀ ਹੈ, ਪਰ ਜਦ ਉਹਨਾਂ ਨਿਯਮਾਂ ਵਿਚ ਕਿਤੇ ਉਕਾਈ ਹੋ ਜਾਵੇ ਤਦ ਰੋਗੀ ਹੋ ਜਾਂਦੀ ਹੈ। ਇਸੇ ਪ੍ਰਕਾਰ ਜੇ ਉਹਨਾਂ ਬਹੁਤ ਸਿੱਖਾਂ ਵਿਚ ਕਿਸੇ ਪ੍ਰਕਾਰ ਦੀ ਜਥੇਬੰਦੀ ਨਾ ਹੋਵੇ ਤਦ ਉਹ ਕਿਕੁਰ ਕਾਮਯਾਬ ਰਹਿ ਸਕਦੇ ਹਨ ? ਜਦ ਉਨ੍ਹਾਂ ਦੇ ਕਾਯਮ ਰਹਿਣ ਦਾ ਹੀ ਸੰਸਾ ਪੈ ਜਾਵੇ, ਕਿਸ ਤਰ੍ਹਾਂ ਨਿਸਚਾ ਹੋ ਜਾਏ ਕਿ ਜੋ ਮਹਾਂ-ਪਵਿਤ੍ਰ ਕਾਰਜ ਗੁਰੂ ਜੀ ਨੇ ਕਰਨਾ ਸੀ ਅਰ ਜਿਸ ਨੂੰ ਸਦਾ ਲਈ ਜਾਰੀ ਛੱਡ ਜਾਣਾ ਸੀ, ਸਿਰੇ ਚੜ੍ਹੇਗਾ ? ਇਸ

Sri Satguru Jagjit Singh Ji eLibrary NamdhariElibrary@gmail.com

ਲਈ ਜਿਸ ਤਰ੍ਹਾਂ ਸਤਿਗੁਰਾਂ ਦਾ ਸੰਸਾਰ ਵਿਚ ਆਉਣਾ ਅਵੱਸ਼ ਲੋੜੀਂਦਾ ਸੀ, ਜਿਸ ਤਰ੍ਹਾਂ ਸਿੱਖ ਤਿਆਰ ਕਰਨੇ ਅਵੱਸ਼ ਲੋੜੀਂਦੇ ਸਨ, ਉਸੀ ਤਰ੍ਹਾਂ ਉਹਨਾਂ ਵਿਚ ਜਥੇਬੰਦੀ ਕਾਮਯਾਬ ਕਰਨੀ ਅਵੱਸ਼ ਲੋੜੀਂਦੀ ਸੀ। 'ਪ੍ਰੇਮ ਢੰਡੋਰਾ' ਸੰਸਾਰ ਵਿਚ ਨਹੀਂ ਫੈਲ ਸਕਦਾ ਜਦ ਤਕ ਕਿ ਇਕ ਜਥੇਬੰਦ ਕੌਮ ਕਾਮਯਾਬ ਨਾ ਹੋਵੇ, ਜਿਸ ਦਾ ਪ੍ਰਯੋਜਨ ਇਸ ਪਰਮ ਪਵਿਤ੍ਰ ਮਿਸ਼ਨ ਨੂੰ ਪੂਰਾ ਕਰਨਾ ਹੋਵੇ। ਜੈਸੇ ਕਿਸੇ ਪਰਉਪਕਾਰੀ ਸਰੀਰ ਦਾ ਉਪਕਾਰ ਦੀ ਖਾਤਰ ਆਪਣੀ ਦੇਹ ਨੂੰ ਕਾਇਮ ਰਖਣਾ ਜ਼ਰੂਰੀ ਹੈ, ਵੈਸੇ ਹੀ ਇਕ ਪਰਉਪਕਾਰੀ ਕੌਮ ਦਾ ਉਪਕਾਰ ਦੀ ਖਾਤਰ ਆਪਣੇ ਜੀਵਨ ਨੂੰ ਕਾਇਮ ਰਖਣਾ ਜ਼ਰੂਰੀ ਹੈ। ਉਸ ਜੀਵਨ ਲਈ ਜਥੇਬੰਦੀ ਹੀ ਰੂਹ ਹੈ। ਲੋਕੀਂ ਇਤਰਾਜ਼ ਕਰਦੇ ਹਨ ਕਿ ਸਿੱਖ ਇਕ Sect (ਮਤ ਪੱਖੀ ਲੋਕ) ਹਨ। ਪਰ ਅਸੀਂ ਕਹਿੰਦੇ ਹਾਂ ਕਿ ਅਸੀਂ ਕਦੀ ਐਸੇ ਨਹੀਂ ਹਾਂ। ਸਾਡੀ ਕੌਮ ਦਾ ਹੋਣਾ ਕੌਮ ਦਾ ਹੋਰਨਾਂ ਤੋਂ ਅੱਡ ਜਾਂ ਨਿਆਰੇ ਨਜ਼ਰ ਆਉਣਾ, ਅਰ ਸਾਡਾ ਇਸ ਨੂੰ ਐਸੇ ਕਾਯਮ ਰੱਖਣਾ Sectarien Vien ਮਤਪੱਖੀ ਮਨਮੱਤ ਦੇ ਕਾਰਣ ਨਹੀਂ ਹੈ, ਬਲਕਿ ਇਸ ਲਈ ਹੈ ਕਿ ਸਿੱਖ ਕੌਮ ਸੰਸਾਰ ਸੇਵਕ ਤੇ ਜਗਤ ਪਰੋਕਾਰੀ ਪ੍ਰੇਮ ਦਾ ਸੰਦੇਸ਼ਾ ਦੇਣ ਵਾਲੇ ਸੱਜਣਾਂ ਦਾ ਇਕੱਠ ਹੈ, ਇਨ੍ਹਾਂ ਦੇ ਇਕੱਠੇ ਰਹਿਣ ਲਈ ਜਥੇਬੰਦੀ ਦੀ ਲੋੜ ਹੈ, ਇਸ ਲਈ ਅਸੀਂ ਅੱਡ ਵੱਖਰੇ ਨਜ਼ਰ ਪੈਂਦੇ ਹਾਂ। ਤੁਅੱਸਬ ਯਾ ਈਰਖਾ ਕਰਕੇ ਅਸੀਂ ਇਕ Sect. ਯਾ ਫਿਰਕਾ ਨਹੀਂ ਹਾਂ। ਜਿਸ ਤਰ੍ਹਾਂ ਇਕ ਉਦਾਹਰਣ ਨੂੰ ਦੇਖੋ:- ਇਕ ਆਦਮੀ ਭੋਜਨ ਦੇ ਪਦਾਰਥ ਇਸ ਲਈ ਖਾਂਦਾ ਹੈ ਕਿ ਉਸ ਨੂੰ ਖਾਣ ਦਾ ਚਸਕਾ ਹੈ। ਦੂਜਾ ਇਸ ਲਈ ਖਾਂਦਾ ਹੈ ਕਿ ਉਸ ਨੇ ਦੁਸ਼ਮਣ ਨੂੰ ਮਾਰਨਾ ਹੈ, ਜਿਸ ਲਈ ਬਲ ਚਾਹੀਦਾ ਹੈ। ਤੀਜਾ ਇਸ ਲਈ ਖਾਂਦਾ ਹੈ ਕਿ ਵਿਹਾਰ ਕਾਰ ਕਿਰਤ ਨੌਕਰੀ ਕਰਕੇ ਪਦਾਰਥ ਇਕੱਠਾ ਕਰੇ, ਅਰ ਅਮੀਰ ਸਦਾਵੇ। ਚੌਥਾ ਇਸ ਲਈ ਖਾਂਦਾ ਹੈ ਕਿ ਨਿਰਬਾਹ ਤੁਰਦਾ ਜਾਏ। ਪੰਜਵਾਂ ਇਸ ਲਈ ਖਾਂਦਾ ਹੈ ਕਿ ਉਸ ਦਾ ਸਰੀਰ ਪਰਉਪਕਾਰ ਤੇ ਸੇਵਾ ਲਈ, ਭਲਾ ਕਰਨ ਤੇ ਪ੍ਰੇਮ ਸਿਖਾਉਣ ਲਈ ਤਕੜਾ ਰਹੇ, ਕਿਉਂਕਿ ਨਿਰਬਲ ਤੇ ਰੋਗੀ ਸਰੀਰ ਇਹ ਨੇਕ ਕੰਮ ਨਹੀਂ ਕਰ ਸਕਦਾ। ਭੁੱਖਾ ਆਪ ਭੋਜਨ ਨਹੀਂ ਕਰ ਸਕਦਾ, ਦੂਜੇ ਨੂੰ ਕਰਾ ਨਹੀਂ ਸਕਦਾ ਤਾਂ ਤੇ ਜਿਸ ਨੇ ਜਪਣਾ ਅਰ ਜਪਾਉਣਾ ਹੈ, ਉਹ ਜਪਾਉਣ ਦੀ ਖਾਤਰ, ਪਰ ਦਾ ਸੁਆਰਨ ਦੀ ਖਾਤਰ, ਆਪਣਾ ਹੋਰ ਸਭ ਕਿਛ ਬਿਗਾੜ ਕੇ ਵੀ ਬਿਗਾਨਾ ਸੁਆਰਨ ਦੀ ਖਾਤਰ ਭੋਜਨ ਖਾਂਦਾ ਹੈ। ਹੁਣ ਭੋਜਨ ਖਾਣਾ ਤਾਂ ਇਕੋ ਹੈ ਪਰ ਫਰਕ ਕਿੰਨਾਂ ਹੈ ? ਇਸੇ ਤਰ੍ਹਾਂ ਹੋਰਨਾਂ ਮਤਾਂ ਤੋਂ ਅੱਡ ਹੋਣਾ ਤਾਂ ਸਾਡਾ ਇਕ ਹੈ, ਪਰ ਸਿੱਖਾਂ ਦੇ ਅੱਡ ਨਜ਼ਰ ਪੈਣ ਵਿਚ ਭਾਰੀ ਫਰਕ ਹੈ। ਇਸ ਲਈ ਸਾਡੀ ਜਥੇਬੰਦੀ Section (ਮਤ ਦਵੈਖ ਦਾ ਕਾਰਨ) ਨਹੀਂ ਹੈ, ਪ੍ਰੇਮ ਸਿੱਖਿਆ ਦੇ ਸਿਖਯਤ ਸਿੱਖਾਂ ਦੇ ਸੰਸਾਰ ਨੂੰ ਪ੍ਰੇਮ ਸੰਥਯਾ ਸਿਖਾਉਣ ਲਈ ਕਾਯਮ ਰਹਿਣ ਲਈ

Sri Satguru Jagjit Singh Ji eLibrary NamdhariElibrary@gmail.com

ਲੋੜੀਂਦੀ ਹੈ । ਲੋੜੀਂਦੀ ਹੀ ਨਹੀਂ, ਇਹ ਐਸੀ ਹੀ ਜ਼ਰੂਰੀ ਹੈ ਜੈਸਾ ਕਿ ਸਿੱਖ ਦਾ ਹੋਣਾ ਜ਼ਰੂਰੀ ਹੈ । ਮਸ਼ੀਨ ਦੇ ਇਕ ਪੁਰਜ਼ੇ ਦੀ ਜਿੰਨੀ ਲੋੜ ਹੈ ਉੱਨੀ ਹੀ ਉਸ ਮਸ਼ੀਨ ਦੇ ਪ੍ਰਬੰਧ ਦੀ ਲੋੜ ਹੈ, ਜਿਸ ਵਿਚ ਕਿ ਉਸ ਪੁਰਜ਼ੇ ਨੇ ਕੰਮ ਕਰਨਾ ਹੈ :

ਖ਼ਾਲਸਾ ਜੀ ! ਆਪ ਇਸ ਤੋਂ ਸਮਝ ਲਵੋ ਕਿ ਸੰਸਾਰ ਵਿਚ ਉਹ ਉਤਮ ਗਿਆਨ, ਉਹ ਪ੍ਰੇਮ ਦਾ ਸੰਦੇਸ਼ਾ ਅਜੇ ਤਕ ਆਪ ਨੇ ਨਹੀਂ ਪਹੁੰਚਾਇਆ ਜਿਸ ਦਾ ਹੁਕਮ ਸਤਿਗੁਰੂ ਨੇ ਤੁਹਾਨੂੰ ਦਿਤਾ ਸੀ । ਤੁਸਾਂ ਅਜੇ ਆਪਣਾ ਫਰਜ਼ ਹਿੰਦੁਸਤਾਨ ਵਿਚ ਅਦਾ ਨਹੀਂ ਕੀਤਾ ਤਾਂ ਸੰਸਾਰ ਵਿਚ ਕਿੱਥੇ ? ਸੋਚੋ ਕਿਉਂ ਆਪ ਇਹ ਪਵਿਤ੍ਰ ਆਗਿਆ ਪੂਰਨ ਕਰਨੋਂ ਅਸਮਰਥ ਹੋ ਰਹੇ ਹੋ ? ਇਹੋ ਕਾਰਨ ਹੈ ਕਿ ਜਥੇਬੰਦੀ ਵਿਚ ਆਪ ਨਿੱਘਰ ਗਏ ਹੋ । ਗੁਰੂ ਸਾਹਿਬ ਤਾਂ ਆਪ ਨੂੰ ਚਾਰ ਕੂੰਟ ਵਿਚ ਪ੍ਰੇਮ ਸੰਦੇਸ਼ਾਂ ਪਹੁੰਚਾਉਣ ਦਾ ਹੁਕਮ ਦੇ ਗਏ ਹਨ, ਆਪ ਪੰਜਾਬ ਵਿਚ ਹੀ ਰੁਕੇ ਪਏ ਹੋ : ਰੁਕੇ ਪਏ ਕੀ ਆਪਣੀ ਜਿੰਦ ਦੇ ਹੀ ਲਾਲੇ ਪਾਈ ਬੈਠੇ ਹੋ । ਦਸੋ ਉਸ ਆਗਿਆ ਨੂੰ ਕੌਣ ਪੂਰਾ ਕਰੇਗਾ ? ਕਿਆ ਸਾਡੇ ਹਥ ਵਿਚ ਸੰਸਾਰ ਦੇ ਮਹਾਨ ਪਵਿਤ੍ਰ ਪ੍ਰੇਮ ਮੂਰਤ ਉਤਕ੍ਰਿਸ਼ਟ ਧਰਮ ਦੇ ਹੁੰਦਿਆਂ ਸਾਡਾ ਉਸ ਨੂੰ ਸੰਸਾਰ ਵਿਚ ਫੈਲਾਣੋਂ ਅਸਮਰਥ ਹੋਣਾ ਪ੍ਰਗਟ ਨਹੀਂ ਕਰਦਾ ਕਿ ਸਾਨੂੰ ਜਥੇਬੰਦੀ ਦੀ ਕਿੰਨੀ ਲੋੜ ਹੈ ? ਕੀ ਇਸ ਇਕ ਘਾਟੇ ਨੇ ਸਾਨੂੰ ਆਪਣਾ ਉਦੇਸ਼ ਪੂਰਾ ਕਰਨੋਂ ਰੋਕ ਨਹੀਂ ਰੱਖਿਆ ਹੋਇਆ ? ਕਿਆ ਇਸੇ ਘਾਟੇ ਨੇ ਸਿੱਖ ਦੇ ਉਸ ਧਰਮ ਤੋਂ ਜੋ ਗੁਰੂ ਆਗਿਆ ਪਾਲਣ ਵਿਚ ਹੁੰਦਾ ਹੈ, ਬੇਮੁਖ ਨਹੀਂ ਕਰ ਦਿਤਾ ਕਿ ਚਾਰੇ ਕੂੰਟਾਂ ਉਸ ਪਵਿਤ੍ਰ ਗਿਆਨ ਅਰ ਪ੍ਰੇਮ ਸੁਨੇਹੜੇ ਤੋਂ ਖਾਲੀ ਪਈਆਂ ਹਨ ?

ਪਰ ਹੁਣ ਵਿਚਾਰ ਇਹ ਪੈਦਾ ਹੁੰਦੀ ਹੈ ਕਿ ਅਸੀਂ ਕਿਉਂ ਜਥੇਬੰਦੀ ਵਿਚ ਗਿਰ ਗਏ ਹਾਂ । ਸਾਡੇ ਵਿਚ ਨਾ ਤਾਂ ਉਹ ਵਿੱਦਿਆ ਰਹੀ ਹੈ ਜੋ ਸਾਡੇ ਵੱਡਿਆਂ ਵਿਚ ਆਹਲਾ ਦਰਜੇ ਦੇ ਧਰਮ ਪੁਰ ਤੁਰਨ ਅਤੇ ਪਰਸਪਰ ਸਤਿਸੰਗ ਤੋਂ ਪੈਦਾ ਹੋਈ ਸੀ । ਨਾ ਅਸਾਂ ਨਵੀਨ ਵਿੱਦਿਆ ਦੀ ਰਮਜ਼ ਨੂੰ ਪਛਾਣਿਆ ਹੈ । ਦੁਵੱਲੀ ਹੱਡੀਆਂ ਨੂੰ ਹੱਥ ਪਾਈ ਬੈਠੇ ਹਾਂ । ਇਸ ਵੇਲੇ ਜੇ ਅਸੀਂ ਨਜ਼ਰ ਕਰਕੇ ਦੇਖੀਏ ਕਿ ਸਾਡੀ ਜਥੇਬੰਦੀ ਦੀ ਤਾਰ ਨੂੰ ਵਿੱਦਿਆ ਦੇ ਲੋਹੇ ਨੇ ਕਿੱਥੇ ਕਿੱਥੇ ਟੱਕ ਲਾਏ ਹਨ ਤਾਂ ਹਰ ਪਾਸਾ ਡੰਗਿਆ ਦੀਂਹਦਾ ਹੈ । ਉਸ ਦੀ ਮੁਰੰਮਤ ਲਈ ਹਰ ਪਾਸੇ ਦੀ ਪੜਤਾਲ ਕਰਨੀ ਯੋਗ ਹੋਊ । ਇਸ ਪੜਤਾਲ ਦੇ ਬਾਅਦ ਹਰੇਕ ਸਿੱਖ ਦੇ ਪ੍ਰਯਤਨ ਨਾਲ ਅਸੀਂ ਫੇਰ 'ਸਿੱਖੀ ਸਿੱਖਿਆ ਗੁਰ ਵੀਚਾਰ' ਅਨੁਸਾਰ ਸਿੱਖ ਹੋ ਕੇ ਜਥੇਬੰਦ ਸਿੱਖ ਕੌਮ, ਸਿੱਖ ਧਰਮ ਨੂੰ ਸੰਸਾਰ ਵਿਚ ਫੈਲਾਉਣ ਵਾਲੇ ਹੋ ਸਕਦੇ ਹਾਂ ।

Sri Satguru Jagjit Singh Ji eLibrary NamdhariElibrary@gmail.com

(1) ਪਹਿਲੀ ਲੋੜ ਜਥੇਬੰਦੀ ਲਈ ਕੁਰਬਾਨੀ ਦੀ ਹੁੰਦੀ ਹੈ । ਅਰਥਾਤ ਹਰੇਕ ਆਦਮੀ ਕੌਮ ਲਈ ਆਪਨਾ ਤੇ ਆਪਾ ਦੋਵੇਂ ਅਰਪਣ ਕਰਨ ਲਈ ਤਿਆਰ ਹੋਵੇ । 'ਕੌਮ ਲਈ' ਅਸਾਂ ਕਿਹਾ ਹੈ । ਪਰ ਸਾਡੇ ਸਤਿਗੁਰੂ ਜਦ ਆਦਮੀ ਨੂੰ ਸਿੱਖ ਕੀਤਾ ਤਦ ਉਸਨੇ ਇਸ ਤੋਂ ਵੀ ਮਹਾਂ 'ਬਲੀ' ਦਾ ਸਬਕ ਦਿੱਤਾ ਸੀ, ਅਰਥਾਤ ਸਿੱਖ ਤੋਂ ਉਸ ਦੀ 'ਮੈਂ' 'ਮੇਰੀ' ਵਾਹਿਗੁਰੂ ਦੇ ਪ੍ਰੇਮ ਦੇ ਹਵਨਕੁੰਡ ਵਿਚ ਹਵਨ ਕਰਵਾ ਦਿੱਤੀ ਸੀ । ਨਾਮ ਦੀਆਂ ਅਹੂਤੀਆਂ ਨਾਲ ਇਹ ਹਉਮੈ ਸਭ ਜਲ ਗਈ ਸੀ । ਜਦ ਐਸੇ ਸਿੱਖਾਂ ਦੇ ਕੱਠ ਵਿਚ ਸਤਿਗੁਰਾਂ ਨੇ ਜਥੇਬੰਦੀ ਪਾਈ ਤਦ ਪਹਿਲੀ ਔਕੜ ਨਾ ਪਈ, ਕਿਉਂਕਿ ਉਹ ਤਾਂ ਮਹਾਂਬਲੀ (ਕੁਰਬਾਨੀ) ਦਾ ਵਲ ਸਿੱਖ ਚੁਕੇ ਸੀ, ਕੌਮ ਲਈ ਕੁਰਬਾਨੀ ਕਰਨੀ ਤਾਂ ਉਨ੍ਹਾਂ ਲਈ ਨਿੱਕੀ ਜਿਹੀ ਗੱਲ ਸੀ । ਹੁਣ ਅਸੀਂ ਸੋਚੀਏ ਕਿ ਅਸੀਂ ਕਿੱਥੇ ਹਾਂ ? ਕੁਰਬਾਨੀ ਦੇ ਮਾਦੇ ਦਾ ਪਾਰਾ ਕਿੰਨੇ ਦਰਜੇ ਨੀਵਾਂ ਹੋ ਗਿਆ ਹੈ ? ਕਿੰਨੇ ਫੀ ਸਦੀ ਸਿੱਖ ਨਿਕਲਣਗੇ ਜੋ ਕੌਮ ਦੇ ਲਾਭ ਲਈ ਕੁਝ ਕੁਰਬਾਨ ਕਰਨ ਨੂੰ ਤਿਆਰ ਹੋਣ ? ਅਸੀਂ ਨਹੀਂ ਕਹਿੰਦੇ ਕਿ ਨਾਫਤ (ਬੀਜ ਨਾਸ) ਹੈ , ਪਰ ਕਿੰਨੇ ਕੁ ਹਨ ? ਸ਼ਾਇਦ ਆਪ ਉਗਲਾਂ ਤੇ ਗਿਣ ਸਕੋ । ਵਧੀਕ ਵੀ ਹਨ ਪਰ ਕਿਆ ਉਹ ਕੁਰਬਾਨੀ ਵਾਲੇ ਹਨ ? ਜਦ ਪੜਤਾਲ ਕਰੋ ਤਦ ਬਹੁਤ ਕਰਕੇ ਕੁਰਬਾਨੀ ਦਾ ਪੋਚਾ ਨਿਕਲਦਾ ਹੈ । ਇਹ ਇਕ ਉਮੀਦ ਵਾਲੀ ਬਾਤ ਹੈ ਕਿ ਇਹ ਮਾਦਾ ਹੁਣ ਕੁਝ ਉੱਨਤੀ ਵੱਲ ਦਿੱਸਦਾ ਹੈ ਪਰ ਆਮ ਤੌਰ ਤੇ ਕੌਮੀ ਕੰਮ ਦਾ ਕਰਨਾ ਯਾ ਪਦਾਰਥ ਯਾ ਪਤ ਦੀ ਖਾਤਰ ਹੀ ਨਿਕਲਦਾ ਹੈ । ਇਸ ਦਾ ਦਾਰੂ ਇਹ ਹੈ ਕਿ ਹਰ ਕੰਮ ਕਰਨ ਵਾਲਾ ਆਪਾ ਚੀਨਣ ਦੀ ਵਾਦੀ ਪਾਵੇ, ਅਰਥਾਤ ਆਪਣੇ ਆਪ ਨੂੰ ਦੇਖੇ, ਆਪਣੇ ਔਗੁਣਾਂ ਨੂੰ ਆਪ ਸਮਝਣੋਂ ਸ਼ਰਮ ਨਾ ਕਰੇ, ਜਦ ਸਮਝੇ ਤਦ ਕੱਢ ਸੁੱਟੇ । ਇਸ ਤਰ੍ਹਾਂ ਇਹ ਔਗੁਣ ਵੀ ਦਿੱਸ ਪਊ ਕਿ ਕੌਮੀ ਸੇਵਾ ਕਿਸ ਦੇ ਆਸਰੇ ਕਰ ਰਿਹਾ ਹਾਂ, ਕਿਆ ਪੰਥ ਦੀ ਸੇਵਾ ਖਾਤਰ ਯਾ ਕਿਸੇ ਨਿਜ ਦੇ ਭਾਵ ਹੇਠ ਨਿਜ ਦੀ ਖਾਤਰ ? ਇਹ ਵਿਚਾਰ ਕੰਮ ਕਰਨ ਵਾਲਿਆਂ ਵਾਸਤੇ ਹੈ । ਕੁਝ ਨਾ ਕਰਕੇ ਨਿੰਦਾ ਕਰਨ ਵਾਲਿਆਂ ਨੂੰ ਇਹ ਬਾਤ ਸਿੱਖ ਕੇ ਨਿੰਦਕ ਬਣ ਜਾਣਾ ਬਹੁਤ ਮਾੜਾ ਹੈ । ਉਨ੍ਹਾਂ ਨੂੰ ਵੀ ਆਪਾ ਚੀਨਣਾ ਚਾਹੀਦਾ ਹੈ । ਜਦ ਕੌਮ ਦੇ ਕੰਮ ਕਰਨ ਵਾਲੇ ਕੌਮ ਦੀ ਖਾਤਰ ਕੰਮ ਕਰਦੇ ਹੋਏ ਕੱਠੇ ਹੋਣਗੇ, ਤਦ ਜਥੇਬੰਦੀ ਨੂੰ ਭਾਰਾ ਸਹਾਰਾ ਮਿਲੇਗਾ ।

(2) ਜੋ ਲੋਕ ਸੇਵਾ ਲਈ ਨਿਤਰਨ ਉਨ੍ਹਾਂ ਦੇ ਨਾਲ ਸਹਾਇਕ ਸੇਵਕਾਂ ਦਾ ਕੀ ਸਲੂਕ ਹੋਣਾ ਚਾਹੀਦਾ ਹੈ ? ਮਿਥ ਲਉ ਕਿ ਵਿਧਵਾ ਇਸਤ੍ਰੀਆਂ ਦੇ ਦੁਖ ਹਰਨ ਲਈ ਇਕ ਸਭਾ ਬਣੀ । ਵਧੀਕ ਕੁਰਬਾਨੀਆਂ ਕਰਨ ਵਾਲੇ ਤੇ ਵਧੀਕ ਸੇਵਾ ਵਿਚ ਲਗਣ ਵਾਲੇ ਤਾਂ ਕਾਰਜ ਕਰਨਗੇ ਤੇ ਜੋ ਨਾਲ ਸਭਾ ਸਦ ਬਣਕੇ ਰਲੇ ਸੇ, ਉਹ ਸਹਜੇ ਸਹਜੇ ਘੱਟ ਰਸ ਲੈਣ ਲਗ ਜਾਣਗੇ, ਫੇਰ ਉਪ੍ਰਾਮ ਹੋ ਜਾਣਗੇ ਤੇ ਫੇਰ ਕੰਮ ਨੂੰ ਔਖਾ

Sri Satguru Jagjit Singh Ji eLibrary NamdhariElibrary@gmail.com

ਜਾਨਣ ਲਗ ਜਾਣਗੇ, ਮਾਨੋ ਇਹ ਸਮਝਣ ਲਗ ਪੈਣਗੇ ਕਿ ਵਧੀਕ ਕੰਮ ਕਰਨ ਵਾਲੇ ਦਾ ਮਾਨੋ ਘਰ ਦਾ ਕੰਮ ਹੈ, ਅਰ ਉਹ ਜੇ ਕਮੇਟੀ ਲਈ ਵੀ ਸਦੇ ਤਾਂ ਇਹੋ ਸਮਝਣਾ ਕਿ ਜਾਣੋ ਉਸਦੇ ਪੁੱਤ ਦੀ ਕੁੜਮਾਈ ਤੇ ਜਾਣਾ ਹੈ, ਉਸ ਦੇ ਸਿਰ ਤੇ ਖਾਸ ਅਹਿਸਾਨ ਕਰਦਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਵਧੀਕ ਕੰਮ ਕਰਨ ਵਾਲੇ ਦੀ ਇਜ਼ਤ ਉਨ੍ਹਾਂ ਦੇ ਦਿਲਾਂ ਵਿਚ ਵਧਦੀ ਅਰ ਉਸਦੀ ਮਦਦ ਤੇ ਸੇਵਾ ਲਈ ਅਰ ਭੁੱਲਾਂ ਬਚਾਉਣ ਖਾਤਰ ਆਪਣੇ ਬਲ ਬੁਧ ਨਾਲ ਹੋਰ ਉਸਦੀ ਸਹਾਇਤਾ ਕਰਦੇ, ਪਰ ਕਰਦੇ ਇਹ ਹਨ ਕਿ ਆਪਣੀ ਉਪ੍ਰਾਮਤਾ ਅਰ ਬੇਪਰਵਾਹੀ ਨਾਲ ਬੱਧਾ ਹੋਇਆ ਸਮਝਣ ਲਗ ਜਾਂਦਾ ਹੈ, ਅਰ ਉਦਾਸੀਨ ਬ੍ਰਿਤੀ ਰਹਿਣ ਦੇ ਕਾਰਨ ਕੰਮ ਵਿਚ ਕਸਰ ਪੈਣ ਲਗ ਜਾਂਦੀ ਹੈ। ਜਦ ਤਕ ਸਿੱਖਾਂ ਦੀਆ ਸਭਾਂ ਤੇ ਕਮੇਟੀਆਂ ਵਿਚ ਮੈਂਬਰ ਲੋਕ ਆਪਣਾ ਇਹ ਵਤੀਰਾ ਰੱਖਣਗੇ ਤਦ ਤਕ ਕਦੇ ਵੀ ਜਥੇਬੰਦੀ ਨਹੀਂ ਹੋ ਸਕੇਗੀ।

(3) ਤੀਸਰੇ ਉਹ ਲੋਕ ਹੁੰਦੇ ਹਨ ਜੋ ਕਿਸੇ ਸਭਾ ਯਾ ਕਮੇਟੀ ਦੇ ਮੈਂਬਰ ਤਾਂ ਨਹੀਂ ਹੁੰਦੇ ਪਰ ਹਮਦਰਦ ਹੁੰਦੇ ਹਨ! ਉਹ ਦੂਰ ਜਾਂ ਨੇੜੇ ਬੈਠੇ ਕੰਮ ਨਾਲ ਅਰ ਕੰਮ ਦੀ ਖਾਤਰ ਕੰਮ ਕਰਨ ਵਾਲਿਆਂ ਨਾਲ ਹਮਦਰਦੀ ਰੱਖਦੇ ਹਨ, ਅਰ ਯਥਾ ਸ਼ਕਤ ਤਨ ਮਨ ਤੇ ਧਨ ਨਾਲ ਸਹਾਇਤਾ ਵੀ ਕਰਦੇ ਹਨ। ਸਿੱਖਾਂ ਵਿਚ ਐਸੇ ਹਮਦਰਦਾਂ ਦੀ ਗਿਣਤੀ ਬਹੁਤ ਘੱਟ ਹੈ। ਜੇ ਹੈ ਤਾਂ ਉਹ ਆਪਣੇ ਖਿਆਲ ਨੂੰ ਪੰਥ ਦੇ ਮਾਪਣ ਵਾਲਾ ਸੰਦ ਸਮਝਦੇ ਹਨ। ਮਤਲਬ ਕੀ ਕਿ ਜਿਥੇ ਤਕ ਉਨ੍ਹਾਂ ਦਾ ਮਨ ਕੰਮ ਕਰਦਾ ਹੈ ਜਾਂ ਜਿਥੋਂ ਤਕ ਉਹ ਚਾਹੁੰਦੇ ਹਨ, ਉਥੋਂ ਤਕ ਅਰ ਉਨ੍ਹਾਂ ਦੇ ਅਨੁਕੂਲ ਜੋ ਤਾਂ ਕਾਰਜ ਹੁੰਦਾ ਰਹੇ ਤਾਂ ਹਮਦਰਦ ਨਹੀਂ ਤਾਂ ਬੇਦਰਦ। ਉਨ੍ਹਾਂ ਦੀ ਹਮਦਰਦੀ ਬਨੇਰੇ ਦਾ ਕਾਂ ਹੈ, ਜੋ ਵਿਹੜੇ ਵਿਚ ਸਿਰ ਭੁਆ ਭੁਆ ਕੇ ਦੇਖਦਾ ਰਹਿੰਦਾ ਹੈ, ਜਦ ਤਕ ਆਪਣੇ ਅਨੁਕੂਲ ਖੁਸ਼ਬੂ ਆਈ ਤਾਂ ਤਾਂਘਦੇ ਰਹੇ, ਜਦ ਨਾ ਆਈ ਉਡੰਤ। ਅਜੇਹੇ ਹਮਦਰਦ ਜਦੋਂ ਸਹਾਇਤਾ ਕਰਦੇ ਰਹਿੰਦੇ ਹਨ, ਤਦ ਜਾਤੀ ਅਹਿਸਾਨ ਕਰਦੇ ਹਨ, ਕੌਮੀ ਸੇਵਾ ਦਾ ਉੱਚ ਭਾਵ ਦਿਲ ਵਿਚ ਨਹੀਂ ਰਖਦੇ, ਨਾਲ ਇਹ ਸਮਝਦੇ ਹਨ ਕਿ ਜਿਨ੍ਹਾਂ ਕੰਮ ਕਰਨ ਵਾਲਿਆਂ ਨਾਲ ਅਸੀਂ ਹਮਦਰਦੀ ਪ੍ਰਗਟ ਕੀਤੀ ਹੈ, ਇਹ ਮਾਨੋ ਸਾਡੇ ਲਿਹਾਜ਼ੀ ਹਨ, ਇਨ੍ਹਾਂ ਨੂੰ ਚਾਹੀਏ ਕਿ ਏਹ ਹਰ ਵਕਤ ਸਾਡੀ ਖੁਸ਼ਾਮਦ ਕਰਨ ਅਰ ਸਾਨੂੰ ਖੁਸ਼ ਕਰਨ ਦਾ ਫਿਕਰ ਰੱਖਣ। ਹੁਣ ਕੰਮ ਕਰਨ ਵਾਲੇ ਜਾਂ ਕੰਮ ਕਰਨ, ਤੇ ਜਾਂ ਹਮਦਰਦਾਂ ਦੇ ਖੁਸ਼ ਰੱਖਣ ਦੇ ਉਪਰਾਲੇ ਕਰਨ। ਹਮਦਰਦਾਂ ਦਾ ਫਰਜ਼ ਤਾਂ ਇਹ ਸੀ ਕਿ ਉਹ ਕਿਸੇ ਕਾਰਨ ਆਪ ਸੇਵਾ ਨਹੀਂ ਕਰ ਸਕੇ, ਇਸ ਲਈ ਉਸ ਆਪਣੀ ਕਮੀ ਨੂੰ ਸੇਵਕਾਂ ਦੀ ਹਰ ਤਰ੍ਹਾਂ (ਪੰਥਕ ਕੰਮਾਂ ਵਿਚ, ਜਾਤੀ ਲੋੜਾਂ ਲਈ ਨਹੀਂ) ਸਹਾਇਤਾ ਕਰਕੇ ਕੌਮੀ ਕਾਰਜ ਨੂੰ ਪ੍ਰਫੁਲਤ ਕਰਨ ਵਿਚ ਹਿੱਸਾ ਲੈਣ। ਉਲਟਾ ਸਗੋਂ ਉਹ ਸੇਵਕਾਂ ਪਰ ਭਾਰੂ ਆ ਪੈਂਦੇ ਹਨ, ਅਰ ਉਨ੍ਹਾਂ ਦੇ ਕੌਮੀ ਸੇਵਾ ਦੇ

Sri Satguru Jagjit Singh Ji eLibrary NamdhariElibrary@gmail.com

ਕੰਮਾਂ ਵਿਚ ਹਰਜ ਕਰਦੇ ਹਨ ਤੇ ਕੌਮੀ ਸੇਵਕ ਅੱਕ ਕੇ ਉਨ੍ਹਾਂ ਦੀ ਪਰਵਾਹ ਛੱਡ ਦੇਣ, ਤਦ ਕਈ ਲੋਕ ਏਥੋਂ ਤਕ ਹੋਛੇ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਫਿਕਰ ਕਰਦੇ ਹਨ ਅਰ ਕਈ ਤਾਂ ਕੰਮਾਂ ਦੇ ਹੀ ਵੈਰੀ ਹੋ ਢੁੱਕਦੇ ਹਨ। ਹਾਂ, ਇਸ ਵਿਚ ਸ਼ੱਕ ਨਹੀਂ ਕਿ ਹਮਦਰਦ ਲੋਕ ਜਦ ਸੇਵਕਾਂ ਵਿਚ ਭੁੱਲ ਦੇਖਣ ਤਦ ਪਿਆਰ ਦੱਸ ਕੇ ਸਹਾਇਤਾ ਕਰਨ, ਪਰ ਇਹ ਕਿਵੇਂ ਵੀ ਯੋਗ ਨਹੀਂ ਕਿ ਹਮਦਰਦੀ ਨੂੰ ਅਹਿਸਾਨ 'ਸਹਾਇਤਾ ਨੂੰ ਖਾਸ ਠੁਣਾ' ਅਰ ਮਦਦ ਨੂੰ ਲਿਹਾਜ਼ ਦਾ ਦਾਨ ਸਮਝ ਲੈਣ।

(4) ਪੰਥ ਸੇਵਕ ਨੂੰ ਪੰਥ ਲਈ ਤਨਖਾਹਦਾਰ ਸਹਾਇਕਾਂ ਦੀ ਵੀ ਲੋੜ ਹੁੰਦੀ ਹੈ ਜੋ ਆਪਣੀ ਉਪਜੀਵਕਾ ਲੈ ਕੇ ਆਪਣੀ ਦਿਲੀ ਪ੍ਰੀਤ ਨਾਲ ਸਾਰੀ ਮਿਹਨਤ ਪੰਥ ਅਰਪਣ ਕਰ ਦੇਂਦੇ ਹਨ। ਐਸੇ ਸੱਜਣਾਂ ਬਿਨਾਂ ਜਥੇਬੰਦੀ ਪੂਰੀ ਨਹੀਂ ਹੁੰਦੀ। ਸਾਡੇ ਵਿਚ ਹੁਣ ਸ਼ੁਕਰ ਹੈ ਕਿ ਐਸੇ ਐਸੇ ਸੱਜਣ ਦ੍ਰਿਸ਼ਟੀ ਪੈਣ ਲਗ ਪਏ ਹਨ। ਪਰ ਅਕਸਰ ਐਸੇ ਦੇਖੇ ਹਨ ਜੋ ਇਹ ਕਹਿੰਦੇ ਹਨ ਕਿ ਲਓ ਜੀ ਅਸੀ ਪੰਜਾਹ ਛੱਡ ਕੇ ਪੰਥ ਲਈ ਸੌ ਪਰ ਆਉਂਦੇ ਹਾਂ। ਕੰਮ ਮਨ ਮੰਨਿਆਂ ਮਰਾਂਗੇ, ਜੋ ਕਰਾਂਗੇ ਸੋ ਅਹਿਸਾਨ ਤੇ ਕੁਰਬਾਨੀ ਗਿਣਿਆ ਜਾਵੇਗਾ। ਜੋ ਸਾਡੇ ਪਰ ਅਫਸਰ ਹੋਵੇਗਾ ਉਸਦੀ ਤਾਬੇਦਾਰੀ ਨਹੀਂ ਕਰਾਂਗੇ, ਕਿਉਂਕਿ ਪੰਥਕ ਸੇਵਾ ਹੈ। ਜੋ ਗੁੱਸੇ ਹੋਵੇਗਾ ਬਦਨਾਮ ਕਰਾਂਗੇ। ਕੰਮ ਕਰਾਂਗੇ ਖੁਸ਼ੀ ਨਾਲ। ਸਾਤੋਂ ਡਰਦੇ ਰਹਿਣਾ, ਕਿਉਂਕਿ ਜਦ ਅਸੀਂ ਛੱਡ ਗਏ ਲੋਕ ਕੁਦਰਤਨ ਸਾਡੇ ਤੇ ਇਤਬਾਰ ਕਰਨਗੇ, ਕਿ ਇਕ ਭੇਤੀ ਹੈ; ਜੋ ਅਸੀਂ ਕਹਾਂਗੇ ਸੋ ਮੰਨਿਆਂ ਜਾਏਗਾ। ਐਸੇ ਨੌਕਰਾਂ ਨੂੰ ਰਖ ਕੇ ਸੇਵਕ ਬੜੇ ਦੁਖੀ ਹੋ ਜਾਂਦੇ ਹਨ।

ਜਪਾਨ ਵਿਚ ਜਥੇਬੰਦੀ ਪੂਰਨ ਹੈ। ਸਭ ਲੋਕ ਦੇਸ਼ ਦੇ ਪਿਆਰ ਨਾਲ ਭਰੇ ਪਏ ਹਨ ਅਰ ਦੇਸ਼ ਦੇ ਪਿਆਰ ਲਈ ਮਰਦੇ ਹਨ, ਪਰ ਨੌਕਰੀ ਕਰਕੇ ਆਪਣੇ ਅਫਸਰਾਂ ਦੀ ਐਸੀ ਤਾਬੇਦਾਰੀ ਕਰਦੇ ਹਨ, ਐਸੇ ਹੁਕਮ ਵਿਚ ਤੁਰਦੇ ਹਨ ਕਿ ਹੋਰ ਦੇਸ਼ਾਂ ਵਿਚ ਨਹੀਂ ਮਿਲਣਗੇ। ਅਫਸਰ ਦੇ ਗੁੱਸੇ ਤੋਂ ਸੰਗ ਨਹੀਂ ਹੁੰਦੇ, ਨੌਕਰੀ ਨੂੰ ਅਹਿਸਾਨ ਨਹੀਂ ਸਮਝਦੇ ਹਰ ਹੁਕਮ ਦੇ ਕਾਇਦੇ ਪੁਰ ਤੁਰਦੇ ਹਨ। ਪਰ ਫੇਰ ਕੌਮੀ ਖਿਆਲ ਨਾਲ ਭਰੇ ਪਏ ਹਨ। ਇਥੇ ਕੌਮੀ ਕੰਮ ਵੇਲੇ ਮੰਨੋ ਪੈਂਦੀ ਹੈ। ਦੂਜੇ ਦੀ ਨੌਕਰੀ ਵੇਲੇ ਸੂਤ, ਪੰਥ ਦੀ ਨੌਕਰੀ ਵੇਲੇ ਵਿੰਗੇ, ਚਾਹੁੰਦੇ ਹਨ ਕਿ ਸਾਡੇ ਵੱਡੇ ਸਾਡੀਆਂ ਮਿੰਨਤਾਂ ਕਰਨ। ਇਸ ਵਿਚ ਸ਼ੱਕ ਨਹੀਂ ਕਿ ਪੰਥ ਸੇਵਕਾਂ ਨੂੰ ਉਹਨਾਂ ਨਾਲ ਪਿਆਰ ਚਾਹੀਦਾ ਹੈ; ਪਰ ਇਹ ਪਿਆਰ ਤਾਂ ਸੇਵਾ ਤੋਂ ਉਤਪੰਨ ਹੋਣਾ ਹੈ। ਕਦ ਸੇਵਾ ਹੋਊ ਆਪੇ ਪਤ ਤੇ ਪਿਆਰ ਪੈਦਾ ਕਰ ਸਕਦੇ ਹਨ ? ਸੇਵਾ ਲੈਣ ਵਾਲਿਆਂ ਨੂੰ ਪਿਆਰ ਤੇ ਕਿਰਪਾ ਕਰਨ ਵਾਲਿਆਂ ਨੂੰ ਤਾਬੇਦਾਰੀ ਦੀ ਕੁਰਬਾਨੀ ਦੀ ਲੋੜ ਹੈ। ਕੌਮ ਵਿਚ ਕੰਮ ਪ੍ਰਧਾਨ ਹੁੰਦਾ ਹੈ। ਕੰਮ ਵਿਚ ਲਿਹਾਜ਼ ਤੇ ਰਿਆਇਤ ਕੰਮ ਨੂੰ ਚੌੜ ਕਰਦੀ ਹੈ। ਜੇ

Sri Satguru Jagjit Singh Ji eLibrary NamdhariElibrary@gmail.com

ਕਦੇ ਸਭੇ ਸੱਚੇ ਕੌਮੀ ਪਿਆਰ ਨਾਲ ਭਰੇ ਪਏ ਹੋਣ ਤਦ ਐਸੇ ਰੋਗ ਪੈਦਾ ਹੀ ਨਹੀਂ ਹੁੰਦੇ। ਗੱਲ ਕੀ ਪੰਥ ਨੌਕਰੀ ਵੈਸੀ ਹੀ ਕਾਇਦਿਆਂ ਵਿਚ ਪੱਕੀ ਹੋਣੀ ਚਾਹੀਦੀ ਹੈ, ਜੈਸੀ ਕਿ ਹੋਰ ਬਲਕਿ ਵਧ ਕੇ, ਕਿਉਂਕਿ ਪਿਆਰ ਦੀ ਸੇਵਾ ਕੰਮ ਬਹੁਤ ਕਰਦੀ ਹੈ। ਇਸ ਕਰਕੇ ਪੰਥਕ ਸੇਵਕਾਂ ਦੇ ਐਸੇ ਸਹਾਇਕਾਂ ਤੇ ਐਸੇ ਸਹਾਇਕਾਂ ਦੀ ਸੇਵਾ ਵੀ ਡਸਿਪਲਿਨ ਪ੍ਰਬੰਧ ਦੇ ਕਾਇਦਿਆਂ ਦੇ ਅਨੁਕੂਲ ਹੀ ਯੋਗ ਹੈ। ਉਹ ਆਪਾ ਚੀਨਣ ਅਰ ਮੁੱਖ ਪ੍ਰਯੋਜਨ ਪੰਥ ਸੇਵਾ ਰੱਖਣ ਤੇ ਮੈਂ ਮੇਰੀ ਦੀ ਮਾਰ ਤੋਂ ਪਰੇਡੇ ਰਹਿਣ।

(5) ਆਮ ਕਰਕੇ ਪੰਥ ਦੇ ਅਜਿਹੇ ਸੱਜਣ ਹਨ ਜੋ ਖਾਸ ਤਰ੍ਹਾਂ ਨਾਲ ਕੰਮਾਂ ਵਿਚ ਰਸ ਨਾ ਰਖਦੇ ਹੋਣ ਪਰ ਪੰਥ ਉੱਨਤੀ ਵੇਖਣੀ ਚਾਹੁੰਦੇ ਹੋਣ। ਇਹ ਉਹ ਲੋਕ ਹਨ ਜੋ ਹਮਦਰਦੀ ਦੇ ਪਹਿਲੇ ਡੰਡੇ ਪੁਰ ਹੁੰਦੇ ਹਨ, ਅਰਥਾਤ ਸਿੱਖ ਹੋਣ ਕਰਕੇ ਸਿੱਖੀ ਦੇ ਵਾਧੇ ਦੇ ਕੰਮ ਉਨ੍ਹਾਂ ਨੂੰ ਚੰਗੇ ਲਗਦੇ ਹਨ। ਉਹ ਆਪ ਨਹੀਂ ਕਰਦੇ, ਸਹਾਇਤਾ ਨਹੀਂ ਦੇਂਦੇ, ਹਮਦਰਦੀ ਤੋਂ ਵੀ ਜ਼ਰਾ ਵਿੱਥ ਤੇ ਰਹਿੰਦੇ ਹਨ, ਪਰ ਇਕ ਮਤ ਹੋਣ ਕਰਕੇ ਵਾਧਾ ਵੇਖ ਕੇ ਪ੍ਰਸੰਨ ਹੁੰਦੇ ਹਨ। ਸਾਡੀ ਕੌਮ ਵਿਚ ਜੋ ਇਸ ਦਰਜੇ ਤੇ ਲੋਕ ਹਨ ਉਹ ਹੋਰਨਾਂ ਕੌਮਾਂ ਨਾਲੋਂ ਜ਼ਰਾ ਵੱਖਰੇ ਹਨ। ਬਹੁਤ ਸਾਰਾ ਹਿੱਸਾ ਤਾਂ ਅੰਜਾਣ ਹੈ, ਇਨ੍ਹਾਂ ਨੂੰ ਖ਼ਬਰ ਹੀ ਨਹੀਂ, ਉਨ੍ਹਾਂ ਨੂੰ ਕੀ ਕਹੋ। ਅਰ ਇਨ੍ਹਾਂ ਅੰਜਾਣਾਂ ਨੂੰ ਆਪਣੇ ਧਰਮ ਤੇ ਤਿਆਰ ਪਰ ਤਿਆਰ ਕਰਨੇ ਲਈ ਹੀ ਤਾਂ ਸਾਰੇ ਉਦਮ ਹਨ ਕਿ ਇਹ ਜਾਨਣ ਅਰ ਸੰਸਾਰ ਲਈ ਨਿਤਰਨ। ਜੋ ਲੋਕ ਜਾਣਦੇ ਹਨ ਉਨ੍ਹਾਂ ਵਿਚੋਂ ਬਾਹਲੇ ਉਪ੍ਰਾਮ ਹਨ, ਬਾਹਲੇ ਜ਼ਾਤੀ ਗਰਜ਼ਾਂ ਦੇ ਅਗੇ ਉੱਨਤੀ ਨੂੰ ਆਉਂਦਾ ਦੇਖ ਕੇ ਘਰ ਦੇ ਦੋਖੀ ਬਣ ਜਾਂਦੇ ਹਨ। ਬਹੁਤੇ ਬੇਪਰਵਾਹ ਰਹਿੰਦੇ ਹਨ ਜਾਣਦੇ ਹਨ, ਪਰ ਬੇ-ਗ਼ਮ ਰਹਿਕੇ ਕਹਿੰਦੇ ਹਨ: ਸਾਨੂੰ ਕੀ ਹੈ ? ਇਨ੍ਹਾਂ ਨੂੰ ਇਹ ਚੋਭ ਨਹੀਂ ਹੁੰਦੀ ਕਿ 'ਸਾਡਾ ਕੰਮ ਤੇ ਸਾਨੂੰ ਕੀਹ'? ਬਹੁਤੇ ਐਸੇ ਹਨ ਜੋ ਇਹ ਲੋਚਦੇ ਹਨ ਕਿ ਕੋਈ ਸਾਨੂੰ ਪਰੇਰੇ, ਕੋਈ ਖੁਸ਼ਾਮਦ ਕਰੇ, ਤਦ ਅਸੀਂ ਵੀ ਪ੍ਰਗਟ ਕਰੀਏ ਕਿ ਅਸੀਂ ਹਮਦਰਦ ਹਾਂ, ਅਰ ਅਹਿਸਾਨ ਕਰੀਏ ਕਿ ਅਸੀਂ ਕਹਿੰਦੇ ਹਾਂ ਕਿ ਤੁਸੀਂ ਕੰਮ ਕਰਦੇ ਹੋ ? ਐਸੀਆਂ ਹਾਲਤਾਂ ਵਿਚ ਵਿਚਾਰ ਦੀ ਲੋੜ ਹੈ ਕਿ ਕੌਮ ਕਿਕੁਰ ਉੱਨਤ ਹੋਵੇ ?

(6) ਛੇਵੇਂ ਹਨ ਖਾਹ ਮਖਾਹ ਦੇ ਚੌਧਰੀ। ਇਹ ਉਹ ਲੋਕ ਹਨ ਜੋ ਕਿਸੇ ਨਾ ਕਿਸੇ ਤਰ੍ਹਾਂ ਆਤਮ ਧੁਅਾਂਸ ਖਾ ਕੇ ਕੋਰੜ ਹੋ ਗਏ ਹਨ। ਇਹ ਕੇਵਲ ਨੁਕਤਾਚੀਨੀ ਕਰਦੇ ਹਨ, ਇਸ ਨੀਯਤ ਨਾਲ ਨਹੀਂ ਕਿ ਕੌਮ ਉਨਤ ਹੋਵੇ ਪਰ ਇਸ ਲਈ ਕਿ ਕੌਮ ਗਿਰੇ ਤੇ ਕੰਮ ਕਰਨ ਵਾਲੇ ਹਟ ਜਾਣ। ਇਨ੍ਹਾਂ ਲਈ ਕਬੀਰ ਜੀ ਨੇ ਕਿਹਾ ਹੈ :

ਆਪਿ ਨਾ ਦੇਹਿ ਚੁਰੂ ਭਰਿ ਪਾਨੀ ॥
ਤਿਹ ਨਿੰਦਹਿ ਜਿਹ ਗੰਗਾ ਆਨੀ ॥ (ਗਉੜੀ ਚੇਤੀ ਕਬੀਰ ਜੀ )

Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਪਾਸ ਜਾਉ, ਕਿਸੇ ਕੰਮ, ਕਿਸੇ ਸੱਜਣ ਦਾ ਜ਼ਿਕਰ ਕਰੋ, ਨਿੰਦਾ ਦੇ ਭੰਡਾਰ ਖੋਲ੍ਹ ਦੇਣਗੇ । ਇਹ ਆਪਣੀ ਟਕਸਾਲ ਵਿਚ ਉਜਾਂ ਹੀ ਘੜਦੇ ਰਹਿੰਦੇ ਹਨ । ਆਪ ਕਰਨਗੇ ਨਹੀਂ, ਕਰਨ ਦੇਣਗੇ ਵੀ ਨਹੀਂ । ਨਾ ਖੇਡਣਾ ਨਾ ਖੇਡਣ ਦੇਣਾ । ਪਰਮੇਸ਼ਰ ਦਾ ਡਰ, ਮੌਤ ਦਾ ਖੌਫ,'ਲੇਖਾ ਰੱਬ ਮੰਗੇਸੀਆ' ਦਾ ਸਹਿਮ, ਆਪਣੀ ਆਦਮੀਯਤ ਦੀ ਲਜਯਾ, ਕੋਈ ਸ਼ੈ ਨਹੀਂ ਜੋ ਇਨ੍ਹਾਂ ਨੂੰ ਨਿੰਦਤ ਕਾਰਜ ਤੇ ਰੋਕੇ । ਇਨ੍ਹਾਂ ਦੇ ਮੰਤ੍ਰ ਗੁਪਤ ਅਰ ਬਿੱਛੂ ਡੰਗੇ ਹੁੰਦੇ ਹਨ । ਇਨ੍ਹਾਂ ਦੀ ਬਾਤ ਚੀਤ ਬੜੀ ਪੁਰਦਲੀਲ ਜਾਪਣ ਵਾਲੀ ਅਰ ਸਚ ਪਰ ਟਿਕੀ ਹੋਈ ਜਾਪਦੀ ਹੈ, ਪਰ ਹੁੰਦਾ ਨਿਰਾ ਲੂਣ ਦਾ ਖਾਵਾ ਹੈ । ਜੇ ਇਹ ਲੋਕ ਕੇਵਲ ਉਪ੍ਰਾਮ ਹੀ ਹੋ ਜਾਣ ਤਦ ਵੀ ਕੌਮ ਕਾਰਜ ਹੁੰਦੇ ਜਾਣ । ਪਰ ਏਹ ਸੇਵਕਾਂ ਨੂੰ ਅਕਾਉਂਦੇ ਹਨ, ਕਲੇਸ਼ ਦਿੰਦੇ ਹਨ ਕਿ ਕਿਵੇਂ ਦੁਖੀ ਹੋ ਕੇ ਹਟ ਜਾਣ । ਪਰ ਇਨ੍ਹਾਂ ਵਿਚ ਇਹ ਮਾਦਾ ਨਹੀਂ ਹੁੰਦਾ ਕਿ ਏਹ ਕਾਰਜ ਇਨ੍ਹਾਂ ਦੇ ਸਪੁਰਦ ਕਰ ਦਿਤੇ ਜਾਣ ਤਾਂ ਨਿਬਾਹ ਸਕਣ ।

"ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀਂ ਗਾਵਾਰੀ"
(ਧਨਾਸਰੀ ਮ: ੫)

ਐਸੇ ਹੀ ਇਨ੍ਹਾਂ ਦੇ ਕਾਰਜ ਹੁੰਦੇ ਹਨ । ਇਲਾਜ ਇਨ੍ਹਾਂ ਦਾ ਵਾਹਿਗੁਰੂ ਦੇ ਹੱਥ ਹੈ । ਪਰ ਪੰਥ ਸੇਵਕਾਂ, ਸਹਾਇਕਾਂ, ਹਮਦਰਦਾਂ, ਸੱਜਣਾਂ ਤੇ ਟਹਿਲ ਵਾਲਿਆਂ ਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਦੀ ਚਾਲ ਇਹ ਹੈ ਕਿ ਕੰਮ ਕਰਨ ਵਾਲਿਆਂ ਦਾ ਸਹਾਇਕ ਹਮਦਰਦ ਕੋਈ ਨਾ ਰਹੇ ਅਰ ਪਬਲਿਕ ਵਿਚ ਬਦਨਾਮੀ ਹੋ ਜਾਏ । ਇਸ ਲਈ ਪਬਲਿਕ ਨੂੰ ਹਮਦਰਦਾਂ ਤੇ ਸਹਾਇਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਥੇਬੰਦੀ ਨੂੰ ਕੱਟਣ ਵਾਲੇ ਕੀ ਉਪਰਾਲੇ ਹੋ ਰਹੇ ਹਨ । ਪਹਿਲੇ ਜੋ ਆਦਮੀ ਨਿੰਦਾ ਕਰਦੇ ਹਨ ਕੌਣ ਹਨ ? ਇਨ੍ਹਾਂ ਦੀ ਨੀਯਤ ਕੀਹ ਹੈ ? ਅਰ ਇਨ੍ਹਾਂ ਦਾ ਚਲਨ ਕੈਸਾ ਹੈ । ਆਪ ਇਨ੍ਹਾਂ ਨੇ ਕੀਹ ਕੀਹ ਸੇਵਾ ਕੀਤੀ ਹੈ ? ਪੇਂਜੇ ਜੁਲਾਹੇ ਦੀ ਗੱਲ ਮੰਨ ਲੈਣੀ ਜਥੇਬੰਦੀ ਲਈ ਹਾਨੀਕਾਰਕ ਹੈ ।

ਹੁਣ ਦੇਖੀਏ ਸਾਡਾ ਕੀ ਹਾਲ ਹੈ । ਸਾਡੇ ਵਿਚ ਅਵਿੱਦਿਆ ਦੇ ਕਾਰਨ ਅਰ ਅਵਿੱਦਿਆ ਤੋਂ ਜੰਮੀ ਖੁਦਗਰਜ਼ੀ ਦੇ ਕਾਰਨ ਮਿੱਤਰਾਂ ਦਾ ਘਾਟਾ ਨਹੀਂ ਹੈ । ਉਧਰ ਸਿੱਖ ਪਬਲਿਕ, ਹਮਦਰਦ ਤੇ ਸਹਾਇਕਾਂ ਦੇ ਨਿਸਚੇ ਵੀ ਡੋਲਦੀ ਬੇੜੀ ਹੀ ਚੜੇ ਰਹਿੰਦੇ ਹਨ । ਉਨ੍ਹਾਂ ਦੇ ਦਿਲ ਮੰਨਦੇ ਹਨ ਕਿ ਫਲਾਣਾ ਕੰਮ ਚੰਗਾ ਹੋ ਰਿਹਾ ਹੈ, ਪਰ ਕੰਨ ਹਰ ਵਕਤ ਨਿੰਦਾ ਦੀ ਉਡੀਕ ਵਿਚ ਕਮਰ ਕੱਸਾ ਕਰ ਰਖਦੇ ਹਨ । ਔਧਰੋਂ ਕਿਸੇ ਨੇ ਕਿਹਾ 'ਵੇਖੋ ਜੀ, ਫਲਾਣੇ ਭਲੇ ਪੁਰਖ ਨੇ ਕਿੱਡਾ ਉਪੱਦਰ ਕੀਤਾ ਹੈ', ਆਪ ਤ੍ਰਬਕ ਉਠੇ; ਉਹ ਹੈਂ, ਹੁਣ ਕੀ ਕਰੀਏ ? ਸਾਡੇ ਮੰਦੇ ਭਾਗ' ਬੱਸ ਇਹ ਕਿਹਾ ਅਰ

Sri Satguru Jagjit Singh Ji eLibrary NamdhariElibrary@gmail.com

ਆਪ ਉਠ ਬੈਠੇ, ਹੱਟੀ ਹੱਟੀ ਫਿਰ ਨਿਕਲੇ; 'ਲਓ ਮਹਾਰਾਜ, ਵੇਖੋ ਕੀ ਹੋਇਆ ? ਇਓਂ ਕਹੀ ਗਏ, ਤਪੀ ਗਏ ਅਰ ਤਪਾਈ ਗਏ । ਆਪ ਖੋਟੇ ਨਹੀਂ, ਪਰ ਖੋਟਿਆਂ ਦੇ ਹਲਕਾਰੇ ਬਣ ਗਏ । ਉਨ੍ਹਾਂ ਨੇ ਇਨ੍ਹਾਂ ਭਲਿਆਂ ਪੁਰਸ਼ਾਂ ਨੂੰ ਆਪਣੇ ਹਥਿਆਰ ਬਣਾ ਕੇ ਵਰਤ ਲਿਆ । ਸੋਚੋ; ਸਤਿਗੁਰੂ ਸਾਥੋਂ ਕੀ ਚਾਹੁੰਦੇ ਹਨ ਅਰ ਅਸੀਂ ਕਿਥੇ ਪਹੁੰਚੇ ਹਾਂ, ਕਿਥੇ ਸਾਡੀ ਮੰਜਲ ਹੈ, ਪਰ ਇਹ ਸਾਡੀ ਕੀ ਦਸ਼ਾ ਹੈ ? ਜਦ ਐਸੇ ਆਦਮੀ ਨੂੰ ਪਤਾ ਮਿਲ ਜਾਏ ਕਿ ਉਹ ਬਾਤ ਝੂਠ ਸੀ, ਫੇਰ ਪਛਤਾਂਉਂਦੇ ਹਨ, ਭੁਲੇਖੇ ਦੇਣ ਵਾਲੇ ਨੂੰ ਗਾਲਾਂ ਦੇਂਦੇ ਹਨ, ਪਰ ਦੂਜੀ ਵੇਰ ਭੁਲੇਖੇ ਖਾਣ ਲਈ ਫੇਰ ਤਿਆਰ । ਜਿਸ ਕੌਮ ਦੀ ਪਬਲਿਕ ਤੇ ਹਮਦਰਦੀ ਐਸੀ ਹੋਵੇ, ਉਸਦੀ ਕੀ ਉਮੀਦ ? ਚਾਹੀਦਾ ਇਹ ਸੀ ਕਿ ਆਪਣੇ ਕੰਮ ਕਰਨ ਵਾਲਿਆਂ ਵਿਚ ਭਰੋਸਾ ਹੁੰਦਾ, ਜੋ ਇਹ ਬੁਰੇ ਸਨ ਤਾਂ ਪਹਿਲਾਂ ਹੀ ਕੱਢੇ ਜਾਂਦੇ ਜਾਂ ਜੇ ਹੁਣ ਪਤਾ ਲਗਾ ਹੈ ਤਾਂ ਹੁਣ ਕੱਢ ਦਿਓ । ਇਹ ਨਹੀਂ ਚਾਹੀਦਾ ਕਿ ਝੰਡੇ ਦੇ ਚੁਫੇਰੇ ਵਾਂਙ ਆਪਣੇ ਆਪ ਨੂੰ ਸਦਾ ਉਲਝਣ ਵਿਚ ਪਾ ਛੱਡਿਆ । ਪਬਲਿਕ ਦੇ ਸੇਵਕਾਂ ਵਿਚ ਇਤਬਾਰ ਚਾਹੀਦਾ ਹੈ । ਆਪਣੇ ਕੌਮੀ ਸੇਵਕਾਂ ਦਾ ਹਰੇਕ ਕੌਮ ਦੇ ਸੱਜਣ ਜੀ ਵਿਚ ਫਖਰ ਹੋਣਾ ਚਾਹੀਦਾ ਹੈ, ਅਰ ਐਸਾ ਯਕੀਨ ਉਨ੍ਹਾਂ ਦੀ ਸੇਵਾ ਪਰ ਹੋਣਾ ਚਾਹੀਦਾ ਹੈ ਕਿ ਨਿੰਦਕ ਦੀ ਬਾਣੀ ਤੇ ਚੁਗ਼ਲਖੋਰ ਦੀ ਵਿਸ ਉਥੇ ਅਸਰ ਨਾ ਕਰ ਸਕੇ, ਉਲਟੀ ਝਾੜ ਖਾਏ, ਜੇ ਨਿੰਦਕਾਂ ਨੂੰ ਪਬਲਿਕ ਵਲੋਂ, ਇਹ ਝਾੜੂ ਫਿਰਦੇ ਰਹਿਣ ਤਦ ਅਕਾਰਨ ਧਰੋਹੀਆਂ ਦੀ ਗਿਣਤੀ ਘਟ ਸਕਦੀ ਹੈ, ਅਰ ਜਥੇਬੰਦੀ ਦਾ ਕਾਰਜ ਸਿਰੇ ਚੜ੍ਹ ਸਕਦਾ ਹੈ । ਪਬਲਿਕ ਦਾ ਤੇ ਸੇਵਕਾਂ ਦਾ ਸਾਕ ਸਦਾ ਇਤਬਾਰ਼ ਦਾ ਲੋੜੀਂਦਾ ਹੈ, ਜਿਥੇ ਧਰੋਹੀ ਦੇ ਵਾਕ ਆਪੇ ਦਗਧ ਹੋ ਜਾਣ । ਹੇ ਮਿਤਰੋ ! ਜੇ ਜਥੇਬੰਦੀ ਲੋਚਦੇ ਹੋ ਤਦ ਆਪਣੇ ਜ਼ਾਤੀ ਤਜਰਬੇ ਪਰ ਭਰੋਸਾ ਕਰੋ, ਸੁਣਾ ਸੁਣਉਟਾਂ ਦੇ ਮਗਰ ਨਾ ਲਗੋ ।

ਸਾਨੂੰ ਇਹ ਦੇਖ ਕੇ ਬੜਾ ਅਸਚਰਜ ਆਉਂਦਾ ਹੈ ਕਿ ਸਿੱਖਾਂ ਵਿਚ ਆਪਣੇ ਪੰਥ ਸੇਵਕਾਂ ਦੇ ਕੰਮ ਪਰ ਨਿੰਦਾ ਕਰਨ ਵੇਲੇ ਜ਼ਰਾ ਸੋਚ ਨਹੀਂ ਪੈਂਦੀ ਕਿ ਜਿਨ੍ਹਾਂ ਦੇ ਸਪੁਰਦ ਕੰਮ ਹੈ ਉਹ ਕੌਮ ਦੇ ਪਿਆਰੇ ਹਨ, ਕੁਰਬਾਨੀ ਕਰਕੇ ਪਿਆਰ ਕਰਦੇ ਹਨ । ਫੇਰ ਬਹੁਤੇ ਹਨ ਜੋ ਵਿਚਾਰ ਕੇ ਤੁਰਦੇ ਹਨ, ਸਾਡੀ ਸ਼ਖਸ਼ੀ ਰਾਇ, ਜੋ ਕਿਸੇ ਪੱਕੀ ਜਾਣਕਾਰੀ ਵਾਕਫੀਅਤ ਪਰ ਨਿਰਭਰ ਨਹੀਂ ਰਖਦੀ, ਕਿਸ ਤਰ੍ਹਾਂ ਵਡੀ ਹੋ ਸਕਦੀ ਹੈ ? ਹਾਂ ਇਹ ਹੋ ਸਕਦਾ ਹੈ ਕਿ ਸੇਵਕ ਗ਼ਲਤੀ ਖ਼ਾ ਜਾਣ, ਪਰ ਜਿਨ੍ਹਾਂ ਨੂੰ ਅਸਾਂ ਪੰਥ ਸੇਵਕ ਜਾਣ ਲਿਆ ਹੈ ਉਹ ਕਿਸ ਤਰ੍ਹਾਂ ਜਾਣ ਬੁੱਝ ਕੇ ਮਾੜਾ ਕੰਮ ਕਰ ਸਕਦੇ ਹਨ ? ਇਸ ਤਰ੍ਹਾਂ ਦੇ ਇਤਬਾਰ ਦਾ ਨਾ ਹੋਣਾ, ਜਥੇਬੰਦੀ ਲਈ ਬੜਾ ਹਾਨੀਕਾਰਕ ਹੈ । ਨੁਕਤਾਚੀਨੀ ਮਾੜੀ ਬਾਤ ਨਹੀਂ, ਪਰ ਅਸੀਂ ਲੋਕ ਨਿੰਦਾ ਤੇ ਨੁਕਤਾਚੀਨੀ ਦਾ ਫਰਕ ਨਹੀਂ ਜਾਣਦੇ ।

Sri Satguru Jagjit Singh Ji eLibrary NamdhariElibrary@gmail.com

ਨੁਕਤਾਚੀਨ ਕੰਮ ਦੀ ਦਰੁਸਤੀ ਲੋਚਦਾ ਹੈ ਅਰ ਹਮਦਰਦੀ ਤੋਂ ਕਦੀ ਨਹੀਂ ਟੁਟਦਾ। ਨਿੰਦਕ ਕੰਮ ਦੀ ਹਾਨੀ ਲੋਚਦਾ ਹੈ ਤੇ ਬੇਦਰਦੀ ਕਰਦਾ ਹੈ। ਨੁਕਤਾਚੀਨੀ ਆਪਣੀ ਭੁੱਲ ਨੂੰ ਮੰਨਣ ਨੂੰ ਤਿਆਰ ਰਹਿੰਦਾ ਹੈ ਅਰ ਰੌਲਾ ਨਹੀਂ ਪਾਉਂਦਾ, ਨਿੰਦਕ ਅੜਮੰਨ ਬਦੀ ਦਾ ਢੰਡੋਰਾ ਹੁੰਦਾ ਹੈ। ਨੁਕਤਾਚੀਨੀ ਲਈ ਲਿਆਕਤ ਤੇ ਸਮਝ ਦੀ ਲੋੜ ਹੈ, ਨਿੰਦਾ ਲਈ ਹਿਰਦੇ ਦੀ ਕੁਟਿਲਤਾ ਹੀ ਕਾਫੀ ਹੈ। ਸਤਿਗੁਰਾਂ ਨੇ ਏਸੇ ਕਰਕੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿੰਦਾ ਤੇ ਨਿੰਦਕ ਦਾ ਤ੍ਰਿਸਕਾਰ ਲਿਖਿਆ ਹੈ:-

"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰ ਪਵੰਨਿ ॥ ੬ ॥

(ਰਾਗ ਸੂਹੀ ਮਹਲਾ ੩)

ਨਿੰਦਾ ਕਹਿੰਦੇ ਕਿਸ ਨੂੰ ਹਨ ? ਜਿਸ ਬਾਤ ਨੂੰ ਅਸੀਂ ਜਾਣਦੇ ਹਾਂ ਕਿ ਐਸ ਤਰ੍ਹਾਂ ਗੁਰੂ ਪਰਤੱਖ ਨਾ ਜਾਣਦੇ ਹੋਈਏ ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਇਕ ਤੇ ਇਕ ਸੋ ਹੁੰਦੇ ਹਨ, ਉਹ ਬਾਤ ਕਿਸੇ ਆਦਮੀ ਯਾ ਕਿਸੇ ਆਸ਼ਰਮ ਦੀ ਬਾਬਤ ਬੁਰਾ ਅਸਰ ਪਾਵੇ ਨਿੰਦਾ ਹੈ। ਜੋ ਬਾਤ ਨਹੀਂ ਹੈ ਅਰ ਜਿਸ ਦਾ ਵੈਸਾ ਹੋਣਾ ਅਸੀਂ ਪੂਰੀ ਤਰ੍ਹਾਂ ਸਾਬਤ ਨਹੀਂ ਕਰ ਲਿਆ ਅਰ ਉਹ ਦੂਜੇ ਦੀ ਬੁਰਾਈ ਦੀ ਹੈ, ਉਸਦਾ ਕਹਿਣਾ ਨਿੰਦਾ ਹੈ। ਪਰ ਜੇ ਪੱਕ ਜਾਣ ਕੇ ਉਸਦੇ ਸੁਧਾਰ ਦੇ ਸਾਧਨ ਨਮਿਤ ਸੁਧਾਰ ਵਿਚ ਕਹੀ ਜਾਏ ਕਿ ਜਿਥੋਂ ਸੁਧਾਰ ਦਾ ਵਸੀਲਾ ਹੈ, ਉਹ ਨੁਕਤਾਚੀਨੀ ਹੈ।

ਤਾਂ ਤੇ ਸਭ ਤੋਂ ਵਡਾ ਰੋਗ ਸਾਡੀ ਜਥੇਬੰਦੀ ਨੂੰ ਇਹ ਹੈ। ਸੇਵਕ ਸੋਧ ਕੇ ਬਣਾਓ। ਅਰ ਸੋਧ ਕੇ ਬਣਿਆਂ ਪਰ ਇਤਬਾਰ ਕਰੋ ਤੇ ਉਨ੍ਹਾਂ ਦੀ ਸੇਵਾ ਦਾ ਫਖਰ ਕਰੋ ਅਰ ਉਨ੍ਹਾਂ ਦੀ ਨਿੰਦਾ ਪਟੱਖ ਕੇ ਮਾਰੋ। ਜੇ ਕੋਈ ਭੁੱਲ ਦੇਖੋ ਤਦ ਪਿਆਰ ਨਾਲ ਦਰੁਸਤੀ ਦਾ ਉਪਰਾਲਾ ਕਰੋ, ਤੇ ਆਪਣੇ ਆਪ ਨੂੰ ਕਦੇ ਅਭੁੱਲ ਹਠੀਆ, ਜ਼ਿੱਦੀ ਤੇ ਮਨਮਤੀਆ ਨਾ ਬਣਾਓ।

ਇਹ ਤਾਂ ਰੋਗ ਹਨ ਜੋ ਸਾਡੇ ਵਿਚ ਜੱਥੇਬੰਦੀ ਹੋਣ ਨਹੀਂ ਦੇਂਦੇ। ਇਨ੍ਹਾਂ ਦੇ ਇਲਾਜ ਹਰੇਕ ਸਿੱਖ ਨੂੰ ਕਰਨੇ ਉਚਿਤ ਹਨ।

ਉਹ ਸੂਤ ਕਿਹੜਾ ਹੈ ਜੋ ਕੌਮੀ ਸੇਵਕਾਂ ਨੂੰ ਇਕ ਇਕ ਨੂੰ ਪਰੋ ਕੇ ਜਥੇਬੰਦੀ ਦੀ ਮਾਲਾ ਬਣਾ ਦੇਂਦਾ ਹੈ। ਕੌਮੀ ਪਿਆਰ ਦੇ ਸੂਤ ਵਿਚ ਪ੍ਰੋਤੇ ਜਾ ਕੇ ਉਪਰ ਕਹੇ ਰੋਗਾਂ ਦਾ ਦਾਰੂ ਹੈ।

(ਖ਼ਾਲਸਾ ਸਮਾਚਾਰ ਮਿਤੀ 12 ਜੁਲਾਈ 1905 ਈ:)

Sri Satguru Jagjit Singh Ji eLibrary NamdhariElibrary@gmail.com

ਅਸੀਂ ਜਥੇਬੰਦੀ ਦੇ ਕੁਝ ਰੋਗ ਬਿਆਨ ਕਰ ਆਏ ਹਾਂ । ਹੁਣ ਕੁਝ ਹੋਰ ਅਹੁਰਾਂ ਦਾ ਹਾਲ ਦਸਦੇ ਹਾਂ ।

(1) ਪਿੱਛੇ ਦਸ ਆਏ ਹਾਂ ਕਿ ਪਿਛਲਾ ਤਰੀਕਾ ਤਾਂ ਅਸੀਂ ਭੁਲ ਗਏ ਹਾਂ, ਨਵਾਂ ਤਰੀਕਾ ਨਵੀਂ ਰੌਸ਼ਨੀ ਤੋਂ ਸਿਖਦੇ ਹਾਂ, ਉਸ ਵਿਚ ਬੜੇ ਬੜੇ ਠੇਡੇ ਖਾਂਦੇ ਹਾਂ । ਦ੍ਰਿਸ਼ਟਾਂਤ ਲਈ ਵੇਖੋ 'ਸਕੱਤ੍ਰ' । ਅਨੇਕਾਂ ਲੋਕ ਨਹੀਂ ਜਾਣਦੇ ਕਿ ਇਹ ਕੀ ਹੈ । 'ਸਕੱਤ੍ਰ' ਮੁਨਸ਼ੀ ਯਾ ਸੇਵਕ ਨੂੰ ਕਹਿੰਦੇ ਹਨ, ਜੋ ਕਿਸੇ ਵਡੇ ਆਦਮੀ ਜਾਂ ਜਥੇ ਦੀ ਲਿਖਤ ਪੜ੍ਹਤ ਦੀ ਸੇਵਾ ਕਰੇ । ਸਾਡੇ ਖਾਲਸਾ ਜੀ ਸਕੱਤ੍ਰੀ ਨੂੰ ਅਹੁੱਦਾ ਸਮਝਦੇ ਹਨ । ਜੇ ਪਿੱਛੇ ਨਜ਼ਰ ਮਾਰੋ ਤਦ ਸਾਡੇ ਜਥੇਦਾਰ ਪੱਖੇ ਝੱਲਦੇ ਹੁੰਦੇ ਸਨ ਤੇ ਕਹਿੰਦੇ ਸਨ ਕਿ ਅਸੀਂ ਤਾਂ 'ਸੇਵਕ' ਹਾਂ । ਪੰਥ ਉਹਨਾਂ ਨੂੰ ਸਿਰ ਦੇ ਛਤਰ ਕਹਿੰਦਾ ਸੀ, ਪਰ ਉਹ ਪੰਥ ਦੇ ਦਾਸ ਬਣਦੇ ਸੀ । ਇਹ ਜਥੇਦਾਰਾਂ ਦਾ ਹਾਲ ਸੀ ਜਿਨ੍ਹਾਂ ਨੂੰ ਅੱਜ ਕਲ ਦੀ ਬੋਲੀ ਵਿਚ ਪਰਧਾਨ ਜਾਂ ਪ੍ਰੈਜ਼ੀਡੈਂਟ ਕਹਿਣਾ ਚਾਹੀਦਾ ਹੈ । ਤੇ ਸਕਤ੍ਰ ਜੋ ਸਦੋਂ ਸੇਵਕ ਹੀ ਕਹਾਉਂਦੇ ਸੇ, ਭਲਾ ਅਹੁਦੇਦਾਰ ਕਿਥੋਂ ਬਣਦੇ ਸੀ ? ਗੱਲ ਇਹ ਸੀ ਕਿ ਉਹ ਸੇਵਾ ਦੀ ਭਾਵਨਾ ਨਾਲ ਸੇਵਾ ਕਰਦੇ ਸੀ, ਪੰਥ ਉਹਨਾਂ ਨਾਲ ਪਿਆਰ ਕਰਦਾ ਤੇ ਉਨ੍ਹਾਂ ਨੂੰ ਆਪਣਾ ਫਖ਼ਰ ਜਾਣਦਾ ਸੀ । ਹੁਣ ਸਾਡੇ ਅਨੇਕਾਂ ਜਥੇ ਸਕਤ੍ਰੀ ਦੇ ਝਗੜੇ ਤੇ ਹੀ ਟੁੱਟ ਜਾਂਦੇ ਹਨ, ਅਰ ਜਿਸ ਸਕਤ੍ਰ ਨੂੰ ਅਜ ਹਟਾਓ, ਉਹ ਕੌਮ ਦਾ ਵੈਰੀ, ਤੇ ਓਹੋ ਉਸ ਕੰਮ ਦਾ ਸਤਯਾਨਾਸ ਕਰੇਗਾ । ਇਹ ਦੱਸਦਾ ਹੈ ਕਿ ਸਾਡੀ ਜਥੇਬੰਦੀ ਅਜੇ ਬੜੀ ਹੀ ਗਲਤ ਨੀਹਾਂ ਪਰ ਬਿਰਾਜਮਾਨ ਹੈ, ਅਰ ਇਸ ਬਾਤ ਦੀ ਬੜੀ ਲੋੜ ਹੈ ਕਿ ਸਾਡੇ ਵਿਚ ਪੰਥਕ ਸੇਵਾ ਦਾ ਮਾਦਾ ਤਰੱਕੀ ਕਰੇ ਅਰ ਜ਼ਾਤੀ ਲਾਭ ਤੇ ਪਤ ਦੀ ਲੋੜ ਘਟੇ ।

(2) ਜਥੇਬੰਦੀ ਵਿਚ ਖਾਸ ਖਾਸ ਕੰਮਾਂ ਲਈ ਛੋਟੇ ਜਥੇ ਬਣਦੇ ਹਨ, ਅਤੇ ਕੌਮ ਇਕ ਵਡਾ ਜਥਾ ਬਣਾ ਕੇ ਉਸ ਦੇ ਕੰਮਾਂ ਦੀ ਵੰਡ ਲਈ ਨਿੱਕੇ ਜੱਥੇ ਬਣਾਉਂਦੀ ਹੈ । ਕੰਮ ਦੀ ਵੰਡ ਕੀਤਿਆਂ ਕੰਮ ਚੰਗੇ ਚਲਦੇ ਹਨ । ਜਾਂ ਇਉਂ ਹੁੰਦਾ ਹੈ ਕਿ ਥਾਓਂ ਥਾਂਈਂ ਕੰਮ ਕਰਨ ਵਾਲੇ ਅੱਡੋ ਅੱਡ ਜਥੇ ਬਣਾਏ ਜਾਂਦੇ ਹਨ । ਜਥੇ ਆਪਣੇ ਆਪਣੇ ਕੰਮ ਕਰਦੇ ਰਹਿੰਦੇ ਹਨ, ਪਰ ਇਨ੍ਹਾਂ ਨੂੰ ਅਨੇਕਾਂ ਅੜਚਨਾਂ ਪੈਣ ਨਾਲ ਪਤਾ ਲਗ ਜਾਂਦਾ ਹੈ ਕਿ ਇਕ ਸ਼ਰੋਮਣੀ ਜਥਾ ਵੀ ਲੋੜੀਂਦਾ ਹੈ, ਜੋ ਸਭ ਜਥਿਆਂ ਦਾ ਮੁਕਟ ਮਣੀ ਹੋਵੇ । ਸਾਰੇ ਉਸ ਨੂੰ ਬਨਾਉਣ, ਕਾਇਮ ਰੱਖਣ ਤੇ ਸਾਰੇ ਉਸ ਦੀ ਆਗਿਆ ਵਿਚ ਤੁਰਨ । ਬਿਨਾਂ ਇਸ ਦੇ ਜਥੇਬੰਦੀ ਮੁਕੰਮਲ ਨਹੀਂ । ਹੁਣ ਅਸੀਂ ਇਸ ਬਾਰੇ ਦੋ ਤਿੰਨ ਵੇਰ ਠੋਕਰਾਂ ਤਾਂ ਖਾ ਚੁਕੇ ਹਾਂ ਅਰ ਜਾਣ ਗਏ ਹਾਂ ਕਿ ਇਸ ਬਿਨਾਂ ਅਸੀਂ ਕਦੀ ਵੀ ਉੱਨਤ ਨਹੀਂ ਹੋ ਸਕਦੇ । ਪਰ ਅਜੇ ਵੀ ਅਸੀਂ ਪੈਰਾਂ ਪਰ ਨਹੀਂ ਆਉਂਦੇ । ਛੋਟੇ ਜਥੇ ਆਪੋ ਵਿਚ ਪਿਆਰ ਨਹੀਂ ਕਰਦੇ । ਛੋਟੇ ਜਥੇ ਜਾਂ ਜਗ੍ਹਾਂ ਅੱਡ ਅੱਡ ਹੋਣ ਕਰਕੇ ਜਾਂ ਕੰਮ

Sri Satguru Jagjit Singh Ji eLibrary NamdhariElibrary@gmail.com

ਅੱਡ ਅੱਡ ਹੋਣ ਕਰਕੇ ਬਣਾਈਦੇ ਹਨ। ਉਹਨਾਂ ਦੇ ਇੰਦੀਏ ਅਰ ਮੰਤਵ ਅੱਡ ਨਹੀਂ ਹੁੰਦੇ, ਇਸ ਕਰਕੇ ਉਨ੍ਹਾਂ ਵਿਚ ਪਿਆਰ ਚਾਹੀਦਾ ਹੈ ਵੈਰ ਨਹੀਂ। ਪਰ ਸਾਡੇ ਵਿਚ ਦੋ ਪਕੜਾਂ ਪੈ ਜਾਂਦੀਆਂ ਹਨ, ਇਕ ਤਾਂ ਇਹ ਕਿ ਨਾਮਣਾ ਹੋਵੇ। ਸਾਡੇ ਸ਼ਹਿਰ ਵਿਚ ਬੜੇ ਕੰਮ ਹੋ ਰਹੇ ਹਨ, ਦੂਜਾ ਇਹ ਹੋਵੇ ਕਿ ਫਲਾਣਾ ਬੜਾ ਕੰਮ ਕਰ ਰਿਹਾ ਹੈ, ਤੀਜਾ ਇਹ ਕਿ ਹੋਰ ਤਰੱਕੀ ਨਾ ਕਰਨ ਤਦ ਹੀ ਸਾਡਾ ਉਜਾਲਾ ਰਹੇਗਾ ਨਾ। ਆਪਣੇ ਨਮੂਜ ਵਾਸਤੇ ਹੋਰਨਾਂ ਦੀ ਹਾਨੀ ਲੋਚਦੇ ਰਹਿਣੀ। ਇਕੁਰ ਜਦ ਸਾਰੇ ਇਕ ਦੂਜੇ ਦੀ ਹਾਨੀ ਲੋਚਣ ਤਦ ਵਾਧਾ ਕੀ ਹੋਵੇ? ਵਾਧਾ ਤਾਂ ਹੋਵੇ ਕਿ ਸਾਰੇ ਇਕ ਦੂਜੇ ਦਾ ਵਾਧਾ ਲੋਚਣ, ਕਰਨ ਸੇਵਾ ਪਰ ਨਮੂਜ ਨ ਲੋਚਣ। ਜਦ ਤਕ ਜਥਿਆਂ ਦੀ ਪਰਸਪਰ ਪ੍ਰੇਮ ਭਰੀ ਦਸ਼ਾ ਨਾ ਬਣੇ, ਤਦ ਤਕ ਬੜੀ ਹਾਨੀ ਹੈ। ਜਦ ਇਹ ਗਲ ਹੋ ਜਾਵੇ ਤਦ ਚਾਹੀਦਾ ਹੈ ਕਿ ਵਡੇ ਜਥੇ ਦੇ ਸਭ ਆਗਿਆਕਾਰੀ ਹੋਣ, ਫੇਰ ਇਹ ਰੰਗ ਨ ਚੰਬੜ ਜਾਏ ਕਿ ਕਰੀਏ ਅਸੀਂ ਤੇ ਨਾਮ ਹੋਵੇ ਵੱਡੇ ਦਾ? ਜਦ ਤਕ ਵੱਡੇ ਨੂੰ ਆਪਣਾ ਜਾਣ ਕੇ ਪਿਆਰ ਨਾ ਕੀਤਾ ਜਾਵੇ ਤਦ ਤਕ ਜਥੇਬੰਦੀ ਦੀ ਗੱਡੀ ਤੁਰ ਨਹੀਂ ਸਕਦੀ।

ਹੁਣ ਪੰਥ ਦੇ ਪਿਆਰੇ ਇਸ ਪਰ ਵਿਚਾਰ ਕੇ ਕੰਮ ਕਰਕੇ ਦੇਖਣ ਕਿ ਅਸੀਂ ਸਾਰੇ ਸੰਸਾਰ ਵਿਚ ਪ੍ਰੇਮ ਦਾ ਢੰਡੋਰਾ ਦੇਣ ਦੇ ਕਾਬਲ ਹੁੰਦੇ ਹਾਂ ਕਿ ਨਹੀਂ?

(ਖ਼ਾਲਸਾ ਸਮਾਚਾਰ, ਮਿਤੀ 19, 1905 ਈ:)

ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ ਦੀ ਸਲਾਮਤੀ, ਉੱਨਤੀ ਤੇ ਸਫਲਤਾ ਆਪਣੀ ਜਥੇਬੰਦੀ ਵਿਚ ਹੈ। ਵਿੱਦਿਆ ਦਸਤਕਾਰੀ, ਰਾਜਸੀ ਹਸਤੀ, ਧਰਮ ਪ੍ਰਚਾਰ, ਗੱਲ ਕੀ ਹਰ ਕੰਮ ਦੀ ਸਫਲਤਾ ਏਕਤਾ ਤੇ ਜਥੇਬੰਦੀ ਪਰ ਨਿਰਭਰ ਹੈ। ਉਹੋ ਕੌਮ ਉਹੋ ਨਸਲ, ਜਾਤੀ ਜਾਂ ਦੇਸ਼ ਐਸ਼ਵਰਯ ਤੇ ਪ੍ਰਤਾਪ ਪ੍ਰਾਪਤ ਕਰਕੇ ਉਸ ਨੂੰ ਸੁਰਖਿਅਤ ਰੱਖ ਸਕਦਾ ਹੈ ਜੋ ਆਪੋ ਵਿਚ ਜਥੇਬੰਦ ਹੋਵੇ। ਤੇ ਸੰਸਾਰ ਵਿਚ ਓਹੋ ਹੀ ਉੱਨਤੀ ਦੇ ਕਦਮ ਵਧਾ ਰਿਹਾ ਸਮਝਿਆ ਜਾ ਸਕਦਾ ਹੈ। ਜਿਸ ਦੀ ਕੌਮ ਦੇ ਕਦਮ ਤਰੱਕੀ ਦੀਆਂ ਪਉੜੀਆਂ ਤੇ ਇਕਸਾਰ ਉਠਦੇ ਤੇ ਅੱਗੇ ਵਧਦੇ ਚਲੇ ਜਾ ਰਹੇ ਹੋਣ ਤੇ ਜਿਸ ਪ੍ਰਾਣੀ ਮਾਤ੍ਰ ਦੇ ਦਿਲ ਦੀ ਧੜਕਣ ਇਕ ਹੋਵੇ।

ਕਲਗੀਧਰ ਪਾਤਸ਼ਾਹ ਜੀ ਨੇ ਖ਼ਾਲਸੇ ਦੀ ਸਾਜਨਾ ਵੇਲੇ ਇਸ ਗਲ ਦੀ ਲੋੜ ਨੂੰ ਸਾਹਮਣੇ ਰਖਿਆ ਸੀ ਕਿ ਜਾਤੀ ਵੰਡ ਦੀਆਂ ਜੋ ਛੋਟੀਆਂ ਛੋਟੀਆਂ ਦੀਵਾਰਾਂ ਪ੍ਰਾਣੀ ਮਾਤ੍ਰ ਦੇ ਵਿਚ ਵਿਚਾਲੇ ਖੜ੍ਹੀਆਂ ਹਨ ਉਹਨਾਂ ਨੂੰ ਮੇਟ ਕੇ ਖ਼ਾਲਸੇ ਨੂੰ ਇਕ ਪੱਧਰ ਤੇ ਖੜਾ ਕਰ ਦਿਤਾ ਜਾਏ। ਜ਼ਿਥੇ ਉਹ ਅਮੀਰੀ ਗਰੀਬੀ, ਜਾਤ ਦੀ ਛੁਟਿਆਈ ਵਡਿਆਈ, ਕੰਮਾਂ ਦੀ ਨੀਚ ਉਚਤਾ ਤੇ ਛੂਤ ਛਾਤ ਦੀਆਂ ਮੈਲਾਂ ਨੂੰ ਧੋ

Sri Satguru Jagjit Singh Ji eLibrary NamdhariElibrary@gmail.com

ਕੇ ਇਕ ਦੂਜੇ ਨੂੰ ਇਕੋ ਮਾਂ ਪਿਉ ਜਾਏ ਵੀਰ ਸਮਝੇ ਤੇ ਇਕ ਬੜੇ ਵਡੇ ਘੇਰੇ ਵਾਲੀ ਪਰਿਵਾਰਕ ਜਥੇਬੰਦੀ ਤੇ ਏਕਤਾ ਵਿਚ ਇਕ ਹੋ ਜਾਵੇ । ਇਸ ਏਕਤਾ ਵਿਚ ਉਹਨਾਂ ਦੇ ਸਾਹਮਣੇ ਸਿੱਖੀ ਆਦਰਸ਼ ਦੇ ਉਹ ਅਸੂਲ, ਜੋ ਕੁਰਬਾਨੀਆਂ ਭਰੇ ਸਾਰੇ ਸੰਸਾਰਕ ਧਰਮਾਂ ਤੋਂ ਸ਼ਰੋਮਣੀ ਮੰਨੇ ਗਏ ਹਨ, ਖ਼ਾਲਸੇ ਨੂੰ ਰਾਹ ਸੁਝਾਉਂਦੇ ਰਹਿਣ ਤੇ ਖ਼ਾਲਸਾ ਸਿਰਜਣਹਾਰ ਅਕਾਲ ਪੁਰਖ ਨਾਲ ਜੁੜਿਆ, ਜਗਤ ਦੀ ਵਰਤੋਂ ਵਿਚ ਸਰਬਤ ਦਾ ਭਲਾ ਚਿਤਵਦਾ ਤੇ ਅਮਲ ਵਿਚ ਵਰਤਦਾ ਉੱਨਤੀ ਦੇ ਪੰਥ ਤੇ ਅੱਗੇ ਹੀ ਅੱਗੇ ਵਧਦਾ ਜਾਏ ।

ਅੱਡ ਅੱਡ ਜੁਜ਼ਾਂ ਦੇ ਇਕੱਠ ਯਾ ਸਮੁਦਾਇ ਦਾ ਨਾਮ ਹੀ ਜਥੇਬੰਦੀ ਯਾ ਏਕਤਾ ਕਹਾਉਂਦਾ ਹੈ । ਅੱਡ ਅੱਡ ਸ਼ੈਆਂ ਨੂੰ ਜੋੜਨ ਲਈ ਅੱਡ ਅੱਡ ਚੀਜ਼ਾਂ ਵਰਤੀਆਂ ਜਾਂਦੀਆਂ ਹਨ, ਜਿਵੇਂ ਕਾਗਜ਼ ਨੂੰ ਜੋੜਨ ਲਈ ਗੂੰਦ, ਲਕੜੀ ਨੂੰ ਜੋੜਨ ਲਈ ਸਰੇਸ਼, ਇੱਟਾਂ ਨੂੰ ਜੋੜਨ ਲਈ ਚੂਨਾ ਯਾ ਸੀਮਿੰਟ, ਪਰ ਮਨੁੱਖੀ ਮਨਾਂ ਨੂੰ ਆਪੋ ਵਿਚ ਜੋੜਨ ਲਈ, ਇਨ੍ਹਾਂ ਨੂੰ ਏਕਤਾ ਤੇ ਜਥੇਬੰਦੀ ਵਿਚ ਪਰੋਣ ਲਈ ਜੋੜਨਹਾਰ ਸੀਮਿੰਟ ਹੈ 'ਧਰਮ' । ਆਤਮਾ ਨੂੰ ਪਰਮਾਤਮਾ ਨਾਲ ਜੋੜਨ ਵਾਲੀ ਸ਼ੈ ਹੈ ਪ੍ਰੇਮ ਜੋ ਆਤਮਕ ਗਿਆਨ ਤੇ ਧਰਮ ਦੇ ਮਕਤਬ ਵਿਚ ਪੜ੍ਹੀਦਾ ਹੈ । ਜੇ ਧਰਮ ਸਾਡੇ ਨੈਣਾਂ ਸਾਹਮਣੇ ਹੈ, ਦਿਲ ਵਿਚ ਉਸ ਨੂੰ ਥਾਂ ਹੈ, ਤੇ ਕੌਮੀ ਜੀਵਨ ਦੀ ਬੇੜੀ ਦਾ ਪਤਵਾਰ ਸਿੱਧਾ ਹੈ । ਇਹ ਆਪਣੇ ਜੀਵਨ ਸਫਰ ਵਿਚ ਅੱਗੇ ਹੀ ਅੱਗੇ ਵਧਦੀ ਚਲੀ ਜਾਏਗੀ ਤੇ ਇਸ ਨੂੰ ਕਿਸੇ ਘੁੰਮਣ ਘੇਰੀ ਦਾ ਭੈ ਨਹੀਂ ਹੋਵੇਗਾ । ਪਰ ਜੇ ਇਹ ਪਤਵਾਰ ਸਿੱਧਾ ਨਾ ਰਿਹਾ ਤਾਂ ਸਮਝ ਲਓ ਕਿ ਦਸ਼ਾ ਡਾਵਾਂ ਡੋਲ ਹੈ । ਸਲਾਮਤੀ ਸ਼ੱਕੀ ਹੋ ਗਈ ਹੈ । ਜੇ ਧਰਮ ਹੈ ਤਾਂ ਕੌਮੀ ਜੀਵਨ ਦੀ ਹੋਂਦ ਹੈ, ਜਥੇਬੰਦੀ ਹੈ, ਏਕਤਾ ਹੈ, ਹਰ ਮੈਦਾਨ ਫਤਿਹ ਹੈ, ਗੁਰੂ ਅੰਗ ਸੰਗ ਹੈ, ਸਮੂਹਕ ਉੱਨਤੀ ਹੈ । ਤੇ ਜੋ ਨਹੀਂ ਹੈ ਕੁਝ ਨਹੀਂ । ਕਵੀ ਹਰਦਿਆਲ ਜੀ ਨੇ ਠੀਕ ਕਿਹਾ ਹੈ:-

ਇੰਦ ਬਿਨਾ ਜਿਉ ਮੰਦ ਨਿਸਿ, ਮੰਦ ਕੰਜ ਬਿਨ ਤਾਲ ।
ਜੀਵ ਮੰਦ ਤਿਉ ਧਰਮ ਬਿਨ, ਤਾਤੇ ਧਰਮ ਨ ਟਾਲ ।
(ਸਾਰੁਕਤਾਵਲੀ)

ਚੰਦਰਮਾ ਤੋਂ ਬਿਨਾਂ ਜਿਵੇਂ ਰਾਤ, ਕੰਵਲ ਤੋਂ ਬਿਨਾਂ ਸਰੋਵਰ, ਸੋਂਹਦੇ ਨਹੀਂ, ਮੰਦੇ ਲਗਦੇ ਹਨ, ਤਿਵੇਂ ਜੀਵ ਧਰਮ ਤੋਂ ਹੀਣਾ ਸ਼ੋਭਾ ਹੀਨ ਹੈ । ਇਸੇ ਲਈ ਧਰਮ ਦਾ ਤਿਆਗ ਕਦੀ ਨਾ ਕਰ ।

ਪਰ ਸ਼ੋਕ ਹੈ ਕਿ ਸਾਡਾ ਰੁਖ ਇਕ ਲੰਮੇ ਅਰਸੇ ਤੋਂ ਧਰਮ ਵਲ ਘਟ ਰਿਹਾ ਹੈ ।

Sri Satguru Jagjit Singh Ji eLibrary NamdhariElibrary@gmail.com

ਏਸੇ ਲਈ ਸਾਡਾ ਧਰਮ ਜਿਥੇ ਕਦੇ ਹਰ ਸੂਰਜ ਉੱਨਤੀ ਵਲ ਵਧ ਰਿਹਾ ਸੀ, ਉਹ ਇਕ ਵਾਰ ਹੀ ਖੜੋ ਗਿਆ ਤੇ ਫਿਰ ਪਿਛੇ ਨੂੰ ਪਰਤਣਾ ਸ਼ੁਰੂ ਹੋ ਗਿਆ। ਕੌਮ ਵਿਚ ਧੜੇਬੰਦੀ ਇਤਨੀ ਪਿਆਰੀ ਹੋ ਗਈ ਹੈ ਕਿ ਧਰਮ ਨਾਲੋਂ ਧੜੇ ਨੂੰ ਮੁੱਖਤਾ ਮਿਲ ਗਈ ਹੈ, ਇਸ ਦਾ ਸਿੱਟਾ ਕੀ ਨਿਕਲਿਆ ? ਜਥੇਬੰਦੀ ਕਈ ਭਾਗਾਂ ਵਿਚ ਵੰਡੀ ਗਈ ਤੇ ਸਮੂਹਕ ਉੱਨਤੀ ਪਿੱਛੇ ਪੈ ਕੇ ਨਿਜੀ ਲਾਭ ਮੁੱਖ ਹੋ ਖੜੋਤਾ ? ਨਾ ਨਿਰਾ ਇਹੋ, ਇਸ ਖਿੰਡੀ ਫੁਟੀ ਕੌਮ ਨੂੰ ਕਈ ਪਾਸਿਆਂ ਤੋਂ ਢਾਹਾਂ ਲਗਣੀਆਂ ਵੀ ਸ਼ੁਰੂ ਹੋ ਗਈਆਂ। ਸਿੱਖੀ ਦੀ ਸਰਵੋਤਮਤਾ ਦਾ ਫਖਰ ਇੰਨਾ ਬੇਮਲੂਮ ਹੋ ਗਿਆ ਕਿ ਸਾਡੀ ਨੌਜਵਾਨ ਪਨੀਰੀ ਮੂਲੋਂ ਅਜਾਣ ਹੋ ਕੇ ਟੋਇਆਂ ਵਿਚ ਡਿੱਗਣ ਲਗ ਪਈ, ਕੁਰਹਿਤਾਂ ਵਿਚ ਫਸ ਕੇ ਪਤਿਤ ਤਾਈਂ ਵਧਣ ਲੱਗ ਪਈ ਤੇ ਆਬਾਦੀ ਦੇ ਵਧਣ ਨਾਲ ਵੀ ਸਾਡੀ ਗਿਣਤੀ ਥੱਲੇ ਹੀ ਥੱਲੇ ਜਾਣ ਲਗ ਪਈ। ਕਿੰਨੇ ਸ਼ੋਕ ਦੀ ਗਲ ਹੈ ਕਿ ਇਕ ਸਰਵ ਸੁਖਦਾਈ ਤੇ ਚੋਟੀ ਦਾ ਆਦਰਸ਼ ਵਾਲੇ ਇੰਨੇ ਸਾਊ ਜਾਣ ਕੇ ਰੋੜਾਂ ਦੇ ਵਹਿਣ ਤਾਂ ਕਿਨਾਰੇ ਡੇਗੀ ਜਾਣ ਪਰ ਜਾਗ ਨਾ ਖੁੱਲੇ।

ਖ਼ਾਲਸਾ ਜੀ ਆਓ, ਅਸੀਂ ਬੀਤੇ ਇਤਿਹਾਸ ਤੋਂ ਕੁਝ ਸਿਖਿਆ ਗ੍ਰਹਿਣ ਕਰੀਏ ਤੇ ਵਾਪਰੇ ਤਜਰਬੇ ਤੋਂ ਲਾਭ ਉਠਾਈਏ। ਲਾਭ ਤਦੇ ਹੋ ਸਕਦਾ ਹੈ ਜੇ ਦਰੁਸਤ ਲੀਹਾਂ ਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਜਾਏ। ਸਹਿਜਧਾਰੀ ਜੋ ਪੰਥ ਦਾ ਇਕ ਖਾਸ ਅੰਗ ਹਨ, ਉਹਨਾਂ ਵਿਚ ਗੁਰਬਾਣੀ ਤੇ ਗੁਰਮਤਿ ਦਾ ਪਿਆਰ ਜਗਾਇਆ ਜਾਏ। ਆਦਰਸ਼ਕ ਉੱਚਤਾ ਦੀ ਪ੍ਰਾਪਤੀ ਲਈ ਪੂਰਬ ਤੌਰ ਤੇ ਉਨ੍ਹਾਂ ਨੂੰ ਤਿਆਰ ਬਰ ਤਿਆਰ ਕਰਕੇ ਅੰਮ੍ਰਿਤ ਦੇ ਬਾਟੇ ਦੇ ਸਾਂਝੀਵਾਲ ਬਣਾਇਆ ਜਾਏ ਤੇ ਸਿੰਘਾਂ ਦੀ ਸੰਤਾਨ ਨੂੰ ਖ਼ਾਲਸੇ ਆਦਰਸ਼ ਦੇ ਫ਼ਖ਼ਰ ਵਿਚ ਨਵੀਂ ਪਨੀਰੀ ਨੂੰ ਜਗਾਈਏ। ਲੋੜ ਹੈ ਨਾਮ ਬਾਣੀ ਦੇ ਪਿਆਰ ਵਾਲੇ ਸਿੱਖੀ ਆਦਰਸ਼ ਦੇ ਪੂਰਨ ਤੌਰ ਤੇ ਤੁਰਨ ਵਾਲੇ ਅਮਲੀ ਜੀਵਨ ਪੈਦਾ ਕੀਤੇ ਜਾਣ। ਇਹ ਯਾਦ ਰਖਣਾ ਚਾਹੀਏ ਕਿ ਅਮਲੀ ਜੀਵਨ ਵਾਲੇ ਹੀ ਨਵਜੀਵਨ ਪੈਦਾ ਕਰ ਸਕਦੇ ਹਨ। ਜਗਦੇ ਦੀਵੇ ਦੀ ਲੋ ਹੀ ਤੇਲ ਬਤੀ ਪਏ ਤਿਆਰ ਦੀਵਿਆਂ ਨੂੰ ਜੋਤੀਮਯ ਕਰ ਸਕਦੀ ਹੈ। ਅਮਲੀ ਜੀਵਨ ਤੋਂ ਕੋਰੇ ਮਾਰਕਸਵਾਦ ਦੇ ਜੰਗਲਾਂ ਵਿਚ ਗੁਆਚੇ ਨਾਮ ਬਾਣੀ ਦੇ ਪਿਆਰ ਤੇ ਘਾਲ ਤੋਂ ਖਾਲੀ ਪ੍ਰਚਾਰਕ ਇਹ ਕੁਝ ਨਹੀਂ ਕਰ ਸਕਦੇ, ਇਸ ਲਈ ਕੌਮ ਵਿਚ ਜਾਗਦੇ ਦੀਪ ਪੈਦਾ ਕਰਨ ਦੀ ਲੋੜ ਹੈ, ਤੇ ਇਹ ਜੋਤੀ ਨਾਮ ਬਾਣੀ ਦੇ ਪਿਆਰ ਪ੍ਰਕਾਸ਼ ਨਾਲ ਪੈਦਾ ਹੁੰਦੀ ਹੈ। ਨਾਮ ਬਾਣੀ ਦੇ ਪਿਆਰ ਵਾਲੇ ਸੰਤ ਪੁਲੀਟੀਕਲ ਵਾਤਾਵਰਣ ਤੋਂ ਅਛੋਹ ਰਹਿ ਕੇ ਆਪਣੇ ਪ੍ਰਚਾਰ ਦੇ ਕੰਮਾ ਵਿਚ ਅਛੋਹ ਇਕ ਸਾਰ ਟੁਰੇ ਰਿਹਾ ਕਰਦੇ ਸਨ ਉਹ ਵੀ ਜਾਗਣ ਤੇ ਆਪਣਾ ਭੁੱਲਿਆ ਕਾਰਜ ਹੱਥ ਵਿਚ ਲੈਣ। ਮੁਗ਼ਲ ਰਾਜ ਵੇਲੇ ਜਦੋਂ ਸਿਖ ਕੌਮ ਦੇ ਸਿਰ ਤੇ ਕਹਿਰਾਂ ਦੇ ਝੱਖੜ ਛਾਏ ਹੋਏ ਸਨ ਤਾਂ ਸੰਤ ਵਿਅਕਤੀਆਂ ਹੀ ਸ਼ਨ

Sri Satguru Jagjit Singh Ji eLibrary NamdhariElibrary@gmail.com

ਜੋ ਆਪਣੇ ਅਮਲੀ ਜੀਵਨ ਤੇ ਨਿਗਰ ਪ੍ਰਚਾਰ ਨਾਲ ਸਹਿਜਧਾਰੀ ਸਿੱਖੀ ਵਿਚ ਧੜਾ ਧੜ ਸਿੰਘ ਸਜਾਈ ਟੁਰੇ ਜਾਂਦੇ ਸਨ ਤੇ ਖ਼ਾਲਸਾ ਮੁੱਕ ਮੁੱਕ ਕੇ ਫਿਰ ਹਰੀ ਕੈਮ ਰਹਿੰਦਾ ਸੀ। ਹੁਣ ਤਾਂ ਐਸੀ ਕੋਈ ਤੰਗੀ ਨਹੀਂ ਰਾਜ ਦੀ ਸਖਤੀ ਨਹੀਂ, ਕਿਸੇ ਸ਼ਤਰੂ ਦਾ ਭੈ ਨਹੀਂ ਪਰ ਫਿਰ ਅਸੀਂ ਘਟ ਰਹੇ ਹਾਂ। ਸਰਵ ਸਾਧਾਰਣ ਦੇ ਦਿਲਾਂ ਨੂੰ ਨਾਮ ਬਾਣੀ ਤੇ ਸੇਵਾ ਉਪਕਾਰ ਦੀ ਕਾਸ਼ਤ ਨਾਲ ਤਿਆਰ ਕਰਨਾ ਬੜਾ ਜ਼ਰੂਰੀ ਹੈ ਤਾਂ ਕਿ ਉਸ ਵਿਚ ਲਾਏ ਸਿੱਖੀ ਦੇ ਬੀਜ ਦੀ ਪਕਿਆਈ ਤੇ ਪ੍ਰਫੁਲਤਾ ਯਕੀਨੀ ਹੋਵੇ ਤੇ ਨਾਲ ਹੀ ਫਿਰ ਰੱਬ ਪੱਖ ਦਾ ਵੀ ਪ੍ਰਬੰਧ ਹੋਵੇ। ਅਸੀਂ ਪ੍ਰਰਥਨਾ ਕਰਾਂਗੇ ਕਿ ਸਾਡੀਆਂ ਮੁੱਖੀ ਸੰਸਥਾਵਾਂ ਦੇ ਦਾਨੇ ਸਜਣ ਆਪਣੇ ਸੰਸਥਾਇਕ ਪ੍ਰੋਗਰਾਮਾਂ ਵਿਚ ਧਰਮ ਪ੍ਰਚਾਰ ਨੂੰ ਮੁੱਖਤਾ ਦੇਣ ਤੇ ਇਸ ਅਤਿ ਲੋੜੀਂਦੇ ਫਰਜ਼ ਨੂੰ ਨਿਬਾਹੁਣ ਲਈ ਪੂਰੀ ਸਰਗਰਮੀ ਦਿਖਾਉਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਕੌਮ ਧਰਮ ਵਿਚ ਜਾਗਦੀ ਏਕਤਾ ਤੇ ਜਥੇਬੰਦੀ ਵਿਚ ਮਜ਼ਬੂਤ ਤੇ ਸੁਰਜੀਤ ਹੋ ਸਕੇ।

## ਜਥੇਬੰਦੀ ਦਾ ਭੇਖ

ਭੇਖ ਦੇ ਅਰਥ ਹਨ ਦੁਨੀਆਂ ਨੂੰ ਧੋਖਾ ਦੇਣ ਲਈ ਕੋਈ ਸਾਧਨ ਕਰਨਾ। ਦਿਲ ਵਿਚ ਹੋਰ ਹੋਣਾ ਤੇ ਪਰਗਟ ਕੁਝ ਹੋਰ ਕਰਨਾ। ਜੋ ਕੁਝ ਆਪ ਨਾ ਹੋਣਾ, ਉਹ ਬਣਕੇ ਦੁਨੀਆਂ ਨੂੰ ਵਿਖਾਣਾ। ਭਾਵੇਂ ਕਪੜਿਆਂ ਰਾਹੀਂ, ਭਾਵੇਂ ਖਾਸ ਨਿਸ਼ਾਨਾਂ ਰਾਹੀਂ, ਭਾਵੇਂ ਖਾਸ ਕੰਮਾਂ ਰਾਹੀਂ ਭਾਵੇਂ ਗੱਲਾਂ ਰਾਹੀਂ। ਭੇਖ ਕਿਤਨਾ ਬੁਰਾ ਹੈ, ਇਸ ਬਾਬਤ ਲਿਖਿਆ ਹੈ:-

**ਭੇਖ ਦਿਖਾਏ ਜਗਤ ਕਉ, ਲੋਗਨ ਕੋ ਬਸ ਕੀਨ।**

**ਅੰਤ ਕਾਲ ਕਾਤੀ ਕਟੈ, ਬਾਸ ਨਰਕ ਮਹਿ ਲੀਨ।**

ਪਰ ਫਿਰ ਵੀ ਵੇਖਣ ਵਿਚ ਇਹੋ ਆਉਂਦਾ ਹੈ ਕਿ ਦੁਨੀਆਂ ਵਿਚ ਭੇਖ ਦਾ ਰਾਜ ਹੈ। ਭੇਖੀ ਤੇ ਪਾਖੰਡੀ ਮੌਜਾਂ ਮਾਣਦੇ ਹਨ। ਸੱਚੇ ਤੇ ਅੰਦਰੋਂ ਬਾਹਰੋਂ ਇਕੋ ਜਿਹੇ ਆਦਮੀ ਦੁਖ ਤੇ ਤਕਲੀਫਾਂ ਪਾਂਦੇ ਹਨ। ਕਾਰਨ ਇਹ ਹੈ ਕਿ ਦੁਨੀਆਂ ਭੋਲੀ ਹੈ, ਵਿਖਾਵੇ ਉਤੇ ਛੇਤੀ ਵਿਛ ਜਾਂਦੀ ਹੈ, ਸਚਾਈ ਦੀ ਭਾਲ ਕਰਨ ਲਈ ਡੂੰਘਾਈ ਤਕ ਜਾਣ ਦੀ ਖੇਚਲ ਕਰਨ ਦੀ ਇਸ ਨੂੰ ਘਟ ਆਦਤ ਹੈ। ਕੁਦਰਤੀ ਤੌਰ ਤੇ ਜਿਸ ਸੌਦੇ ਦੀ ਮੰਡੀ ਵਿਚ ਵਿਕਰੀ ਜ਼ਿਆਦਾ ਤੇ ਛੇਤੀ ਹੋਵੇ, ਉਹੀ ਆਉਂਦਾ ਹੈ। ਦੁਨੀਆਂ ਪਖੰਡ ਅਤੇ ਭੇਖ ਉਤੇ ਛੇਤੀ ਰੀਝ ਪੈਂਦੀ ਹੈ, ਇਸ ਵਾਸਤੇ ਗਰਜ਼ਮੰਦ ਲੋਕ ਇਸ ਤੋਂ ਚੰਗਾ ਫਾਇਦਾ ਉਠਾਂਦੇ ਹਨ। ਦੁਨੀਆਂ ਵਿਚ ਸਦਾ ਹੀ ਕੋਈ ਨਾ ਕੋਈ ਮਹਾਂਪੁਰਸ਼ ਵੀ ਹੁੰਦਾ ਹੈ ਜਿਸਦੀ ਇਜ਼ਤ ਤੇ ਵਡਿਆਈ ਸੰਸਾਰ ਵਿਚ ਫੈਲ ਜਾਂਦੀ ਹੈ। ਉਸਦਾ

Sri Satguru Jagjit Singh Ji eLibrary NamdhariElibrary@gmail.com

ਆਪਣਾ ਕੋਈ ਨਾ ਕੋਈ ਪਹਿਰਾਵਾ ਹੁੰਦਾ ਹੈ, ਖਾਸ ਤਰ੍ਹਾਂ ਦੀ ਰਹਿਣੀ ਬਹਿਣੀ ਰਖਦਾ ਹੈ। ਕਈ ਸੱਚੇ ਦਿਲੋਂ ਉਹਾ ਜਿਹਾ ਬਨਣ ਲਈ ਤੇ ਕਈ ਉਸਦੀ ਇਜ਼ਤ ਤੇ ਵਡਿਆਈ ਤੋਂ ਫਾਇਦਾ ਉਠਾ ਕੇ ਲੋਕਾਂ ਨੂੰ ਧੋਖਾ ਦੇਣ ਲਈ ਉਹੋ ਜੇਹਾ ਭੇਖ ਕਰ ਲੈਂਦੇ ਹਨ। ਸਮੇਂ ਅਨੁਸਾਰ ਸੰਤ, ਸਾਧ, ਮਹਾਂਪੁਰਖ, ਫਕੀਰ, ਭਗਤ ਸੰਸਾਰ ਵਿਚ ਹੁੰਦੇ ਰਹੇ ਸਨ ਤੇ ਉਨ੍ਹਾਂ ਦੇ ਪਹਿਰਾਵੇ ਤੇ ਭੇਖ ਵੀ ਹੋਏ ਹਨ।

ਕਈ ਚੋਰ, ਡਾਕੂ ਤੇ ਬਦਮਾਸ਼ ਸੰਤ ਸਾਧਾਂ ਤੇ ਮਹਾਂਪੁਰਖਾਂ ਦੇ ਭੇਖ ਕਰ ਕੇ ਦੁਨੀਆਂ ਨੂੰ ਠਗ ਲੈਂਦੇ ਹਨ।

ਭੇਖ ਨਿਰਾ ਪਹਿਰਾਵੇ ਦਾ ਹੀ ਨਹੀਂ ਹੁੰਦਾ , ਗੱਲਾਂ ਨਾਲ ਵੀ ਤੇ ਕੰਮਾਂ ਨਾਲ ਵੀ ਭੇਖ ਕੀਤਾ ਜਾ ਸਕਦਾ ਹੈ। ਜੇਹੜੀ ਗੱਲ ਲੋਕਾਂ ਨੂੰ ਚੰਗੀ ਲਗੇ ਉਨ੍ਹਾਂ ਦੇ ਸਾਹਮਣੇ ਉਹੀ ਗਲ ਕਰਨੀ ਤੇ ਜੇਹੜੀ ਗੱਲ ਜਿਨ੍ਹਾਂ ਲੋਕਾਂ ਨੂੰ ਮਾੜੀ ਲਗੇ ਉਨ੍ਹਾਂ ਦੇ ਸਾਹਮਣੇ ਉਸ ਨੂੰ ਬਹੁਤ ਮਾੜਾ ਕਹਿਣਾ ਤੇ ਨਿੰਦਣਾ, ਪਈ ਇਹ ਮੈਨੂੰ ਚੰਗਾ ਜਾਣ ਕੇ ਇਤਬਾਰ ਕਰਨ। ਚੂੰਕਿ ਦੁਨੀਆਂ ਵਿਚ ਠੱਗੀ ਬਹੁਤ ਹੈ ਇਸ ਵਾਸਤੇ ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਆਦਮੀ ਦੇ ਖਾਸ ਤਰ੍ਹਾਂ ਦੇ ਪਹਿਰਾਵੇ, ਗੱਲਾਂ ਜਾਂ ਕੰਮਾਂ ਨੂੰ ਵੇਖ ਕੇ ਝਟਪਟ ਯਕੀਨ ਨਾ ਕਰ ਲਿਆ ਜਾਵੇ ਕਿ ਇਹ ਉਹੀ ਕੁਝ ਹੈ ਜੋ ਕਿ ਪਹਿਰਾਵੇ ਜਾਂ ਗੱਲਾਂ ਰਾਹੀਂ ਆਪਣੇ ਆਪ ਨੂੰ ਪਰਗਟ ਕਰ ਰਿਹਾ ਹੈ। ਉਸ ਉਤੇ ਯਕੀਨ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਉਸਦੇ ਮਨ, ਬਚਨ ਤੇ ਕਰਮਾਂ ਦੀ ਏਕਤਾ ਵੇਖ ਲਈ ਜਾਵੇ। ਕੀ ਜੋ ਕੁਝ ਉਹ ਆਪਣੇ ਪਹਿਰਾਵੇ ਰਾਹੀਂ ਪਰਗਟ ਕਰਦਾ ਹੈ ਉਸਦੇ ਕਥਨ ਵੀ ਉਹੋ ਜਿਹੇ ਹਨ ਅਤੇ ਕਥਨ ਉਸਦੇ ਕਰਮਾਂ ਨਾਲ ਤੇ ਉਸਦੇ ਹਿਰਦੇ ਨਾਲ ਏਕਤਾ ਰਖਦੇ ਹਨ ?

ਸਿੱਖ ਪੰਥ ਵਿਚ 'ਜਥੇਬੰਦੀ' ਦਾ ਸ਼ਬਦ ਖਾਸ ਅਸਰ ਰਖਦਾ ਹੈ। ਕਾਰਨ ਇਹ ਹੈ ਕਿ ਲੋਕਾਂ ਨੇ ਤਾਂ ਜਥੇਬੰਦੀ (ਇਤਫਾਕ) ਦੀਆਂ ਬਰਕਤਾਂ ਪੜ੍ਹੀਆਂ ਤੇ ਸੁਣੀਆਂ ਹੀ ਹਨ, ਸਿੱਖਾਂ ਨੇ ਅਜੇ ਕਲ ਦੀ ਗੱਲ ਹੈ ਕਿ ਜਥੇਬੰਦੀ ਨਾਲ ਪਾਤਸ਼ਾਹੀਆਂ ਉਲਟਾਈਆਂ ਹਨ ਤੇ ਉਹ ਗੱਲਾਂ ਕਰ ਵਿਖਾਈਆਂ ਹਨ ਜੋ ਹਿੰਦੁਸਤਾਨੀ, ਅਣ-ਹੋਣੀਆਂ ਖਿਆਲ ਕਰੀ ਬੈਠੇ ਸਨ। ਇਸ ਕਰਕੇ ਸਿੱਖਾਂ ਵਿਚ ਜੋ ਆਦਮੀ ਜਥੇਬੰਦੀ ਦਾ ਹਮਾਇਤੀ ਹੋਵੇ ਉਹ ਕੁਦਰਤੀ ਤੌਰ ਤੇ ਇਜ਼ਤ ਨਾਲ ਵੇਖਿਆ ਜਾਂਦਾ ਹੈ ਅਤੇ ਜੋ ਜਥੇਬੰਦੀ ਤੋੜਨ ਵਾਲਾ ਤੇ ਫੁਟ ਪਾਊ ਮਸ਼ਹੂਰ ਹੋਵੇ ਉਸ ਤੋਂ ਨਫਰਤ ਕੀਤੀ ਜਾਂਦੀ ਹੈ। ਜਿਵੇਂ ਅਜਕਲ ਸਰਕਾਰ ਪੂਜ ਟੋਡੀ ਜਾਂ ਖੁਫੀਆ ਰਿਪੋਰਟਾਂ ਕਰਨ ਵਾਲਾ ਪਬਲਕ ਦੀ ਨਜ਼ਰ ਵਿਚ ਗਿਰਿਆ ਹੋਇਆ ਖ਼ਿਆਲ ਕੀਤਾ ਜਾਂਦਾ ਹੈ ਤੇ ਕੌਮ-ਪੂਜ ਤੇ ਦੇਸ਼

Sri Satguru Jagjit Singh Ji eLibrary NamdhariElibrary@gmail.com

ਹਿਤੈਸ਼ੀ ਨੂੰ ਇਜ਼ਤ ਨਾਲ ਵੇਖਿਆ ਜਾਂਦਾ ਹੈ, ਇਸੇ ਤਰ੍ਹਾਂ ਸਿੱਖ ਪੰਥ ਵਿਚ ਜਥੇਬੰਦੀ ਦਾ ਹਾਮੀ ਤੇ ਫੁਟਪਾਊ ਦਾ ਫਰਕ ਸਮਝੋ ।

ਪਰ ਇਸ ਗੱਲ ਦਾ ਸਾਡੇ ਭਰਾਵਾਂ ਨੂੰ ਬਹੁਤ ਘਟ ਪਤਾ ਹੈ ਕਿ ਜਥੇਬੰਦੀ ਕੀ ਹੈ ? ਪਹਿਲਾਂ ਕਿਵੇਂ ਸੀ । ਇਸਦੇ ਅਸੂਲਾਂ ਵਿਚ ਮਗਰੋਂ ਕੀ ਤਬਦੀਲੀ ਹੋਈ । ਹੁਣ ਏਹ ਜਥੇਬੰਦੀ ਕਿੰਨ੍ਹਾਂ ਅਸੂਲਾਂ ਤੇ ਹੋ ਸਕਦੀ ਹੈ ?

ਭੇਖ ਕਰਕੇ ਠੱਗੀ ਕਰਨ ਦੇ ਅਸੂਲਾਂ ਵਿਚ ਮਾਹਰ ਕਈ ਆਦਮੀ ਇਥੇ ਵੀ ਜਥੇਬੰਦੀ ਦਾ ਭੇਖ ਧਾਰਨ ਕਰ ਲੈਂਦੇ ਹਨ ।

ਉਹ ਲੋਕ ਜਥੇਬੰਦੀ ਦੇ ਅਸੂਲਾਂ ਨੂੰ ਆਪ ਲਤਾੜਦੇ ਹੋਏ ਜਥੇਬੰਦੀ ਕੂਕਦੇ ਰਹਿੰਦੇ ਹਨ ਤੇ ਦੂਜਿਆਂ ਉੱਪਰ ਇਲਜ਼ਾਮ ਲਾ ਕੇ ਬਦਨਾਮ ਕਰ ਦੇਂਦੇ ਹਨ । ਕਈ ਆਦਮੀ ਜਥੇਬੰਦੀ ਦੇ ਅਸੂਲਾਂ ਅਨੁਸਰ ਚਲਦੇ ਹਨ ਪਰ ਬਾਹਲਾ ਬੋਲਣ ਤੇ ਰੌਲਾ ਪਾਣ ਦੇ ਉਹ ਆਦੀ ਨਹੀਂ, ਇਸ ਕਰਕੇ ਉਹ ਬਦਨਾਮ ਕੀਤੇ ਜਾਂਦੇ ਹਨ । ਆਮ ਸਿੱਖ ਪਬਲਿਕ ਨੂੰ ਸਿੱਖ ਜਥੇਬੰਦੀ ਦਾ ਇਤਿਹਾਸ ਇਸਦੇ ਅਸੂਲਾਂ ਤੇ ਉਨ੍ਹਾਂ ਦੀ ਵਰਤੋਂ ਦਾ ਪਤਾ ਨਹੀਂ ਜਿਸ ਕਰਕੇ ਜਿਤਨਾ ਵਧ ਜਥੇਬੰਦੀ ਲਈ ਰੌਲਾ ਪਾਇਆ ਜਾਂਦਾ ਹੈ ਉਤਨੀ ਹੀ ......ਫੁਟ ਵਧ ਰਹੀ ਹੈ ਅਤੇ ਸਿੱਖਾਂ ਦਾ ਹਰ ਇਕ ਕੰਮ ਨਿਘਰਦਾ ਜਾਂਦਾ ਦਿਸ ਰਿਹਾ ਹੈ । ਜੇ ਅਸੀਂ ਜਥੇਬੰਦੀ ਦੇ ਨੇਮਾਂ ਨੂੰ ਅਤੇ ਸਿੱਖ ਜਥੇਬੰਦੀ ਦੇ ਇਤਿਹਾਸ ਨੂੰ ਸਮਝ ਲਈਏ ਤਾਂ ਅਸੀਂ ਜਥੇਬੰਦੀ ਦੇ ਨਾਮ ਤੇ ਕਿਸੇ ਤੋਂ ਧੋਖਾ ਨਹੀਂ ਖਾ ਸਕਾਂਗੇ ।

## ਜਥੇਬੰਦੀ ਕੀ ਹੈ ?

ਕਿਸੇ ਸਾਂਝੇ ਧਾਰਮਕ, ਮੁਲਕੀ ਜਾਂ ਭਾਈਚਾਰਕ ਆਦਰਸ਼ ਤੇ ਰਲ ਕੇ ਪਹੁੰਚਣ ਦਾ ਨਾਮ ਜਥੇਬੰਦੀ ਹੈ । ਰਲ ਕੇ ਚਲਣ ਵਾਲੇ ਸਾਰੇ ਬੰਦੇ ਇਕੋ ਉਮਰ, ਇਕੋ ਸਮਝ ਇਕੋ ਬਲ ਤੇ ਇਕ ਹਾਲਤ ਵਾਲੇ ਨਹੀਂ ਹੁੰਦੇ ਪਰ ਜਿਸ ਤਰ੍ਹਾਂ ਤੀਰਥ-ਯਾਤਰਾ ਦੇ ਸੰਗ ਜਾਂ ਵਿਆਹਾਂ ਦੀਆਂ ਜੰਞਾਂ ਦੇ ਆਦਮੀ ਰਲ ਕੇ ਜਾਣ ਸਮੇਂ ਇਕ ਦੂਜੇ ਦੀ ਖ਼ਾਤਰ ਕੁਰਬਾਨੀਆਂ ਕਰਦੇ ਹਨ, ਆਪਣੇ ਸਾਮ੍ਹਣੇ ਰਖੇ ਆਦਰਸ਼ ਤੇ ਪਹੁੰਚਣ ਲਈ ਵਡੇ ਆਦਮੀ ਬਚਿਆਂ ਲਈ ਤੇ ਤਾਕਤਵਰ ਬਿਰਧਾਂ ਲਈ ਕੁਰਬਾਨੀਆਂ ਕਰਦੇ ਹਨ ਤੇ ਇਕੱਠੇ ਤੋੜ ਪਹੁੰਚਦੇ ਹਨ, ਇਸੇ ਤਰ੍ਹਾਂ ਵਡੇ ਧਾਰਮਕ, ਮੁਲਕੀ ਤੇ ਭਾਈਚਾਰਕ ਆਦਰਸ਼ਾਂ ਦੀ ਖ਼ਾਤਰ ਆਪਣੇ ਅਸੂਲਾਂ ਤੇ ਕਾਇਮ ਰਹਿੰਦਿਆਂ ਹੋਇਆਂ ਦੂਜਿਆਂ ਦੀਆਂ ਕਈ ਗੱਲਾਂ ਮੰਨਣੀਆਂ ਪੈਂਦੀਆਂ ਹਨ ਤੇ ਆਪਣੀਆਂ ਕਈ ਢਿੱਲੀਆਂ ਕਰਨੀਆਂ ਪੈਂਦੀਆਂ ਹਨ, ਤਾਂ ਹੀ ਜਥੇਬੰਦੀ ਚਲ ਸਕਦੀ ਹੈ । ਕਿਸਦੀ ਗੱਲ ਮੰਨੀ

Sri Satguru Jagjit Singh Ji eLibrary NamdhariElibrary@gmail.com

ਜਾਵੇ ਕਿਸਦੀ ਨਾ ਮੰਨੀ ਜਾਵੇ ? ਰੌਲੇ ਨੂੰ ਨਜਿੱਠਣ ਲਈ ਜਥੇਬੰਦੀ ਦੀ ਪਹਿਲੀ ਅਵਸਥਾ ਸ਼ਖਸੀ ਰਾਜ ਵਰਗੀ ਹੁੰਦੀ ਹੈ । ਇਕ ਸਿਰ-ਕੱਢ ਆਦਮੀ ਮੁਖੀ ਬਣ ਜਾਂਦਾ ਹੈ ਤੇ ਉਸ ਦੇ ਹੁਕਮ ਅੰਦਰ ਸਭ ਚਲਦੇ ਹਨ ।

ਜਦ ਸਮਝ ਵਧ ਜਾਵੇ, ਲੋਕੀਂ ਆਪਣੀਆਂ ਸਾਂਝੀਆਂ ਲੋੜਾਂ ਤੇ ਜ਼ਿੰਮੇਵਾਰੀਆਂ ਅਨੁਭਵ ਕਰਨ ਲਗ ਪੈਣ, ਉਨ੍ਹਾਂ ਨੂੰ ਦੂਜੇ ਦੀ ਰਾਇ ਦੀ ਕਦਰ ਕਰਨੀ ਆ ਜਾਵੇ ਤਾਂ ਜਥੇਬੰਦੀ ਦੀ ਦੂਜੀ ਅਵਸਥਾ ਪੰਚਾਇਤੀ ਰਾਜ ਦੀ ਆ ਜਾਂਦੀ ਹੈ । ਇਸ ਦੇ ਕਈ ਦਰਜੇ ਤੇ ਕਈ ਅਵਸਥਾ ਹਨ । ਪੰਚਾਇਤੀ ਪ੍ਰਬੰਧ ਦੀ ਅਵਸਥਾ ਵਿਚ ਖਾਸ ਖਾਸ ਹਾਲਤਾਂ ਵਿਚ ਖਾਸ ਖਾਸ ਸ਼ਰਤਾਂ ਨਾਲ ਮਰਦਾਂ ਤੇ ਇਸਤ੍ਰੀਆਂ ਨੂੰ ਰਾਇ ਦੇਣ ਦਾ ਹੱਕ ਮਿਲ ਜਾਂਦਾ ਹੈ ਤੇ ਉਹ ਆਪਣੇ ਪ੍ਰਤੀਨਿਧ ਚੁਣ ਕੇ ਕਮੇਟੀਆਂ ਬਣਾਂਦੇ ਹਨ ਤੇ ਉਹ ਕਮੇਟੀਆਂ ਕਾਇਦੇ ਕਾਨੂੰਨ ਬਣਾ ਕੇ ਪ੍ਰਬੰਧ ਚਲਾਂਦੀਆਂ ਹਨ । ਪਰ ਇਹ ਜਥੇਬੰਦੀਆਂ ਓਦੋਂ ਤੀਕਣ ਹੀ ਸਫਲਤਾ ਨਾਲ ਚਲਦੀਆਂ ਹਨ ਜਦੋਂ ਤੀਕਣ ਇਨ੍ਹਾਂ ਵਿਚ ਕੌਮੀ ਜਾਂ ਮੁਲਕੀ ਭਲਾਈ ਦਾ ਕੋਈ ਖਿਆਲ ਸਭ ਤੋਂ ਉਚਾ ਰਹੇ ਤੇ ਉਹੀ ਖਿਆਲ ਲੋਕਾਂ ਦੇ ਹਿਰਦਿਆਂ ਨੂੰ ਹਰਕਤ ਦੇਣ ਵਾਲਾ ਬਣਿਆ ਰਹੇ । ਜਦੋਂ ਕੌਮੀ ਤੇ ਮੁਲਕੀ ਲਾਭ ਦੀ ਥਾਂ ਜਾਤੀ ਲਾਭ ਪ੍ਰਧਾਨ ਬਣ ਜਾਣ ਤਾਂ ਭਾਵੇਂ ਕਿੱਡੀ ਤਕੜੀ ਜਥੇਬੰਦੀ ਹੋਵੇ, ਤੇ ਉਸਦੇ ਨਿਯਮ ਕਿੰਨੇ ਵੀ ਚੰਗੇ ਕਿਉਂ ਨਾ ਬਣੇ ਹੋਣ, ਉਹ ਟੁਟ ਜਾਂਦੀ ਹੈ ਤੇ ਕੌਮ ਦੀ ਤਬਾਹੀ ਹੋ ਜਾਂਦੀ ਹੈ ।

## ਸਿੱਖ ਜਥੇਬੰਦੀ

### ਪਹਿਲੀ ਅਵਸਥਾ

ਸਿੱਖ ਜਥੇਬੰਦੀ ਗੁਰੂ ਸਾਹਿਬਾਂ ਦੇ ਵੇਲੇ ਤੋਂ ਆਰੰਭ ਹੁੰਦੀ ਹੈ । ਨੌਵੇਂ ਗੁਰੂ ਜੀ ਦੇ ਸਮੇਂ ਤਕ ਸਿੱਖ ਜਥੇਬੰਦੀ ਦਾ ਧੁਰਾ ਗੁਰੂ ਮਹਾਰਾਜ ਦਾ ਹੁਕਮ ਸੀ । ਗੁਰੂ ਮਹਾਰਾਜ ਦਾ ਹੁਕਮ ਮੰਨਣਾ ਹੀ ਪੰਥਕ ਭਲਾਈ, ਧਰਮ, ਤੇ ਦੇਸ਼ ਭਲਾਈ ਸੀ । ਗੁਰੂ ਜੀ ਦੇ ਹੁਕਮ ਤੋਂ ਬਾਹਰ ਹੋ ਜਾਣਾ ਗਦਾਰੀ ਸਮਝੀ ਜਾਂਦੀ ਸੀ । ਗੁਰੂ ਮਹਾਰਾਜ ਜਾਣਦੇ ਸਨ ਕਿ ਸੰਗਤਾਂ ਨੂੰ ਕਿਸ ਅਵਸਥਾ ਤੇ ਪੁਚਾਣਾ ਹੈ । ਉਨ੍ਹਾਂ ਨੂੰ ਸ਼ਖਸੀ ਰਾਜਾਂ ਦੀਆਂ ਖ਼ਰਾਬੀਆਂ ਵੀ ਪਤਾ ਸਨ ਇਸ ਲਈ ਸੰਗਤ ਵਿਚ ਜ਼ਿੰਮੇਵਾਰੀ ਪੈਦਾ ਕਰਕੇ ਪੰਚਾਇਤੀ ਧਾਰਮਕ ਰਾਜ ਦੇ ਅਸੂਲਾਂ ਤੇ ਚਲਣ ਲਈ ਉਸਨੂੰ ਤਿਆਰ ਕਰਦੇ ਰਹਿੰਦੇ ਸਨ । "ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ" ਦਾ ਉਪਦੇਸ਼ ਕਈ ਸਾਖੀਆਂ ਦੇ ਰਾਹੀਂ ਦ੍ਰਿੜਾਇਆ ਗਿਆ । ਨੌਵੇਂ ਗੁਰੂ ਸਾਹਿਬ ਦੇ ਅੰਤ ਤਕ ਸਿੱਖ ਜਥੇਬੰਦੀ ਦੀ ਪਹਿਲੀ ਅਵਸਥਾ ਹੀ ਰਹੀ ਤੇ ਹਰ ਹਾਲਤ ਵਿਚ ਗੁਰੂ ਜੀ ਦਾ ਹੁਕਮ ਹੀ ਸਿੱਖ ਲਈ ਮੰਨਣ ਦਾ ਨੇਮ ਬਣਿਆ ਰਿਹਾ । ਗੁਰੂ ਜੀ ਦੇ ਹੁਕਮ ਸੇਵਾ,

Sri Satguru Jagjit Singh Ji eLibrary NamdhariElibrary@gmail.com

ਪਰਉਪਕਾਰ ਤੇ ਪ੍ਰਾਣੀ ਮਾਤਰ ਦਾ ਭਲਾ ਹੀ ਸਿਖਾਂਦੇ ਸਨ, ਸੋ ਸੰਗਤ ਵਿਚ ਇਹ ਗੁਣ ਆਉਂਦੇ ਗਏ ਤੇ ਦੂਜੀ ਅਵਸਥਾ ਲਈ ਪੂਰੀ ਤਿਆਰੀ ਹੁੰਦੀ ਗਈ।

## ਦੂਜੀ ਅਵਸਥਾ

### ਪੰਜ ਪਿਆਰੇ :

ਦਸਮੇਂ ਪਾਤਸ਼ਾਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਦੂਜੇ ਦੀ ਖਾਤਰ ਕੁਰਬਾਨੀ ਦੇ ਜਜ਼ਬੇ ਬਗ਼ੈਰ, ਪੰਚਾਇਤੀ ਅਸੂਲਾਂ ਦੀ ਜਥੇਬੰਦੀ ਨਹੀਂ ਚਲ ਸਕਦੀ, ਸੋ ਉਨ੍ਹਾਂ ਨੇ ਚੋਟੀ ਦੀ ਕੁਰਬਾਨੀ ਸੀਸ ਭੇਟ ਲੈਕੇ ਪੰਜ ਪਿਆਰੇ ਸਾਜੇ। ਪੰਚਾਇਤੀ ਧਰਮਰਾਜ ਅਸਥਾਪਨ ਕਰ ਦਿਤਾ। ਜਥੇਬੰਦੀ ਦੇ ਪ੍ਰਗਟ ਨਿਸ਼ਾਨ ਕੇਸ ਆਦਿ ਪੰਜ ਕਕਾਰ ਤੇ ਅੰਮ੍ਰਿਤ ਬਣੇ ਅਤੇ ਇਸਦਾ ਇਕਦਮ ਨਿਸ਼ਾਨਾ ਜ਼ੁਲਮ ਰਾਜ ਤੋਂ ਦੇਸ਼ ਨੂੰ ਛੁਡਾਣਾ ਕਾਇਮ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁਤੀ ਕੁਰਬਾਨੀ, ਅਸਚਰਜ ਸ਼ਕਤੀ ਤੇ ਚੁੰਬਕ ਵਰਗੀ ਪ੍ਰੇਮ ਖਿਚ ਨੇ ਹਜ਼ਾਰਾਂ ਤੇ ਲੱਖਾਂ ਪ੍ਰਾਣੀਆਂ ਨੂੰ ਖਿਚ ਲਿਆਂਦਾ। ਗੁਰੂ ਜੀ ਨੇ ਮੁਰਦੇ ਦਿਲਾਂ ਵਿਚ ਇਹ ਧੜਕਣ ਪੈਦਾ ਕਰ ਦਿਤੀ ਕਿ ਅਨਿਆਈ ਰਾਜ ਨੂੰ ਖ਼ਤਮ ਕਰੀਏ ਜਾਂ ਆਪ ਖ਼ਤਮ ਹੋ ਜਾਈਏ। ਇਸ ਵੇਲੇ ਜਥੇਬੰਦੀ ਦਾ ਨਿਸ਼ਾਨਾ ਇਹੋ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਣ ਦੇ ਸਮੇਂ ਤਕ ਇਹੋ ਰਿਹਾ ਹੈ। ਜਥੇਬੰਦੀ ਲਈ ਜ਼ਰੂਰੀ ਹੈ ਕੋਈ ਨ ਕੋਈ ਸਭ ਨੂੰ ਖਿਚਣ ਵਾਲਾ ਸਾਂਝਾ ਨਿਸ਼ਾਨਾ ਬਣਿਆ ਰਹੇ।

ਬੰਦਾ ਬਹਾਦਰ ਦੇ ਸਮੇਂ ਅਨਿਆਈ ਰਾਜ ਖ਼ਤਮ ਕਰਨ ਦੇ ਨਾਲ ਏਹ ਨਿਸ਼ਾਨਾ ਵੀ ਬਣਾਇਆ ਗਿਆ ਕਿ ਆਪਣਾ ਖ਼ਾਲਸਾ ਰਾਜ ਕਾਇਮ ਕੀਤਾ ਜਾਵੇ। ਸਹਿਜੇ ਸਹਿਜੇ ਜਥੇਬੰਦੀ ਦੀ ਤਾਰ "ਰਾਜ ਕਰੇਗਾ ਖ਼ਾਲਸਾ" ਹੋ ਗਈ। ਸਿੱਖ ਸੈਨਾ ਤਨਖਾਹਦਾਰ ਸਿਪਾਹੀਆਂ ਵਾਂਗ ਹੱਡ-ਰੱਖ ਨਹੀਂ ਸੀ। ਇਸ ਸਮੇਂ ਹਰ ਇਕ ਸਿੱਖ ਸੂਰਬੀਰ ਦੇ ਹਿਰਦੇ ਵਿਚ ਪੰਚਾਇਤੀ ਜਜ਼ਬਾ ਲਹਿਰਾਂ ਮਾਰ ਰਿਹਾ ਸੀ ਤੇ ਉਹ 'ਖ਼ਾਲਸਾ ਰਾਜ' ਜਾਂ ਆਪਣਾ ਪੰਚਇਤੀ ਰਾਜ ਕਾਇਮ ਕਰਨ ਲਈ ਉਛਾਲੇ ਲੈਂਦੇ ਸੀ। ਇਹੋ ਜਜ਼ਬਾ ਸੀ ਜੋ ਉਨ੍ਹਾਂ ਨੂੰ ਛੋਲਿਆਂ ਨੂੰ ਬਦਾਮ, ਸਾਗ ਨੂੰ ਸਬਜ਼-ਪੁਲਾ, ਭੁੱਖ ਨੂੰ ਕੜਾਕੇ ਤੇ ਮਸਤਾਨੇ ਲੰਗਰ ਦਸ ਦਸ ਕੇ ਹਰ ਇਕ ਦੁਖ ਤੇ ਕਸ਼ਟ ਵਿਚ ਖੁਸ਼ ਰਖਦਾ ਸੀ। ਉਸ ਸਮੇਂ ਸਿੱਖ ਜਥੇਬੰਦੀ ਦਾ ਧੁਰਾ ਇਹੋ ਜਜ਼ਬਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਦਾ ਪੈਦਾ ਕੀਤਾ ਹੋਇਆ ਇਹ ਸਾਂਝਾ ਪੰਚਾਇਤੀ ਜਜ਼ਬਾ ਹੀ ਸੀ ਜੋ ਬੰਦੇ ਵਰਗੇ ਮਹਾਂਬਲੀ ਆਗੂਆਂ ਦੇ ਨ ਰਹਿਣ ਦੇ ਬਾਵਜੂਦ ਜੀਉਂਦਾ ਜਾਗਦਾ ਰਿਹਾ ਤੇ ਅੰਤ ਇਸ ਨੇ ਸਚਮੁਚ ਪੰਜਾਬ ਵਿਚ ਪੰਚਾਇਤੀ ਰਾਜ ਦੇ ਨਜ਼ਾਰੇ ਵਿਖਾ ਦਿਤੇ।

Sri Satguru Jagjit Singh Ji eLibrary NamdhariElibrary@gmail.com

ਜੇ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਵਿਚ ਇਹ ਜਜ਼ਬਾ ਪੈਦਾ ਨਾ ਕਰਦੇ ਅਤੇ ਕੋਈ ਰਾਜਾ ਮਹਾਰਾਜਾ ਸ਼ਖਸੀ ਤੌਰ ਤੇ ਤਨਖ਼ਾਹਦਾਰ ਫੌਜਾਂ ਇਕਠੀਆਂ ਕਰਕੇ ਪੰਜਾਬ ਨੂੰ ਆਜ਼ਾਦ ਕਰਨਾ ਚਾਹੁੰਦਾ ਤਾਂ ਕਾਮਯਾਬੀ ਹੋਣੀ ਮੁਮਕਿਨ ਨਹੀਂ ਸੀ ।

**ਫਿਰ ਸ਼ਖਸੀ ਰਾਜ ਹੇਠ**

ਦਸ਼ਮੇਸ਼ ਪਿਤਾ ਜੀ ਦੀ ਪੰਚਾਇਤੀ ਲਹਿਰ ਨੇ ਜਿਤਾਂ ਦਵਾਈਆਂ, ਮੱਲਾਂ ਮੱਲੀਆਂ ਗਈਆਂ, ਹੁਕਮ ਹਾਸਲ ਪ੍ਰਾਪਤ ਹੋ ਗਏ । ਇਸ ਵੇਲੇ ਲੋੜ ਸੀ ਕਿ ਅਜਿਹੇ ਨਿਯਮ ਬਣਾਏ ਜਾਣ ਜਿਨ੍ਹਾਂ ਨਾਲ ਵਖ-ਵਖ ਹੁਕਮ ਹਾਸਲ ਕਰਦਿਆਂ ਵੀ ਵੈਰੀ ਨਾਲ ਟਾਕਰਾ ਕਰਨ ਲਈ ਸਾਂਝਾ ਬਲ ਬਣਿਆ ਰਹੇ । ਦੂਜਾ ਪਰਜਾ ਨੂੰ ਅਨੁਭਵ ਕਰਾਇਆ ਜਾਵੇ ਕਿ ਉਹ ਅਗੇ ਨਾਲੋਂ ਸੁਖੀ ਹੈ ਤੇ ਦੇਸ਼ ਜਾਂ ਇਲਾਕੇ ਦੇ ਪ੍ਰਬੰਧ ਵਿਚ ਉਸ ਦੀ ਅਵਾਜ਼ ਸੁਣੀ ਜਾਂਦੀ ਹੈ । ਪਰ ਇਸ ਸਮੇਂ ਨਾ ਤਾਂ ਪਰਜਾ ਨੂੰ 'ਰਾਜ ਪ੍ਰਬੰਧ' ਵਿਚ ਹਿੱਸਾ ਲੈਣ ਤੇ ਰਾਇ ਦੇਣ ਦੀ ਕੋਈ ਕਦਰ ਤੇ ਸੂਝ ਸੀ, ਨਾ ਹੀ ਹਾਕਮਾਂ ਨੂੰ ਪੰਚਾਇਤੀ ਅਸੂਲਾਂ ਦਾ ਪੂਰਾ ਪੂਰਾ ਪਤਾ ਸੀ । ਸੋ ਹਕੂਮਤ ਨੇ ਲਾਲਚ ਵਧਾਇਆ ਮਾਇਆ ਨੇ ਆਣ ਚਮਤਕਾਰ ਵਿਖਾਏ । ਉਸ ਸਮੇਂ ਕੋਈ ਧਾਰਮਕ, ਕੌਮੀ ਜਾਂ ਪੰਥਕ ਸਾਂਝ ਦਾ ਜਜ਼ਬਾ ਨਾ ਰਿਹਾ ਜੋ ਕਿਸੇ ਸਾਂਝੇ ਲਾਭ ਦੀ ਖ਼ਾਤਰ ਸਭ ਦਾ ਮੇਲ ਬਣਾਈ ਰਖੇ । ਆਪੋ ਵਿਚ ਮਿਸਲਾਂ ਦੀਆਂ ਲੜਾਈਆਂ ਮੱਚੀਆਂ । ਸਮੇਂ ਨੇ ਦਸ ਦਿਤਾ ਕਿ ਹਾਲਾਂ ਉਹ ਹਾਲਾਤ ਤੇ ਸਮਾਨ ਪੈਦਾ ਨਹੀਂ ਹੋਏ ਕਿ ਪੰਚਾਇਤੀ ਸਿੱਖ ਰਾਜ ਦੇਰ ਤਕ ਚਲ ਸਕੇ, ਸੋ ਸਮੇਂ ਦੀ ਲੋੜ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਟੇਜ ਤੇ ਲਿਆਂਦਾ ਤੇ ਇਸ ਨੇ ਥੋੜ੍ਹੇ ਚਿਰ ਵਿਚ ਹੀ ਸਾਰੇ ਪੰਜਾਬ ਵਿਚ ਸ਼ਖਸੀ ਰਾਜ ਦਾ ਝੰਡਾ ਝੁਲਾ ਦਿਤਾ ।

ਦੀਨ ਦੁਨੀਆਂ ਦੇ ਵਾਲੀ ਸਤਿਗੁਰੂ ਜੀ ਦੀ ਸਾਜੀ ਨਿਵਾਜੀ ਸੰਗਤ ਜਿਸਨੂੰ ਕਲਗੀਧਰ ਪਿਤਾ ਨੇ ਅੰਮ੍ਰਿਤ ਦੇ ਛੱਟੇ ਮਾਰ ਕੇ ਪੰਚਾਇਤੀ ਧਰਮ ਰਾਜ ਦੇ ਮੰਡਲ ਵਿਚ ਜਗਾਇਆ ਸੀ, ਹੁਣ ਉਹ ਇਕ ਦੁਨਿਆਵੀ ਰਾਜ ਦੇ ਹੁਕਮ ਹੇਠ ਆ ਗਈ । ਮਹਾਰਾਜਾ ਰਣਜੀਤ ਸਿੰਘ ਇਕ ਅਸਚਰਜ ਤੇ ਜ਼ਬਰਦਸਤ ਹਸਤੀ ਸੀ । ਜਦ ਤਕ ਉਹ ਜੀਉਂਦਾ ਰਿਹਾ ਉਸ ਨੂੰ ਤਕਰੀਬਨ ਹਰ ਮੈਦਾਨ ਫਤਿਹ ਪ੍ਰਾਪਤ ਹੁੰਦੀ ਰਹੀ । ਉਸ ਦਾ ਸਿਤਾਰਾ ਦਿਨੋ ਦਿਨ ਚਮਕਦਾ ਗਿਆ । ਪਰ ਉਸਦੇ ਮਰਨ ਦੇ ਬਾਅਦ ਉਹੀ ਕੁਝ ਹੋਇਆ ਜੋ ਕੁਝ ਆਮ ਤੌਰ ਤੇ ਸ਼ਖਸੀ ਰਾਜਾਂ ਦੇ ਮਗਰੋਂ ਹੋਇਆ ਕਰਦਾ ਹੈ । ਅਰਥਾਤ 10 ਸਾਲ ਦੇ ਅੰਦਰ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ । ਮਹਾਰਾਜੇ ਦੀ 50 ਸਾਲ ਦੀ ਘਾਲ ਦਿਨਾਂ ਵਿਚ ਨਾਸ ਹੋ ਗਈ । ਜੇ ਇਤਨਾ ਚਿਰ ਪੰਚਾਇਤੀ ਰਾਜ ਰਹਿੰਦਾ ਤਾਂ ਹਾਲਤ ਹੋਰ ਹੁੰਦੀ । ਮਹਾਰਾਜਾ ਰਣਜੀਤ ਸਿੰਘ ਦੇ

Sri Satguru Jagjit Singh Ji eLibrary NamdhariElibrary@gmail.com

ਸਮੇਂ ਕੋਈ ਪੰਥਕ ਜਥੇਬੰਦੀ ਨਹੀਂ ਦਿਸਦੀ । ਕੋਈ ਸਾਂਝਾ ਪੰਥਕ ਜਾਂ ਧਾਰਮਕ ਜਜ਼ਬਾ ਚਮਕਦਾ ਨਜ਼ਰ ਨਹੀਂ ਆਉਂਦਾ । ਜਦ ਅੰਗਰੇਜ਼ਾਂ ਨਾਲ ਲੜਾਈ ਕਰਨੀ ਪਈ ਤਾਂ ਹੋਰ ਪੰਜਾਬੀਆ ਤਾਂ ਕੀ ਨਾਲ ਰਲਨਾ ਸੀ ਸਿੱਖ ਵੀ ਪਾਟੇ ਹੋਏ ਸਨ । ਅਫਸਰਾਂ ਨੇ ਧੋਖੇਬਾਜ਼ੀਆਂ ਕਰਕੇ ਫੌਜਾਂ ਨੂੰ ਮਰਵਾਇਆ ਤੇ ਪੰਜਾਬ ਨੂੰ ਆਪ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ । ਇਸ ਸਮੇਂ ਸਿੱਖ ਪੰਥ ਦੀ ਹਾਲਤ ਬਹੁਤ ਖ਼ਰਾਬ ਸੀ । ਸ਼ਖਸੀ ਅਗਵਾਈ ਤਾਂ ਚਰੋਕਣੀ ਮੁਕ ਚੁਕੀ ਸੀ । ਪੰਚਾਇਤੀ ਸਿਸਟਮ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਾਫ਼ ਕਰ ਦਿਤਾ ਸੀ ਤੇ ਆਪ, ਕੁਝ ਚਿਰ ਪੱਕੇ ਪੈਰੀਂ ਚਲਣ ਵਾਲਾ ਕੋਈ ਪ੍ਰਬੰਧ ਨਾ ਕਰ ਗਿਆ । ਗਲ ਕੀ ਅੰਗਰੇਜ਼ੀ ਰਾਜ ਦੇ ਆਉਣ ਸਮੇਂ ਸਿੱਖ ਜਥੇਬੰਦੀ ਇਕ ਵੇਰ ਤਾਂ ਪੂਰੀ ਤਰ੍ਹਾਂ ਖੇਰੂੰ ਖੇਰੂੰ ਹੋ ਚੁਕੀ ਸੀ । ਅਤੇ ਇਹ ਸ਼ਖਸੀ ਰਾਜ ਦਾ ਹੀ ਸਿੱਟਾ ਸਮਝੋ ।

ਜਥੇਬੰਦੀ ਲਈ ਕੋਈ ਅਜਿਹਾ ਸਾਂਝਾ ਜਜ਼ਬਾ ਤੇ ਸਾਂਝਾ ਆਦਰਸ਼ ਹੋਣਾ ਚਾਹੀਦਾ ਹੈ, ਜੋ ਸਭ ਦੇ ਦਿਲਾਂ ਨੂੰ ਖਿੱਚ ਪਾਵੇ ਤੇ ਉਸ ਲਈ ਉਹ ਕੁਰਬਾਨੀ ਕਰਨ । ਚੌਥੇ ਗੁਰੂ ਸਾਹਿਬ ਤਕ ਗੁਰੂ ਜੀ ਦਾ ਹੁਕਮ ਮੰਨ ਕੇ ਸੇਵਾ ਕਰਨੀ ਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਕੇ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਹੀ ਸਭ ਤੋਂ ਪਰਧਾਨ ਜਜ਼ਬਾ ਸੀ । ਪੰਜਵੇਂ ਗੁਰੂ ਜੀ ਨੇ ਸਚ ਉਤੇ ਦ੍ਰਿੜ੍ਹਤਾ ਨਾਲ ਕਾਇਮ ਰਹਿਣਾ, ਅਨਿਆਈ ਹੁਕਮ ਮੰਨਣ ਤੋਂ ਇਨਕਾਰ ਕਰਨ ਤੇ ਸੱਚ ਦੀ ਖ਼ਾਤਰ ਜਾਨ ਕੁਰਬਾਨ ਕਰ ਦੇਣੀ ਅਰਥਾਤ ਸਤਿਆਗ੍ਰਹਿ ਦੀ ਗੁਰੂ ਨੇ ਸੰਥਾ ਦਿਤੀ । ਛੇਵੇਂ ਗੁਰੂ ਤੋਂ ਜ਼ੁਲਮ ਦਾ ਨਾਸ ਕਰਨਾ ਤੇ ਦੀਨ ਦੁਖੀਆਂ ਦੀ ਰਖਿਆ ਕਰਨੀ ਵੀ ਸਿੱਖ ਜਥੇਬੰਦੀ ਦਾ ਪ੍ਰੋਗਰਾਮ ਬਣ ਗਿਆ । ਦਸਮੇਂ ਗੁਰੂ ਜੀ ਦੇ ਸਮੇਂ ਇਸੇ ਜਜ਼ਬੇ ਦੀ ਇਕ ਜ਼ਬਰਦਸਤ ਲਹਿਰ ਹਰ ਇਕ ਸਿੱਖ ਹਿਰਦੇ ਵਿਚ ਚਲ ਪਈ ।

"ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਭਾਰ ਗਨੀਮਨ ਗਾਰੇ ।"

ਸਿੱਖ ਜਥੇਬੰਦੀ ਦਾ ਨਿਸ਼ਾਨਾ ਹੋ ਗਿਆ । ਬੰਦਾ ਬਹਾਦਰ ਦੇ ਸਮੇਂ "ਸਿੱਖ ਰਾਜ" ਦਾ ਜਜ਼ਬਾ ਪੈਦਾ ਹੋ ਗਿਆ ਤੇ ਮਿਸਲਾਂ ਸਮੇਂ "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ" ਹੀ ਕੌਮੀ ਨਾਹਰਾ ਬਣ ਗਿਆ ।

ਮਿਸਲਾਂ ਤੇ ਸਿੱਖ ਰਾਜ ਦਾ ਸਮਾਂ ਗੁਜ਼ਰਿਆ । ਕਈ ਹੇਰ ਫੇਰ ਹੋਏ । ਅੰਗਰੇਜ਼ੀ ਰਾਜ ਆਇਆ । ਇਸ ਨੇ ਸਿੱਖਾਂ ਦੇ ਕੌਮੀ ਜਜ਼ਬੇ ਮਿਟਾਣ ਤੇ ਅੰਗਰੇਜ਼ੀ ਰਾਜ-ਭਗਤੀ ਪੜ੍ਹਾਨ ਵਿਚ ਕੋਈ ਕਸਰ ਨਾ ਛਡੀ । ਅੰਗਰੇਜ਼ੀ ਰਾਜ ਮਿਟਾਣ ਲਈ ਦੋ ਅਸਫਲ ਹੰਭਲੇ ਮਾਰੇ ਗਏ । ਇਕ ਵੇਰ ਸਰਦਾਰ ਸ਼ੇਰ ਸਿੰਘ ਤੇ ਦੂਜੀ ਵੇਰ ਬਾਬਾ ਰਾਮ ਸਿੰਘ ਜੀ ਨੇ ਯਤਨ ਕੀਤਾ ।

Sri Satguru Jagjit Singh Ji eLibrary NamdhariElibrary@gmail.com

### ਗਿਰਾਵਟ ਤੇ ਖੁਸ਼ਾਮਦ ਦਾ ਸਮਾਂ :

ਇਸ ਦੇ ਮਗਰੋਂ ਸਿੱਖ ਰਾਜ ਕਾਇਮ ਕਰਨ ਦਾ ਜਜ਼ਬਾ ਠੰਡਾ ਪੈ ਗਿਆ। ਗਿਰਾਵਟ ਆਉਂਦੀ ਗਈ। ਅੰਗਰੇਜ਼ੀ ਰਾਜ ਦੀ ਪਰਸੰਨਤਾ ਵਿਚ ਹੀ ਲਾਭ ਦਿਸਣ ਲਗਾ। ਵਧ ਵਧ ਕੇ ਖੁਸ਼ਾਮਦ ਹੋਣ ਲਗੀ। "ਟੋਪੀ ਵਾਲੇ ਸਿੱਖ ਨੂੰ ਨੌਵੇਂ ਗੁਰੂ ਜੀ ਨੇ ਆਪ ਸਦਿਆ" ਹਰ ਇਕ ਸਿਖ ਸਮਾਗਮ ਵਿਚ ਇਸ ਉਪਦੇਸ਼ ਨੂੰ ਸੁਣਾਇਆ ਜਾਂਦਾ ਤੇ ਸਿੱਖਾਂ ਨੂੰ ਕੁਰਾਹੇ ਪਾਇਆ ਜਾਂਦਾ। ਸਿੱਖ ਜਥੇਬੰਦੀ ਦਾ ਨਿਸ਼ਾਨਾ ਵੀ ਇਹੋ ਬਣਾਇਆ ਜਾਂਦਾ। ਇਸ ਗਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ 1914 ਈ: ਤਕ ਇਸ ਖੁਸ਼ਾਮਦੀ ਲਹਿਰ ਦਾ ਤਕੜਾ ਜ਼ੋਰ ਰਿਹਾ, ਇਸ ਦੇ ਵਿਰੁਧ ਆਵਾਜ਼ ਉਠਾਣ ਵਾਲਾ ਪਤਿਤ ਤੇ ਸਿੱਖੀਓਂ ਖਾਰਜ ਕਿਹਾ ਜਾਂਦਾ ਰਿਹਾ। ਸਚੇ ਸਿੱਖ ਓਹੀ ਜੋ ਅੰਗਰੇਜ਼ੀ ਰਾਜ ਦੇ ਸੋਹਲੇ ਗਾਵੇ, ਅੰਗਰੇਜ਼ੀ ਰਾਜ ਲਈ ਖੂਨ ਵਹਾਵੇ ਤੇ ਅੰਗਰੇਜ਼ਾਂ ਨੂੰ ਹੋਰ ਮੁਲਕ ਫਤਿਹ ਕਰਕੇ ਦੇਵੇ, ਤੇ ਇਨ੍ਹਾਂ ਦੇ ਗੁਲਾਮ ਬਣਾਵੇ, ਸਿੱਖ ਗੁਰਦੁਆਰੇ, ਸਿੱਖ ਆਸ਼ਰਮ, ਸਿੱਖ ਜਥੇਬੰਦੀਆਂ ਤੇ ਸਿੱਖ ਆਗੂ ਸਭ ਇਸੇ ਲਹਿਰ ਵਿਚ ਰੁੜ੍ਹੇ ਜਾ ਰਹੇ ਸਨ। ਨ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਦੇ ਆਦਰਸ਼ ਚੇਤੇ ਰਹੇ ਸਨ, ਤੇ ਨਾ ਹੀ ਹੋਰ ਮੁਲਕਾਂ ਦੀਆਂ ਲਹਿਰਾਂ ਵਲ ਇਹ ਵੇਖਦੇ ਸਨ।

### ਨਵਾਂ ਜੁਗ

ਜਰਮਨ ਮਹਾਂ ਯੁਧ ਦੇ ਮਗਰੋਂ ਸੰਸਾਰ ਵਿਚ ਨਵਾਂ ਜੁਗ ਆਰੰਭ ਹੁੰਦਾ ਹੈ। ਸਭ ਮੁਲਕਾਂ ਦੇ ਖਿਆਲਾਂ ਵਿਚ, ਮੁਲਕੀ ਪ੍ਰਬੰਧਾਂ ਵਿਚ ਅਤੇ ਮਜ਼ਹਬੀ ਸੰਬੰਧਾਂ ਵਿਚ ਹੇਠਲੀ ਉੱਤੇ ਹੋ ਗਈ। ਸ਼ਖਸੀ ਰਾਜ ਖਤਮ, ਮਜ਼ਹਬੀ ਧੱਕੇ-ਸ਼ਾਹੀਆਂ ਖਤਮ, ਸੰਸਾਰ ਵਿਚ ਹਰ ਇਕ ਦੇਸ਼ ਵਿਚ ਪੰਚਾਇਤੀ ਰਾਜ ਕਾਇਮ ਹੋ ਗਏ। ਕੌਮਾਂਤਰੀ ਸੰਬੰਧਾਂ, ਵਾਪਾਰਕ ਪ੍ਰਬੰਧਾਂ ਤੇ ਭਾਈਚਾਰਕ ਮੇਲ ਮਿਲਾਪਾਂ ਦੇ ਨਿਯਮਾਂ ਵਿਚ ਅਦਲਾ ਬਦਲੀਆਂ ਹੋ ਗਈਆਂ। ਹਿੰਦੁਸਤਾਨ ਵੀ ਇਸ ਨਵੀਂ ਜੁਗ-ਗਰਦੀ ਤੋਂ ਕਿਵੇਂ ਬਚ ਸਕਦਾ ਸੀ। ਹਿੰਦੁਸਤਾਨ ਦੀਆਂ ਸਭ ਕੌਮਾ ਉਪਰ ਵੀ ਇਸ ਦਾ ਅਸਰ ਹੋਇਆ।

ਜਿਹੜੇ ਸਿੱਖ ਪ੍ਰਦੇਸਾਂ ਵਿਚ ਵਪਾਰ ਜਾਂ ਨੌਕਰੀਆਂ ਕਰਨ ਗਏ, ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ, ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮਨੁੱਖ ਦੇ ਕੀ ਅਧਿਕਾਰ ਹਨ। ਸਾਡੇ ਬਜ਼ੁਰਗਾਂ ਨੇ ਸਾਨੂੰ ਕੀ ਸਿਖਾਇਆ ਸੀ ਤੇ ਸਾਨੂੰ ਕਿਵੇਂ ਕੁਰਾਹੇ ਪਾਇਆ ਜਾ ਰਿਹਾ ਹੈ। ਜਦ ਪ੍ਰਦੇਸੀ ਸਿੱਖ ਆਜ਼ਾਦੀ ਦੀ ਰੰਗਣ ਵਿਚ ਰੰਗੀਜ ਕੇ ਵਾਪਸ ਮੁੜੇ ਤਾਂ ਇਨ੍ਹਾਂ ਨੇ ਸਿੱਖ ਪੰਥ ਦੇ ਖਿਆਲਾਂ ਵਿਚ ਵੀ ਹੇਠਲੀ ਉੱਤੇ ਕਰ ਦਿਤੀ। ਖੁਸ਼ਾਮਦੀ ਲਹਿਰ ਦਾ ਖ਼ਾਤਮਾ ਕਰ ਦਿਤਾ। ਇਨ੍ਹਾਂ ਦੇ ਦੇਸ ਵਿਚ ਆਉਣ ਮਗਰੋਂ ਹੀ ਗੁਰਧਾਮਾਂ

Sri Satguru Jagjit Singh Ji eLibrary NamdhariElibrary@gmail.com

ਦੀ ਆਜ਼ਾਦੀ ਦੀ ਲਹਿਰ ਚਲੀ। ਮੁਲਕੀ ਆਜ਼ਾਦੀ ਦੀ ਲਹਿਰ ਚਲੀ, ਅਤੇ ਜਿਵੇਂ ਚਿਰਾਂ ਦਾ ਇਕੱਠਾ ਹੋਇਆ ਮਾਦਾ ਜਵਾਲਾ-ਮੁਖੀ ਪਹਾੜਾਂ ਵਿਚੋਂ ਫੁੱਟ ਨਿਕਲਦਾ ਹੈ ਏਸੇ ਤਰ੍ਹਾਂ ਸਿੱਖਾਂ ਦੇ ਅੰਦਰ ਵੀ ਜੋ ਆਪਣੇ ਉਤੇ ਹੋਈਆਂ ਬੇਇਨਸਾਫੀਆਂ ਤੇ ਅਨਿਆਈਆਂ ਦੇ ਵਿਰੁਧ ਦੁਖ ਭਰਿਆ ਪਿਆ ਸੀ ਉਹ ਫੁਟ ਨਿਕਲਿਆ ਤੇ ਸਿੱਖਾਂ ਨੇ ਖੁਸ਼ਾਮਦ ਤੇ ਰਾਜ ਭਗਤੀ ਦਾ ਬੁਰਕਾ ਫਾੜ ਕੇ ਪਰ੍ਹੇ ਵਗ੍ਹਾ ਮਾਰਿਆ।

ਸਿੱਖ ਇਕ ਅਣਖੀਲੀ, ਜੋਸ਼ੀਲੀ, ਕੁਰਬਾਨੀ ਵਾਲੀ ਤੇ ਤੀਰ ਵਾਂਗ ਸਿੱਧੀ ਵਗਣ ਵਾਲੀ ਕੌਮ ਹੈ, ਪਰ ਇਸ ਦਾ ਇਤਿਹਾਸ ਖਰਾਬ ਕਰਕੇ, ਇਸ ਦੇ ਵਿਚਾਰ ਵਿਗਾੜ ਕੇ ਲਗਾਤਾਰ ਸੱਤਰ ਸਾਲ ਇਸ ਨੂੰ ਭੁਲੇਖਿਆਂ ਵਿੱਚ ਪਾ ਕੇ ਇਸ ਦੇ ਜਥੇਬੰਦੀ ਦੇ ਨਿਯਮਾਂ ਵਿਚ ਬੜੀ ਗੜਬੜ ਪਾ ਦਿੱਤੀ ਗਈ ਹੈ। ਉਹ ਜਾਣਦੇ ਹਨ ਕਿ ਸਿੱਖ ਕੌਮ ਜਥੇਬੰਦ ਹੋ ਕੇ ਜਿਧਰ ਲਗ ਪਈ, ਮਾਰੋ ਮਾਰ ਕਰਦੀ ਵਧਦੀ ਜਾਏਗੀ। ਇਸ ਵਾਸਤੇ ਦੁਸ਼ਮਨਾਂ ਦੀ ਚਾਲ ਇਹ ਹੈ ਕਿ ਸਿੱਖ ਕੌਮ ਜਥੇਬੰਦ ਹੋ ਕੇ ਮੁਲਕੀ ਆਜ਼ਾਦੀ ਦੇ ਕੰਮ ਵਿਚ ਨਾ ਜੁੱਟੇ। ਇਸ ਵਿਚ ਗੜਬੜ ਮੱਚੀ ਰਹੇ ; ਭਾਵੇਂ ਆਪੋ ਵਿਚ ਲੜਣ, ਭਾਵੇਂ ਮਜ਼ਹਬੀ ਤੇ ਜ਼ਾਤੀ ਮਾਮਲਿਆਂ ਕਰਕੇ ਸਰਕਾਰ ਨਾਲ ਮੋਰਚੇ ਲਾਈ ਰੱਖਣ ਪਰ ਕਿਵੇਂ ਜਥੇ-ਬੰਦ ਹੋ ਕੇ ਮੁਲਕੀ ਆਜ਼ਾਦੀ ਦੀ ਲਹਿਰ ਵਿਚ ਨਾ ਜੁਟਣ।

ਇਹ ਸਪਸ਼ਟ ਹੈ ਕਿ ਇਸ ਵੇਲੇ ਮਜ਼ਹਬੀ ਜਹਾਦ ਖਤਮ ਹੋ ਚੁਕੇ ਹਨ। ਹੁਣ ਸਭ ਸੰਸਾਰ ਵਿਚ ਆਜ਼ਾਦੀ, ਭਰਾਤਰੀ ਭਾਵ, ਪ੍ਰਾਣੀ ਮਾਤਰ ਏਕਤਾ, ਵਪਾਰਕ ਖੁਲ੍ਹ, ਤੇ ਕੁਰੀਤੀਆਂ ਕਿਰਸਾਨਾਂ ਦੇ ਉਧਾਰ ਦੀਆਂ ਲਹਿਰਾਂ ਪ੍ਰਧਾਨ ਹਨ। ਪਰ ਮਨੁੱਖ ਨਾਲ ਜੋ ਘਟਨਾ ਬੀਤੀਆਂ ਹੋਣ ਉਹ ਸੰਸਕਾਰ ਬਣੇ ਰਹਿੰਦੇ ਹਨ। ਸਿੱਖ ਕੌਮ ਜਿਨ੍ਹਾਂ ਲਹਿਰਾਂ ਵਿਚੋਂ ਗੁਜ਼ਰੀ ਹੈ, ਉਨ੍ਹਾਂ ਦੇ ਅਸਰ ਇਸ ਦੀ ਬਣਤਰ ਵਿਚ ਮੌਜੂਦ ਹਨ। ਹਿੰਦੁਸਤਾਨ ਵਿਚ ਕੌਮੀ ਜਥੇਬੰਦੀ ਦਾ ਨਜ਼ਾਰਾ ਸਭ ਤੋਂ ਪਹਿਲਾਂ ਸਿੱਖ ਕੌਮ ਨੇ ਹੀ ਦੇਖਿਆ। ਜਥੇਬੰਦੀ ਹੁਣ ਵੀ ਬਹੁ-ਮੁੱਲੀ ਤੇ ਜ਼ਰੂਰੀ ਚੀਜ਼ ਹੈ ਪਰ ਇਸ ਵੇਲੇ ਜਥੇਬੰਦੀ ਦੀ ਪ੍ਰੇਰਕ ਮੁਲਕੀ ਆਜ਼ਾਦੀ ਦੀ ਲਹਿਰ ਹੈ। ਇਸ ਸਮੇਂ ਇਹੋ ਪ੍ਰਧਾਨ ਜਜ਼ਬਾ ਹੈ, ਜੋ ਸਿੱਖ ਜਥੇਬੰਦੀ ਨੂੰ ਕਾਇਮ ਰਖ ਸਕਦਾ ਹੈ; ਪਰ ਵੇਖਣ ਵਿਚ ਆਉਂਦਾ ਹੈ ਕਿ ਸਿੱਖ ਕੌਮ ਨੂੰ ਕਦੀ ਮਜ਼ਹਬ ਦੇ ਨਾਮ ਤੇ, ਕਦੀ ਸਿੱਖ ਰਾਜ ਦੇ ਸੁਫਨੇ ਵਿਖਾ ਕੇ, ਕਦੀ ਹੋਰ ਕੌਮਾਂ ਨਾਲ ਪੁਰਾਣੀਆਂ ਦੁਸ਼ਮਨੀਆਂ ਚੇਤੇ ਕਰਾ ਕੇ, ਕਦੀ ਗੁਆਂਢੀ ਕੌਮਾਂ ਦੇ ਵਤੀਰੇ ਸਬੰਧੀ, ਸ਼ਕ ਤੇ ਗ਼ਲਤ-ਫਹਿਮੀਆਂ ਪੈਦਾ ਕਰਕੇ, ਕਦੀ ਜਥੇਬੰਦੀ ਦੇ ਗ਼ਲਤ ਭਾਵ ਦਸ ਕੇ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣੋਂ ਰੋਕਣ ਦੇ ਯਤਨ ਹੁੰਦੇ ਰਹਿੰਦੇ ਹਨ। ਇਸ ਵਾਸਤੇ ਸਭ ਸਿੱਖ ਸੰਗਤਾਂ ਨੂੰ ਇਹ ਗਲ ਚੰਗੀ ਤਰ੍ਹਾਂ

Sri Satguru Jagjit Singh Ji eLibrary NamdhariElibrary@gmail.com

ਸਮਝ ਲੈਣੀ ਚਾਹੀਦੀ ਹੈ ਕਿ ਸਿੱਖ ਕੌਮ ਹੀ ਹਿੰਦੁਸਤਾਨ ਵਿਚ ਪੰਚਾਇਤੀ ਅਸੂਲਾਂ ਦੇ ਪ੍ਰਚਾਰ ਦੀ ਮੋਢੀ ਸੀ, ਇਸ ਨੇ ਹੀ ਦੇਸ਼ ਦੀ ਆਜ਼ਾਦੀ ਵਿਚ ਅਗੇ ਸਭ ਤੋਂ ਵੱਧ ਹਿੱਸਾ ਲਿਆ ਹੈ ਤੇ ਹੁਣ ਵੀ ਕਿਸੇ ਤੋਂ ਪਿੱਛੇ ਨਹੀਂ ਰਹੇਗੀ ਤੇ ਨਾ ਹੀ ਇਸ ਨੂੰ ਪਿਛੇ ਰਹਿਣਾ ਚਾਹੀਦਾ ਹੈ।

ਇਸ ਵੇਲੇ ਸਿੱਖ ਜਥੇਬੰਦੀ ਨਾ ਤਾਂ ਆਰੰਭਕ ਨਿਯਮ ਇਕੋ ਹੁਕਮ ਮੰਨਣ ਤੋਂ ਹੋ ਸਕਦੀ ਹੈ, ਨਾ ਸਿੱਖ ਰਾਜ ਕਾਇਮ ਕਰਨ ਦੇ ਉਦੇਸ਼ ਤੇ ਹੋ ਸਕਦੀ ਹੈ। ਹੁਣ ਤਾਂ ਜਥੇਬੰਦੀ ਪੰਚਾਇਤੀ ਅਸੂਲਾਂ ਤੇ ਹੋਵੇਗੀ ਜਿਸ ਵਿਚ ਹਰ ਇਕ ਸਜਨ ਨੂੰ ਆਪੋ ਆਪਣੀ ਰਾਇ ਰੱਖਣ ਦਾ ਹੱਕ ਹੋਵੇਗਾ। ਧਰਮ ਸਬੰਧੀ ਜਾਂ ਰਾਜਸੀ ਤੇ ਭਾਈਚਾਰਕ ਮਾਮਲਿਆਂ ਸਬੰਧੀ ਸਾਨੂੰ, ਹਰ ਇਕ ਨੂੰ ਆਪਣੀ ਰਾਇ ਰੱਖਣ ਦੀ ਖੁਲ੍ਹ ਦੇਣੀ ਪਵੇਗੀ। ਸਾਡੇ ਪੁਰਾਣੇ ਨਿਸ਼ਚਿਆਂ ਦੇ ਵਿਰੁਧ ਕੋਈ ਕੰਮ ਕਰੇ ਜਾਂ ਰਾਇ ਦੇਵੇ ਤਾਂ ਸਾਨੂੰ ਸਬਰ ਨਾਲ ਬਰਦਾਸ਼ਤ ਕਰਨਾ ਪਵੇਗਾ।

ਅਸੂਲਾਂ ਉਤੇ ਪਾਰਟੀਆਂ ਬਣਨਗੀਆਂ, ਇਨ੍ਹਾਂ ਪਾਰਟੀਆਂ ਬਣਨ ਤੋਂ ਸਾਨੂੰ ਉੱਕਾ ਨਹੀਂ ਡਰਨਾ ਚਾਹੀਦਾ, ਅਤੇ ਸਭ ਕੌਮਾਂ ਨਾਲ ਪਿਆਰ ਦਾ ਸਬੰਧ ਕਾਇਮ ਰੱਖਣ ਲਈ ਉਨ੍ਹਾਂ ਦੀਆਂ ਕਈ ਗੱਲਾਂ ਸਹਾਰਨੀਆਂ ਪੈਣਗੀਆਂ ਅਤੇ ਮੁਲਕ ਵਿਚ ਸਾਂਝਾ ਪੰਚਾਇਤੀ ਰਾਜ-ਪ੍ਰਬੰਧ ਕਾਇਮ ਕਰਨਾ ਸਾਡਾ ਨਿਸ਼ਚਾ ਹੋਵੇਗਾ। ਆਜ਼ਾਦੀ ਵਿਚ ਹਿੱਸਾ ਲੈਣ ਤੋਂ ਰੋਕ ਪਾਣੀ ਪੰਥ ਨਾਲ ਵੈਰ ਕਮਾਣਾ ਹੋਵੇਗਾ। ਮੌਜੂਦਾ ਜਥੇਬੰਦੀ ਇਨ੍ਹਾਂ ਖਿਆਲਾਂ ਨਾਲ ਹੀ ਬਣ ਸਕੇਗੀ, ਐਵੇਂ ਨਹੀਂ।

(ਸਫਾ 52, 'ਫੁਲਵਾੜੀ' ਜਿਲਦ (7) ਅੰਕ (2) ਮੱਗਰ-ਪੋਹ ਸੰਮਤ, ਜਥੇਬੰਦੀ)

Sri Satguru Jagjit Singh Ji eLibrary NamdhariElibrary@gmail.com

# ਧਾਰਮਕ ਜਥੇਬੰਦੀ ਤੇ ਕੇਂਦਰੀ ਜਥਾ

ਪ੍ਰੋ: ਤੇਜਾ ਸਿੰਘ

ਜਦ ਤੋਂ ਸਿੱਖਾਂ ਦੀ ਜਥੇਬੰਦੀ ਬਣੀ ਹੈ, ਤਦ ਤੋਂ ਹੀ ਇਕ ਕੇਂਦਰੀ ਤਾਕਤ ਬਣੀ ਆਈ ਹੈ, ਥਾਂ ਥਾਂ ਤੇ ਖਿੰਡੀਆਂ ਹੋਈਆਂ ਸੰਗਤਾਂ ਨੂੰ ਚਲਾਂਦੀ ਤੇ ਉਨ੍ਹਾਂ ਤੋਂ ਕੰਮ ਲੈਂਦੀ ਆਈ ਹੈ। ਪਹਿਲੇ ਪਹਿਲ ਇਹ ਵਿਚਕਾਰਲੀ ਤਾਕਤ ਗੁਰੂ ਸਾਹਿਬਾਨ ਦੀ ਆਪਣੀ ਸ਼ਖਸੀਅਤ ਹੁੰਦੀ ਸੀ,ਅਤੇ ਗੁਰੂ ਸਾਹਿਬਾਨ ਇਸ ਤਾਕਤ ਨੂੰ ਆਪਣੇ ਪਾਸ ਜੁੜਦੀ ਸੰਗਤ ਨਾਲ ਰਲਾ ਕੇ ਵਰਤਦੇ ਹਨ। ਹੌਲੀ ਹੌਲੀ ਗੁਰੂ ਜੀ ਸੰਗਤ ਦਾ ਮਾਣ ਵਧਾਂਦੇ ਰਹੇ ਅਤੇ ਅੰਤ ਨੂੰ ਆਪਣੀ ਸ਼ਖਸੀਅਤ ਦਾ ਪੂਰਨ ਨਿਵਾਸ ਪੰਥ ਦੇ ਸਮੁੱਚੇ ਸਰੂਪ ਵਿਚ ਕਰ ਦਿੱਤਾ। ਦਸਮੇਸ਼ ਜੀ ਤੋਂ ਉਪਰੰਤ ਗੁਰਿਆਈ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਖ਼ਾਲਸਾ ਪੰਥ ਨੂੰ ਮਿਲੀ। ਗੁਰੂ ਸਾਹਿਬ ਪਾਸ 'ਜੋਤਿ' ਅਤੇ 'ਜੁਗਤਿ' ਦੋਵੇਂ ਹੀ ਚੀਜ਼ਾਂ ਸਨ, ਜੋ ਕਾਇਆ ਪਲਟਣ ਵੇਲੇ ਇਕ ਗੁਰੂ ਦੂਜੇ ਗੁਰੂ ਸਾਹਿਬ ਨੂੰ ਸੌਂਪ ਦਿੰਦੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਿਛੋਂ 'ਜੋਤਿ' ਦੇ ਮਾਲਕ ਗੁਰੂ ਗ੍ਰੰਥ ਸਾਹਿਬ ਜੀ ਥਾਪੇ ਗਏ ਅਤੇ ਉਨ੍ਹਾਂ ਦੀ ਤਾਬਿਆ ਪੰਥ ਨੂੰ ਗੁਰੂ ਦੀ 'ਜੁਗਤਿ' ਵਰਤਣ ਦਾ ਅਧਿਕਾਰ ਮਿਲਿਆ। ਇਸ 'ਗੁਰੂ ਦੀ ਜੁਗਤਿ' ਦਾ ਦੂਜਾ ਨਾਂ 'ਗੁਰਮਤ' ਹੈ।

ਪੰਥ ਨੂੰ ਇਹ ਤਾਕਤ ਮਿਲਣ ਉਤੇ ਜ਼ਰੂਰੀ ਸੀ ਕਿ ਪੰਥ ਦਾ ਇਕ ਕੇਂਦਰੀ ਜਥਾ ਬਣਦਾ ਜੋ ਥਾਂ ਥਾਂ ਤੇ ਖਿੰਡੀਆ ਹੋਈਆਂ ਸੰਗਤਾਂ ਉਤੇ ਕੁੰਡਾ ਰਖਦਾ ਅਤੇ ਮਤਭੇਦ ਦੀ ਬਿਨਾ ਨੂੰ ਅੱਡ ਅੱਡ ਬਣਨ ਤੋਂ ਰੋਕਦਾ। ਗੁਰੂ ਜੀ ਨੇ ਪੰਥਕ ਜਥੇਬੰਦੀ ਦੇ ਮੋਟੇ ਮੋਟੇ ਅਸੂਲ ਤਿਆਰ ਕਰ ਦਿਤੇ ਸੀ, ਪਰ ਜੰਗ ਜਿਹੇ ਕਈ ਕਾਰਨਾਂ ਕਰਕੇ ਅਜੇ ਉਹ ਅਸੂਲ ਸਾਰੇ ਪੰਥ ਨੇ ਗ੍ਰਹਿਣ ਭੀ ਨਹੀਂ ਕੀਤੇ ਫਿਰ ਤਾਂ ਸਿੱਖਾਂ ਉਤੇ ਅਜਿਹੀ ਭੀੜ ਆ ਬਣੀ ਕਿ ਸਿੱਖ ਜਥੇਬੰਦੀ ਬੇ-ਕਾਨੂੰਨੀ ਕਰਾਰ ਦਿਤੀ ਗਈ ਅਤੇ ਅੰਮ੍ਰਿਤ ਛਕਣਾ ਅਰਥਾਤ ਪੰਥਕ ਜਥੇਬੰਦੀ ਵਿਚ ਦਾਖ਼ਲ ਹੋਣਾ ਹੀ ਮੌਤ ਸਹੇੜਨਾ ਬਣ ਗਿਆ ਅਤੇ ਪੰਥਕ ਜਥੇ ਦੂਰੋਂ ਦੂਰੋਂ ਹੀ ਅਰਦਾਸੇ ਵਿਚ :

'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ।'

ਕਹਿ ਕੇ ਆਪਣੇ ਮਨਾਂ ਨੂੰ ਜੋੜ ਲੈਂਦੇ ਸੀ। ਇਸ ਬਿਨਾਂ ਅੱਡ ਅੱਡ ਜਥਿਆਂ ਨੂੰ ਆਪਸ ਵਿਚ ਜੋੜਨ ਲਈ ਕੋਈ ਪ੍ਰਬੰਧ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਪੰਥ ਦੀਆਂ

Sri Satguru Jagjit Singh Ji eLibrary NamdhariElibrary@gmail.com

ਵਖਰੀਆਂ ਵਖਰੀਆਂ ਸੰਪ੍ਰਦਾਵਾਂ ਬਣੀਆਂ ਅਤੇ ਜੋ ਅਗੇ ਕੇਵਲ ਪਰਚਾਰਕ ਟੋਲੇ ਹੁੰਦੇ ਹਨ । ਉਹ ਆਪਣੇ ਆਪ ਨੂੰ ਫਿਰਕੇ ਆਖਣ ਲਗੇ ।

ਫਿਰ ਜਦ ਪੰਥ ਜੰਗਲੋਂ ਮੁੜਿਆ ਅਤੇ ਮਿਸਲਾਂ ਕਾਇਮ ਹੋਣ ਲਗੀਆਂ ਤਾਂ ਧਾਰਮਕ ਜਥੇਬੰਦੀ ਦੇ ਅਸੂਲ ਪੋਲੀਟੀਕਲ ਜਥੇਬੰਦੀ ਵਿਚ ਵੀ ਵਰਤੀਣ ਲਗੇ । ਇਸ ਵੇਲੇ ਪੰਥ ਦੀ ਕੇਂਦਰੀ ਤਾਕਤ 'ਅਕਾਲ ਤਖ਼ਤ' ਸੀ ਜਿਥੇ ਹਰ ਸਾਲ ਦੀਵਾਲੀ ਵੈਸਾਖੀ ਉਤੇ ਸਾਰਾ ਪੰਥ ਜੁੜਦਾ ਸੀ ਅਤੇ ਪੰਥਕ ਭਲਾਈ ਦੇ ਮਤੇ ਸੋਧਦਾ ਸੀ । ਪੰਥ ਸੁਤੰਤਰ ਹੋਣ ਕਰਕੇ ਧਾਰਮਕ, ਪੁਲੀਟੀਕਲ ਮਾਮਲੇ ਸਾਰੇ ਇਥੇ ਹੀ ਨਜਿੱਠੇ ਜਾਂਦੇ ਸਨ । ਪੰਥ ਦੀਆਂ ਧਾਰਮਕ ਔਕੜਾਂ ਜੋ ਸਥਾਨਕ ਸੰਗਤਾਂ ਹੱਲ ਨਹੀਂ ਕਰ ਸਕਦੀਆਂ ਸਨ, ਉਹ 'ਅਕਾਲ ਤਖ਼ਤ' ਦੇ ਪੰਜ ਪਿਆਰੇ ਨਜਿਠਦੇ ਸਨ ਅਤੇ ਪੁਲੀਟੀਕਲ ਮਾਮਲਿਆਂ ਸੰਬੰਧੀ ਮਿਸਲਾਂ ਦੇ ਸਰਦਾਰ ਆਪਣੇ ਆਪਣੇ ਇਲਾਕੇ ਦੇ ਹਿਮੈਤੀਆਂ ਸਮੇਤ ਅਕਾਲ ਤਖ਼ਤ ਦੇ ਅਗੇ ਹਾਜ਼ਰ ਹੁੰਦੇ ਸਨ ਅਤੇ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਆਪਣੀਆਂ ਸਾਰੀਆਂ ਜ਼ਾਤੀ ਰੰਜਸ਼ਾਂ ਦੂਰ ਕਰਕੇ ਇਕ ਮੁੱਠ ਹੋ ਕੇ ਕੰਮ ਟੋਰਨ ਦੇ ਬਾਨ੍ਹਣੂ ਬੰਨਦੇ ਸਨ । ਸਮਾਗਮ ਵਿਚ ਹਰ ਇਕ ਆਦਮੀ ਬੋਲਣ ਲਈ ਖੜਾ ਨਹੀਂ ਸੀ ਹੋ ਜਾਂਦਾ, ਜਦ ਕਿਸੇ ਨੂੰ ਆਪਣੇ ਵੀਚਾਰ ਪੇਸ਼ ਕਰਨ ਦੀ ਲੋੜ ਪੈਂਦੀ ਸੀ, ਉਹ ਆਪਣੇ ਇਲਾਕੇ ਦੇ ਸਰਦਾਰ ਨੂੰ ਦਸ ਦਿੰਦਾ ਸੀ ਤੇ ਉਹ ਸਰਦਾਰ ਆਪਣੇ ਨਾਲ ਦੇ ਸਰਦਾਰਾਂ ਪਾਸ ਅਰਜ਼ ਕਰ ਦੇਂਦਾ ਸੀ । ਜਦ ਤਕ ਮਿਸਲਾਂ ਨੂੰ ਆਪਣੇ ਬਚਾਉ ਖਾਤਰ ਕਿਸੇ ਗਵਾਂਢੀ ਤਾਕਤ ਨਾਲ ਲੜਨਾ ਪੈਂਦਾ ਸੀ, ਤਦ ਤਕ ਤਾਂ ਆਪਸ ਵਿਚ ਏਕਾ ਬਣਿਆ ਰਿਹਾ, ਪਰ ਜਦ ਆਸ ਪਾਸ ਦੀਆਂ ਤਾਕਤਾਂ ਤੋਂ ਖੈਹੜਾ ਛੁਟਿਆ ਅਤੇ ਆਪਸ ਵਿਚ ਸੁਲਹ ਸਫਾਈ ਨਾਲ ਰਹਿਣ ਦਾ ਮੌਕਾ ਆਇਆ ਤਾਂ ਕੋਈ ਕੇਂਦਰੀ ਤਾਕਤ ਨਾ ਹੋਣ ਕਰਕੇ ਆਪਸ ਵਿਚ ਖੈਹ ਮਖੈਹ ਸ਼ੁਰੂ ਹੋ ਗਈ । ਅੰਤ ਇਕ ਕੇਂਦਰੀ ਤਾਕਤ ਤਾਂ ਆਈ, ਪਰ ਮਿਸਲਾਂ ਦਾ ਖ਼ਾਤਮਾ ਕਰਕੇ ਅਰਥਾਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ । ਇਸ ਦੂਲੇ ਨੇ ਭੀ ਕੋਈ ਕੇਂਦਰੀ ਜਥਾ ਨਾ ਬਣਾਇਆ, ਬਲਕਿ ਜੋ ਪੁਲੀਟੀਕਲ ਮਤੇ ਅਕਾਲ ਤਖ਼ਤ ਉਤੇ ਹੁੰਦੇ ਸਨ ਉਹ ਭੀ ਹਟਾ ਦਿਤੇ । 1809 ਤਕ ਜੋ ਅਹਿਦਨਾਮੇ ਬਾਹਰ ਦੀਆਂ ਤਾਕਤਾਂ ਨਾਲ ਹੁੰਦੇ ਸਨ ਉਹ 'ਸਰਬੱਤ ਖ਼ਾਲਸਾ' ਵਲੋਂ ਹੁੰਦੇ ਸਨ ਅਤੇ ਸ੍ਰੀ ਅਕਾਲ ਤਖ਼ਤ ਉਤੇ ਵੀਚਾਰ ਹੋ ਕੇ ਹੁੰਦੇ ਸਨ । ਪਰ ਇਸ ਤੋਂ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਹ ਕੰਮ ਆਪਣੇ ਹੱਥ ਕਰ ਲਿਆ ਕੇਵਲ ਧਾਰਮਕ ਗੁਰਮਤਾ ਰਹਿਣ ਦਿਤਾ । ਪੰਥ ਵਿਚ ਵਿੱਦਿਆ ਨਾ ਹੋਣ ਕਰਕੇ ਇਸ ਘਾਟੇ ਨੂੰ ਨਾ ਸਮਝਿਆ ਗਿਆ ਅਤੇ ਅੰਤ ਕੁਝ ਨਿਹੰਗਾਂ ਤੋਂ ਬਿਨਾਂ ਕਿਸੇ ਨੂੰ ਜਥੇਬੰਦੀ ਦਾ ਕੁਝ ਪਤਾ ਹੀ ਨਾ ਰਿਹਾ । ਸਿੱਖ ਰਾਜ ਦੇ ਮਗਰੋਂ ਕੇਵਲ ਸਿੰਘ ਸਭਾ ਦੀ ਤਹਿਰੀਕ ਨੇ ਹੀ ਸਾਡੀ ਜਥੇਬੰਦੀ ਨੂੰ ਮੋੜਾ ਪਾਇਆ ਹੈ ਪਰ ਵਿੱਦਿਆ ਦੇ ਘਾਟੇ ਨੇ ਹੁਣ ਤਕ ਏਹਦੀ ਪੂਰੀ ਸੋਝੀ ਨਹੀਂ ਹੋਣ ਦਿਤੀ ।

Sri Satguru Jagjit Singh Ji eLibrary NamdhariElibrary@gmail.com

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦਸਮ ਪਾਤਸ਼ਾਹ ਤੋਂ ਉਪਰੰਤ ਇਹ ਪਹਿਲੀ ਵਾਰ ਹੈ ਕਿ ਅਸੀਂ ਆਪਣੀ ਜਥੇਬੰਦੀ ਦੇ ਨੇਮਾਂ ਨੂੰ ਸੁਰਜੀਤ ਕਰਨ ਲਗੇ ਹਾਂ, ਇਤਨੇ ਚਿਰ ਤਕ ਅਸੀਂ ਕਈਆਂ ਕਾਰਨਾਂ ਕਰਕੇ ਇਸ ਜਥੇਬੰਦੀ ਉਤੇ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕੇ। ਇਸ ਅਰਸੇ ਵਿਚ ਅਸੀਂ ਬਹੁਤ ਸਾਰੇ ਨੇਮ ਭੁੱਲ ਚੁਕੇ ਹਾਂ ਅਤੇ ਜੋ ਕੁਝ ਕਿਧਰੇ ਅੱਧ ਪਚੱਧੇ ਲਿਖੇ ਮਿਲਦੇ ਹਨ, ਉਹ ਇਤਨੇ ਥੋੜ੍ਹੇ ਹਨ ਕਿ ਅਸੀਂ ਕੁਝ ਔਖ ਨਾਲ ਉਨ੍ਹਾਂ ਨੂੰ ਸਮਝ ਕੇ ਵਰਤ ਸਕਦੇ ਹਾਂ। ਫਿਰ ਇਤਨੇ ਮੁਦੇ ਵਿਚ ਮੁਲਕੀ ਹਾਲਾਤ ਇੰਨੇ ਬਦਲ ਗਏ ਹਨ ਕਿ ਕਈ ਨੇਮ ਜੋ ਖ਼ਾਸ ਹਾਲਾਤ ਲਈ ਢੁਕਵੇਂ ਬਣਦੇ ਸਨ, ਹੁਣ ਬੇਲੋੜਵੇਂ ਹੋ ਗਏ ਹਨ, ਅਤੇ ਉਨ੍ਹਾਂ ਉਤੇ ਅਮਲ ਨਹੀਂ ਹੋ ਸਕਦਾ। ਜਿਵੇਂ 'ਤੁਰਕ ਦੀ ਨੌਕਰੀ ਨਹੀਂ ਕਰਨੀ' ਜਾਂ ਟੋਪੀ ਵਾਲੇ ਨੂੰ ਸਲਾਮ ਨਹੀਂ ਕਰਨਾ'। ਇਹ ਭੀ ਯਾਦ ਰਖਣਾ ਚਾਹੀਦਾ ਹੈ ਕਿ ਜਥੇਬੰਦੀ ਦੇ ਨਾਮ ਮੁੜ ਉਘਾੜਨ ਵੇਲੇ ਅਸੀਂ ਵਰਤਮਾਨ ਸਮੇਂ ਨੂੰ ਧਿਆਨ ਵਿਚ ਰੱਖੀਏ। ਇਸ ਦਾ ਇਹ ਭਾਵ ਨਹੀਂ ਕਿ ਅਸੀਂ ਆਪਣੇ ਪੁਰਾਣੇ ਅਸੂਲ ਛੱਡ ਕੇ ਨਵੇਂ ਅਸੂਲਾਂ ਦਾ ਪਿੱਛਾ ਕਰ ਰਹੇ ਹਾਂ। ਨਹੀਂ ਜਿਵੇਂ ਉਤੇ ਦਸ ਆਇਆ ਹਾਂ ਸਾਨੂੰ ਆਪ ਹੁਣ ਤਕ ਕਿਸੇ ਕੇਂਦਰੀ ਜਥੇ ਦੇ ਬਣਾਉਣ ਦਾ ਮੌਕਾ ਘੱਟ ਮਿਲਿਆ ਹੈ ਅਤੇ ਸਾਡੇ ਆਸ ਪਾਸ ਭੀ ਪੂਰਵ ਦੀ ਕਿਸੇ ਕੌਮ ਨੂੰ ਇਸ ਗੱਲ ਦਾ ਕੋਈ ਤਜਰਬਾ ਨਹੀਂ ਰਿਹਾ, ਇਸ ਲਈ ਸਾਨੂੰ ਯੂਰਪ ਦੀਆ ਕੌਮਾਂ ਦੇ ਤਜਰਬੇ ਤੋਂ ਫਾਇਦਾ ਉਠਾਣ ਦੀ ਲੋੜ ਪਈ ਹੈ। ਉਨ੍ਹਾਂ ਤੋਂ ਭੀ ਅਸੀਂ ਉਹੋ ਨੇਮ ਲੈਂਦੇ ਹਾਂ ਜੋ ਸਾਡੀ ਆਪਣੀ ਜਥੇਬੰਦੀ ਦੇ ਢਾਂਚੇ ਵਿਚ ਸਮਾ ਜਾਂਦੇ ਹਨ। ਮਸਲਨ ਧਾਰਮਿਕ ਰਹੁਰੀਤ ਦੇ ਮੁਢਲੇ ਨੇਮਾਂ ਬਾਬਤ ਨਵੇਂ ਫੈਸਲੇ ਕਰਨ ਲਈ ਸਰਬ ਸੰਮਤੀ ਦਾ ਨੇਮ ਵਰਤ ਸਕਦੇ ਹਾਂ ਤਾਂ ਕਿ ਸਾਡੇ ਵਿਚ ਫਿਰਕੇ ਨਾ ਬਣ ਸਕਣ। ਪਰ ਆਮ ਕੰਮ ਕਾਜ ਵਿਚ ਬਹੁ ਸੰਮਤੀ ਵਾਲਾ ਪੱਛਮੀ ਤਰੀਕਾ ਹੀ ਚੰਗਾ ਹੋਵੇਗਾ। ਸਾਡੀ ਜਥੇਬੰਦੀ ਮੁਰਦਾ ਹੁੰਦੀ, ਜੇਕਰ ਮੌਜੂਦਾ ਸਮੇਂ ਦੇ ਤਜਰਬੇ ਤੋਂ ਫਾਇਦਾ ਨਾ ਉਠਾ ਸਕਦੀ।

ਇਸ ਲਈ ਜਦ ਉਨ੍ਹੀਵੀਂ ਸਦੀ ਦੇ ਅੰਤਲੇ ਹਿੱਸੇ ਵਿਚ ਪੱਛਮੀ ਵਿੱਦਿਆ ਦੇ ਅਸਰ ਨਾਲ ਅਸਾਂ ਨੇ ਆਪਣੇ ਪਿਛਲੇ ਇਤਿਹਾਸ ਉਤੇ ਨਜ਼ਰ ਮਾਰੀ ਤਾਂ ਸਾਨੂੰ ਇਕ ਕੇਂਦਰੀ ਤਾਕਤ ਦੇ ਬਣਾਉਣ ਦੀ ਲੋੜ ਸੁਝੀ। ਥਾਉਂ ਥਾਂਈਂ ਸਭਾਵਾਂ ਤੇ ਦੀਵਾਨ ਬਣਨ ਲਗੇ ਅਤੇ ਸਾਰਿਆਂ ਜਥਿਆਂ ਨੂੰ ਇਕ ਲੜੀ ਵਿਚ ਪਰੋਣ ਲਈ ਪਹਿਲੇ ਲਾਹੌਰ ਦੀਵਾਨ ਤੇ ਫਿਰ ਚੀਫ਼ ਖ਼ਾਲਸਾ ਦੀਵਾਨ ਨੇ ਯਤਨ ਕੀਤਾ ਪਰ ਵਿੱਦਿਆ ਦੇ ਘਾਟੇ ਨੇ ਪੰਥ ਨੂੰ ਆਪਣੇ ਹਰ ਇਕ ਅੰਗ ਦੀ ਸੋਝੀ ਨਾਂਹ ਹੋਣ ਦਿਤੀ ਅਤੇ ਸਥਾਨਕ ਖਿੱਚਾ ਖਿੱਚੀ ਨੇ ਕੋਈ ਕੇਂਦਰੀ ਜਥਾ ਮਜ਼ਬੂਤ ਨਾ ਹੋਣ ਦਿਤਾ। ਇਕ ਕੇਂਦਰੀ ਜਥੇ ਦੀ ਥਾਂ ਇਲਾਕੇ ਇਲਾਕੇ ਦੇ ਜਥਿਆਂ ਨੇ ਰੁਚੀ ਖਿਚੀ ਰਖੀ। ਕਾਰਨ ਇਹ ਸੀ ਕਿ

Sri Satguru Jagjit Singh Ji eLibrary NamdhariElibrary@gmail.com

ਪੰਥ ਦੇ ਪੁਰਾਣੇ ਅਸੂਲਾਂ ਦੇ ਮੁਤਾਬਕ ਪੰਥ ਦੀ ਕੇਂਦਰੀ ਤਾਕਤ ਅਕਾਲ ਤਖ਼ਤ ਵਿਚ ਹੋਣੀ ਚਾਹੀਦੀ ਹੈ । ਪਰ ਇਹ ਤਖ਼ਤ ਪੰਥ ਦੇ ਕਬਜ਼ੇ ਵਿਚ ਨਾਂਹ ਹੋਣ ਕਰਕੇ ਕੋਈ ਪੰਥਕ ਤਾਕਤ ਬਣ ਨਹੀਂ ਸੀ ਸਕਦੀ । ਜਦ ਗੁਰਦੁਆਰਾ ਸੁਧਾਰ ਦੀ ਲਹਿਰ ਨਾਲ ਅਕਾਲ ਤਖ਼ਤ ਪੰਥ ਦੇ ਹੱਥ ਆ ਗਿਆ ਤਾਂ ਪੰਥਕ ਜਥੇਬੰਦੀ ਦੇ ਰਾਹ ਵਿਚ ਜੋ ਮੁਦਤਾਂ ਤੋਂ ਆਈ ਹੋਈ ਔਕੜ ਸੀ, ਉਹ ਦੂਰ ਹੋ ਗਈ ਪਰ ਬਾਕੀ ਦੇ ਸਾਰੇ ਗੁਰਦੁਆਰਿਆਂ ਦੇ ਸੁਧਾਰ ਦਾ ਕੰਮ ਆ ਪੈਣ ਕਰਕੇ ਜੋ ਜਥਾ ਬਣਿਆ ਉਹ ਕੇਵਲ ਗੁਰਦੁਆਰਾ ਸੁਧਾਰ ਲਈ ਬਣਿਆ, ਨਾ ਕਿ ਉਹ ਕੇਂਦਰੀ ਜਥਾ ਜਿਹਦੇ ਲਈ ਪੰਥ 200 ਸਾਲ ਤੋਂ ਉਡੀਕ ਰਿਹਾ ਸੀ ਪਰ ਪੰਥ ਦਾ ਸਾਰਾ ਜ਼ੋਰ ਇਸੇ ਜਥੇ ਰਾਹੋਂ ਵਰਤੀਂਦਾ ਰਿਹਾ ਹੈ ਅਤੇ ਚੂੰਕਿ ਪੰਥ ਵਿਚ ਇਕ ਤੋਂ ਵਧੀਕ ਜਥੇ ਕੇਂਦਰੀ ਤਾਕਤ ਹਾਸਲ ਨਹੀਂ ਕਰ ਸਕਦੇ, ਇਸ ਲਈ ਹੌਲੀ ਹੌਲ਼ੀ ਇਸੇ ਜਥੇ ਨੇ ਕੇਂਦਰੀ ਪਦਵੀ ਪ੍ਰਾਪਤ ਕਰ ਲਈ । ਪੰਜ ਸਾਲਾਂ ਦੀ ਘਾਲਣਾ ਤੋਂ ਉਪ੍ਰੰਤ ਇਸੇ ਜਥੇ ਨੇ ਕਾਨੂੰਨੀ ਜਾਮਾ ਪਹਿਨਣਾ ਹੈ । ਸਾਡੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੋਵੇਗਾ ਕਿ ਸਿਖਾਂ ਦੀ ਇਕ ਪੰਥਕ ਕੇਂਦਰੀ ਤਾਕਤ ਦੇਸ਼ ਦੇ ਕਾਨੂੰਨ ਅਨੁਸਾਰ ਬਣੇਗੀ ਅਤੇ ਉਹ ਪੰਥ ਦੀ ਪੂਰੀ ਪ੍ਰਤੀਨਿਧ ਹੁੰਦਿਆਂ ਹੋਇਆਂ ਕੰਮ ਕਰੇਗੀ । ਇਹ ਪਹਿਲੀ ਮਿਸਾਲ ਹੈ ਕਿ ਸੰਸਾਰ ਦੀ ਕਿਸੇ ਕੌਮ ਦੇ ਹਰ ਇਕ ਮਰਦ ਅਤੇ ਤੀਵੀਂ ਨੂੰ ਆਪਣੇ ਧਾਰਮਿਕ ਅਸੂਲਾਂ ਅਤੇ ਧਾਰਮਕ ਅਸਥਾਨਾਂ ਦੀ ਸੰਭਾਲ ਦਾ ਮੌਕਾ ਮਿਲਿਆ ਹੈ । ਈਸਾਈਆਂ ਦੀਆਂ ਆਮ ਸੰਗਤਾਂ ਨੂੰ ਇਹ ਕੋਈ ਅਧਿਕਾਰ ਨਹੀਂ ਕਿ ਆਪਣੇ ਧਾਰਮਕ ਅਸਥਾਨਾਂ ਦੇ ਪ੍ਰਬੰਧ ਜਾਂ ਧਾਰਮਕ ਰਹੁਰੀਤ ਦੀ ਬਨਾਵਟ ਵਿਚ ਹਿਸਾ ਲੈ ਸਕਣ । ਉਨ੍ਹਾਂ ਦੀਆਂ ਤੀਵੀਆਂ ਨੂੰ ਤਾਂ ਧਰਮ ਦੇ ਪ੍ਰਚਾਰ ਜਾਂ ਪ੍ਰਬੰਧ ਵਿਚ ਮੂਲੋਂ ਹੀ ਕੋਈ ਹੱਕ ਨਹੀਂ । ਇਹੋ ਹਾਲ ਮੁਸਲਮਾਨਾਂ ਦਾ ਹੈ, ਹਿੰਦੂਆਂ ਨੂੰ ਭੀ ਇੰਨਾਂ ਗੱਲਾਂ ਦੀ ਸਾਰ ਨਹੀਂ ।

ਇਸ ਨਵੇਂ ਕਾਨੂੰਨ ਅਨੁਸਾਰ ਬਣੇ ਹੋਏ ਜਥੇ ਦੇ ਸਾਹਮਣੇ ਕਈ ਔਕੜਾਂ ਹਨ । ਇਕ ਤਾਂ ਜਿਨ੍ਹਾਂ ਕਸ਼ਟ ਭਰੀਆਂ ਹਾਲਤਾਂ ਵਿਚ ਬਣਨ ਲਗਾ ਹੈ, ਉਹ ਇਹਦੇ ਕਾਮਯਾਬ ਹੋਣ ਵਿਚ ਰੋਕਾਂ ਪਾਂਦੀਆਂ ਹਨ । ਕਿਸੇ ਕੌਮ ਦਾ ਪੰਜ ਛੇ ਸਾਲ ਲਗਾਤਾਰ ਤਕਲੀਫਾਂ ਵਿਚ ਰਹਿਣਾ ਉਸਦੇ ਸੁਭਾ ਉਤੇ ਬੜਾ ਅਸਰ ਰਖਦਾ ਹੈ । ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ । ਉਨ੍ਹਾਂ ਨੂੰ ਉਹ ਕੁਰਬਾਨੀਆਂ ਸਮਝ ਕੇ ਝਲਦੇ ਹਨ, ਤੇ ਉਹ ਉਨ੍ਹਾਂ ਦੇ ਚਾਲ ਚਲਨਾਂ ਨੂੰ ਹੋਰ ਭੀ ਉੱਚਾ ਕਰ ਦਿੰਦੀਆਂ ਹਨ । ਉਨ੍ਹਾਂ ਦੇ ਸੁਭਾ ਹੋਰ ਭੀ ਗੰਭੀਰ ਹੋ ਜਾਂਦੇ ਹਨ ਪਰ ਜੋ ਲੋਕ ਥੋੜ-ਦਿਲੇ ਹੁੰਦੇ ਹਨ ਉਨ੍ਹਾਂ ਨੂੰ ਤਕਲੀਫਾਂ ਹੋਰ ਤਪਾ ਦਿੰਦੀਆਂ ਹਨ ਅਤੇ ਉਨ੍ਹਾਂ ਦਾ ਸੁਭਾ ਚਿੜਚਿੜਾ ਅਤੇ ਗੁਸੀਲਾ ਹੋ ਜਾਂਦਾ ਹੈ । ਇਹ ਤਪੀ ਹੋਈ ਹਾਲਤ ਵਿਚ ਕਿਸੇ ਸੁਲਾਹ ਵਾਲੇ ਕਾਨੂੰਨ ਉਤੇ ਠੰਡੇ ਦਿਲ ਨਾਲ ਵਿਚਾਰ ਕਰਨਾ ਕਠਨ ਹੋ ਜਾਂਦਾ ਹੈ, ਕਿਉਂਕਿ ਮਨ ਸੁਲਾਹ ਵਾਲੀ ਤਾਕਤ ਵਿਚ ਹੀ ਨਹੀਂ ਹੁੰਦਾ ।

Sri Satguru Jagjit Singh Ji eLibrary NamdhariElibrary@gmail.com

ਨਾਲ ਹੀ ਕਈਆਂ ਨੂੰ ਇਹ ਜਥੇ ਦੇ ਸ਼ਰੋਮਣੀ ਮੰਨੇ ਜਾਣ ਵਿਚ ਇਹ ਉਜਾਗਰ ਹੈ ਕਿ ਇਸ ਦੇ ਚੋਣਕਾਰਾਂ ਜਾਂ ਮੈਂਬਰਾਂ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਨਹੀਂ। ਮੈਨੂੰ ਭੀ ਇਹੋ ਗੱਲ ਔਖਾ ਕਰਦੀ ਹੈ ਅਤੇ ਡਰ ਪੈਂਦਾ ਹੈ ਕਿ ਇਕ ਤਾਂ ਸਮੇਂ ਦੀ ਹਵਾ ਹੀ ਏਹੋ ਜਿਹੀ ਵਗ ਰਹੀ ਹੈ ਕਿ ਲੋਕੀਂ ਅੰਮ੍ਰਿਤਧਾਰੀ ਹੋਣ ਜਾਂ ਰਹਿਤ ਬਹਿਤ ਰਖਣ ਤੋਂ ਕੰਨੀ ਕਤਰਾਂਦੇ ਹਨ ਅਤੇ ਦੂਜੀ ਇਹ ਗੱਲ ਕਿ ਜਦ ਸਿੱਖਾਂ ਦੇ ਸਭ ਤੋਂ ਵਡੇ ਆਗੂ ਜਥੇ ਨੇ ਬੇਅੰਮ੍ਰਤੀਏ ਨੂੰ ਸਿੱਖ ਮੰਨ ਲਿਆ ਅਤੇ ਉਸ ਨੂੰ ਧਰਮ ਦੇ ਵਡੇ ਤੋਂ ਵਡੇ ਅਧਿਕਾਰ ਦੇ ਦਿਤੇ ਤਾਂ ਅਗੇ ਲੋਕੀਂ ਅੰਮ੍ਰਿਤ ਕਿਉਂ ਛਕਣਗੇ ? ਇਸ ਔਕੜ ਨੂੰ ਮੁਖ ਰਖ ਕੇ ਇਹ ਵਿਚਾਰ ਦਿਲ ਵਿਚ ਟੁਰਦੀ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਤਾਂ ਇਹੋ ਗੁਰਦੁਆਰਾ ਬੋਰਡ ਰਹੇ, ਪਰ ਸਿੱਖਾਂ ਦਾ ਸ਼ਰੋਮਣੀ ਧਾਰਮਕ ਜਥਾ ਇਕ ਵਖਰਾ ਜਥਾ ਹੋਵੇ ਜਿਸ ਦੇ ਚੁਨਣ ਵਾਲੇ ਅੰਮ੍ਰਿਤਧਾਰੀ ਸਿੱਖ ਹੋਣ ਅਤੇ ਸਾਰੇ ਧਾਰਮਕ ਸਵਾਲਾਂ ਦਾ ਅੰਤਮ ਫੈਸਲਾ ਇਸ ਦੇ ਹਥ ਹੋਵੇ ਪਰ ਇਸ ਤਜਵੀਜ਼ ਵਿਚ ਕਈ ਨੁਕਸ ਹਨ। ਉਹ ਇਹ ਹੈ ਕਿ ਚੂੰਕਿ ਜਿਸ ਜਥੇ ਪਾਸ ਅਕਾਲ ਤਖ਼ਤ ਨਹੀਂ ਹੋਣਾ, ਇਸ ਲਈ ਪੰਥ ਵਿਚ ਇਹ ਸ਼ਰੋਮਣੀ ਨਹੀਂ ਮੰਨਿਆਂ ਜਾਏਗਾ ਅਤੇ ਨਾ ਇਸਦੇ ਫੈਸਲੇ ਉਤਨੇ ਪਰਮਾਣਿਕ ਹੋਣਗੇ ਜਿਤਨੇ ਕਿ ਅਕਾਲ ਤਖ਼ਤ ਦੇ ਹੋਣਗੇ।

('ਫਲਵਾੜੀ' ਜਿਲਦ ਦੂਜੀ ਭਾਗ 1, ਅੰਕ 6 ਵਿਸਾਖੀ ਨੰਬਰ 1943)

Sri Satguru Jagjit Singh Ji eLibrary NamdhariElibrary@gmail.com

# ਪਿਛਲੀ ਸਿੱਖ ਜਥੇਬੰਦੀ ਉੱਤੇ ਇਕ ਨਜ਼ਰ

ਸਰਦੂਲ ਸਿੰਘ ਜੀ 'ਕਵੀਸ਼ਰ'

ਜੇਲ੍ਹ ਤੋਂ ਨਿਕਲਦਿਆਂ ਹੀ ਦਾਸ ਨੇ ਜੋ ਪਹਿਲੀ ਤਕਰੀਰ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਕੀਤੀ ਉਸ ਵਿਚ ਸਭ ਤੋਂ ਜ਼ਰੂਰੀ ਗਲ ਮੈਂ ਇਹੋ ਆਖੀ ਸੀ ਕਿ ਸਿੱਖਾਂ ਨੂੰ ਹੁਣ ਛੇਤੀ ਹੀ ਜਥੇਬੰਦ ਹੋ ਜਾਣਾ ਚਾਹੀਦਾ ਹੈ, ਤਾਂ ਕਿ ਜੋ ਜੋ ਸੱਟ ਸ਼ਰੋਮਣੀ ਕਮੇਟੀ ਦੇ ਪੁਰਾਤਨ ਕਾਇਦਿਆਂ ਦੀ ਤਬਦੀਲੀ ਨਾਲ ਵੱਜਣੀ ਹੈ, ਉਸ ਦਾ ਅਸਰ ਮਾਰਿਆ ਜਾਵੇ । ਮੈਂ ਬੜਾ ਪਰਸੰਨ ਹਾਂ ਕਿ ਖ਼ਾਲਸਾ ਜੀ ਨੇ ਮੇਰੀ ਅਰਜੋਈ ਉੱਤੇ ਪੂਰੀ ਤਵੱਜੋ ਦਿੱਤੀ ਹੈ, ਅਤੇ "ਅਕਾਲੀ" ਤੇ ਹੋਰ ਦੂਸਰੇ ਪੰਥਕ ਅਖ਼ਬਾਰਾਂ ਵਿਚ ਜਥੇਬੰਦੀ ਉਤੇ ਖ਼ੂਬ ਸੋਚ ਵਿਚਾਰ ਵਾਲੇ ਮਜ਼ਮੂਨ ਨਿਕਲੇ ਹਨ ।

ਜਰਮਨ ਵਾਲਿਆਂ ਨੇ ਜਦ ਸਾਰੀ ਦੁਨੀਆਂ ਦਾ ਮੁਕਾਬਲਾ ਅਰੰਭਿਆ ਸੀ ਤਾਂ ਉਨ੍ਹਾਂ ਨੇ ਏਹ ਕੰਮ ਸਿਰਫ ਹੌਂਸਲੇ ਉਤੇ ਕੀਤਾ ਸੀ । ਉਹ ਹੌਂਸਲਾ ਇਸ ਗੱਲ ਦਾ ਸੀ ਕਿ ਜਥੇਬੰਦੀ ਵਿਚ ਉਹ ਦੁਨੀਆਂ ਦੀਆਂ ਸਾਰੀਆਂ ਕੌਮਾਂ ਨਾਲੋਂ ਬਾਹਲੇ ਹੁਸ਼ਿਆਰ ਅਤੇ ਤਿਆਰ ਸਨ । ਉਹਨਾਂ ਦਾ ਇਹ ਖਿਆਲ ਸੱਚ ਵੀ ਨਿਕਲਿਆ, ਜਦ ਤਕ ਉਨ੍ਹਾਂ ਦੀ ਜਥੇਬੰਦੀ ਮਜ਼ਬੂਤ ਰਹੀ ਤੇ ਉਹ ਇਕ ਲੜੀ ਵਿਚ ਪਰੋਤੇ ਰਹੇ, ਤਦ ਤਕ ਭਾਵੇਂ ਸਾਰੀ ਦੁਨੀਆਂ ਉਨ੍ਹਾਂ ਦੀ ਵਿਰੋਧੀ ਬਣੀ ਰਹੀ, ਉਹਨਾਂ ਨੇ ਕਿਸੇ ਦੀ ਪੇਸ਼ ਨਾ ਜਾਣ ਦਿਤੀ । ਪਰ ਜਦੋਂ ਉਹ ਆਪਸ ਵਿਚ ਲੜ ਪਏ, ਉਨ੍ਹਾਂ ਦੇ ਦੁਸ਼ਮਨ ਚੰਗੀ ਤਰ੍ਹਾਂ ਆਪਣੇ ਆਪ ਨੂੰ ਇਕੱਠਾ ਕਰ ਸਕੇ ਤੇ ਇਕ ਲੜੀ ਵਿਚ ਪਰੋਤੇ ਗਏ ਤਾਂ ਫੇਰ ਜਰਮਨ ਹਾਰ ਗਿਆ ਅਤੇ ਫਰਾਂਸੀਸੀ ਤੇ ਅੰਗਰੇਜ਼ ਜਿੱਤ ਗਏ । ਕੋਈ ਕੌਮ ਭੀ ਭਾਵੇਂ ਉਹ ਕਿੱਡੀ ਧਨਾਢ ਤੇ ਸਿਆਣੀ ਹੋਵੇ, ਜਦ ਤਕ ਉਸਦੀ ਜਥੇਬੰਦੀ ਮਜ਼ਬੂਤ ਨਾ ਹੋਵੇ, ਚੰਗੀ ਤਰ੍ਹਾਂ ਦੁਨੀਆਂ ਵਿਚ ਤਰੱਕੀ ਨਹੀਂ ਕਰ ਸਕਦੀ ।

ਪਰ ਏਹਨਾਂ ਵਿਚਾਰਾਂ ਤੋਂ ਫਾਇਦਾ ਤਦੇ ਹੀ ਹੋਵੇਗਾ ਜੇ ਸਹੀ ਅਸੂਲਾਂ ਨੂੰ ਸਮਝ ਕੇ ਸਿਧੇ ਰਸਤੇ ਉਪਰ ਤੁਰਿਆ ਜਾਵੇ, ਬਿਨਾਂ ਸਮਝ ਦੇ ਜੇ ਅਸੀਂ ਹਨੇਰੇ ਵਿਚ ਹੱਥ ਪੈਰ ਮਾਰਦੇ ਰਹੇ ਤਾਂ ਨਤੀਜਾ ਚੰਗਾ ਨਹੀਂ ਨਿਕਲ ਸਕਦਾ । ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖਾਂ ਵਿਚ ਇਕ ਖਾਸ ਜੋਸ਼ ਭਰ ਦਿਤਾ ਹੈ । ਸਮਝ ਵਾਲਿਆਂ ਦਾ ਫਰਜ਼ ਹੈ ਕਿ ਇਸ ਜੋਸ਼ ਤੇ ਪੂਰਾ ਕੌਮੀ ਫੈਦਾ ਉਠਾਣ ਅਤੇ ਉਹ ਕਾਢ ਕਢਣ

Sri Satguru Jagjit Singh Ji eLibrary NamdhariElibrary@gmail.com

ਜਿਸ ਨਾਲ ਕੌਮ ਸਦਾ ਤਿਆਰ ਬਰ ਤਿਆਰ ਰਹਿ ਕੇ ਆਪਣੇ ਪਰਗਟ ਹੋਣ ਦਾ ਮੰਤਵ ਪੂਰਾ ਕਰ ਸਕੇ।

ਸਿੱਖਾਂ ਵਿਚ ਜਥੇਬੰਦੀ ਦਾ ਖਿਆਲ ਕੋਈ ਨਵੀਂ ਗੱਲ ਨਹੀਂ, ਇਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਆਪ ਆਪਣੇ ਹਸਤ ਕਮਲਾਂ ਨਾਲ ਉਦੋਂ ਹੀ ਰੱਖ ਦਿਤੀ ਸੀ ਜਦ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਇਕ ਨਵੇਂ ਪੰਥ ਦੀ ਤਿਆਰੀ ਦਾ ਹੁਕਮ ਦਿਤਾ, ਤੇ ਗੁਰੂ ਅੰਗਦ ਸਾਹਿਬ ਦੇ ਪਵਿਤਰ ਜੀਵਨ ਵਿਚ ਸਾਰੇ ਨਿਰੰਕਾਰੀਆਂ ਨੂੰ ਇਕ ਥਾਂ ਜੋੜ ਦਿਤਾ। ਏਹ ਉਸਾਰੀ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਨੇ ਆਪਣੇ ਆਪਣੇ ਸਮੇਂ ਅਨੁਸਾਰ ਜਾਰੀ ਰਖੀ, ਪਰ ਇਸ ਦੀ ਇਮਾਰਤ ਗੁਰੂ ਅਰਜਨ ਸਾਹਿਬ ਵੇਲੇ ਮੁਕੰਮਲ ਹੋਈ, ਜਦ ਝੰਡੇ, ਬੁੰਗੇ, ਮਸੰਦ ਤੇ ਮੰਜੀਆਂ ਕੈਮ ਹੋਈਆਂ। ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਕੇ ਪੂਰਣ ਹੋਈ ਅਤੇ ਦੂਸਰੇ ਪਾਸੇ ਮਸੰਦਾਂ ਕਾਇਮ ਕਰਕੇ ਸਿੱਖਾਂ ਨੂੰ ਇਕ ਸਿਲਸਿਲੇ ਵਿਚ ਜੋੜ ਦਿਤਾ ਗਿਆ। ਛੇਵੇਂ ਪਾਤਸ਼ਾਹ ਜੀ ਨੇ ਮੀਰੀ ਪੀਰੀ ਦੀਆਂ ਤਲਵਾਰਾਂ ਗਾਤਰੇ ਸਜਾਈਆਂ ਅਤੇ ਅਕਾਲ ਤਖਤ ਕੈਮ ਕਰਕੇ ਮੁਗਲਾਨੀ ਹਕੂਮਤ ਦੇ ਅੰਦਰ ਆਪਣੀ ਵੱਖਰੀ ਹਕੂਮਤ ਕੈਮ ਕਰ ਲਈ ਅਤੇ ਖ਼ਾਲਸੇ ਨੂੰ ਹਾਕਮਾਂ ਦੀਆਂ ਜ਼ੰਜੀਰਾਂ ਤੋਂ ਬਿਲਕੁਲ ਆਜ਼ਾਦ ਕਰਕੇ ਸਿੱਖਾਂ ਦਾ ਦਿਲੀ ਦੇ ਤਖਤ ਨਾਲੋਂ ਹਾਕਮ ਤੇ ਪਰਜਾ ਵਾਲਾ ਨਾਤਾ ਤੋੜ ਦਿਤਾ। ਆਖ਼ਰ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਟੋਰੀ ਕੁਰਬਾਨੀ ਦੀ ਰੀਤ ਉਤੇ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਤੇ ਮਨੁੱਖੀ ਅਧਿਕਾਰਾਂ ਖਾਤਰ ਆਪਣਾ ਸੀਸ ਵਾਰਿਆ। ਪਹਿਲੇ ਗੁਰੂ ਸਾਹਿਬਾਨ ਦੀ ਲਾਈ ਬਾੜੀ ਦੀ ਸੰਭਾਲ ਕੀਤੀ। ਉਸੇ ਦੀ ਹਿਫ਼ਾਜ਼ਤ ਵਾਸਤੇ ਮੀਰੀ ਪੀਰੀ ਦੀ ਵਰਤੋਂ ਸਿੱਖ ਧਰਮ ਦਾ ਅੰਗ ਬਣ ਗਈ। ਗੁਰੂ ਅਰਜਨ ਦੇਵ ਜੀ ਨੇ ਜੀਵਨ ਦਾਨ ਦਿਤਾ। ਗੁਰੂ ਹਰਿਗੋਬਿੰਦ ਜੀ ਨੇ ਜਥੇਬੰਦਕ ਸ਼ਕਤੀ ਬਣਾਈ ਰਖਣ ਲਈ ਖੜ੍ਹਗ ਉਠਾਇਆ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਲਹੂ ਦੀ ਚਾਦਰ ਨਾਲ ਭਾਰਤ ਦੀ ਇੱਜ਼ਤ ਨੂੰ ਢਕਿਆ। ਆਪਣੇ ਪੂਰੇ ਜੋਬਨ ਵਿਚ ਅਨੰਦਪੁਰੀ ਦੀ ਸ਼ਾਨ ਪੂਰੀ ਤਰ੍ਹਾਂ ਝਿਲਮਿਲ ਕਰਨ ਲੱਗੀ।

ਕਲਗੀਆਂ ਵਾਲੇ ਨੇ ਸ੍ਰੀ ਅਨੰਦਪੁਰ ਵਿਚ ਐਸੀ ਸਾਂਝੀ ਹਕੂਮਤ (Common Wealth) ਕ਼ਾਇਮ ਕੀਤੀ ਜਿਸ ਦੇ ਸੁਪਨੇ ਅੱਜ ਕੋਈ ਕੋਈ ਰੱਬ ਦਾ ਨੇਕ ਬੰਦਾ ਦੇਖ ਰਿਹਾ ਹੈ, ਪਰ ਜੇਹੜੀ ਅਜੇ ਸੱਚ ਦੀ ਸੂਰਤ ਵਿਚ ਕਾਇਮ ਨਹੀਂ ਹੋਈ ਤੇ ਜਿਸ ਦੇ ਕਾਇਮ ਹੋਣ ਦੀ ਉਮੀਦ ਅਜੇ ਦੂਰ ਨਜ਼ਰ ਆਉਂਦੀ ਹੈ। ਖ਼ਾਲਸੇ ਜੀ ਦਾ ਪਾਤਸ਼ਾਹ ਜਿਥੇ ਗੁਰੂ ਸੀ ਉਥੇ ਨਾਲ ਹੀ ਚੇਲੇ ਦਾ ਆਦਰਸ਼ ਵੀ ਦਿਖਾਂਦਾ ਸੀ ਤੇ ਗਲਤੀ ਵੇਲੇ ਹੱਥ ਜੋੜ ਕੇ ਤਨਖਾਹ ਭਰਦਾ ਸੀ। ਹਰ ਇਕ ਦੀ ਕਮਾਈ ਖ਼ਾਲਸੇ ਦੀ

Sri Satguru Jagjit Singh Ji eLibrary NamdhariElibrary@gmail.com

ਕਮਾਈ ਸੀ ਤੇ ਹਰ ਸਿੱਖ ਕੀ ਵੱਡਾ ਕੀ ਛੋਟਾ, ਗੁਰੂ ਕੇ ਲੰਗਰ ਵਿਚ ਜ਼ਰੂਰਤ ਅਨੁਸਾਰ ਉਦਰ ਪੂਰਨਾਂ ਕਰਦਾ ਸੀ । ਸਭ ਸਿੱਖ ਭਾਈ ਸਨ ਤੇ ਸਭ ਦਾ ਮਾਤਾ ਪਿਤਾ ਇਕ ਸੀ । ਦੇਸ ਤੇ ਕੌਮ ਸਭ ਦਾ ਇਕ ਤੇ ਧਰਮ ਵੀ ਇਕ ਸੀ । ਨਾ ਕੋਈ ਉਤਮ ਤੇ ਨਾ ਕੋਈ ਨੀਚ, ਸਾਰੇ ਹੀਰੇ ਤੇ ਇਕੋ ਜਿਹੇ । ਸਿੱਖ ਵਿਦਵਾਨ ਟੋਕਰੀ ਢੋਂਦੇ ਨਹੀਂ ਸ਼ਰਮਾਉਂਦੇ ਸਨ ਤੇ ਸਿੱਧੇ ਸਾਧੇ ਸਿੱਖ ਜ਼ਰੂਰਤ ਅਨੁਸਾਰ ਜਥੇਬੰਦੀ ਦਾ ਫਰਜ਼ ਪੂਰਾ ਕਰਦੇ ਸਨ । ਜਿਥੇ ਇਕ ਪਾਸੇ ਇਲਮ ਤੇ ਵਿਦਿਆ ਦੀ ਨਹਿਰ ਵਗਦੀ ਸੀ, ਦੂਸਰੇ ਪਾਸੇ ਕਾਰ ਤੇ ਵਿਹਾਰ ਦਾ ਸਮੁੰਦਰ ਠਾਠਾਂ ਮਾਰਦਾ ਸੀ । ਸਭ ਦਾ ਖਜ਼ਾਨਾ ਸਾਂਝਾ ਤੇ ਸਭ ਦਾ ਖਰਚ ਸਾਂਝਾ । ਅੱਜ ਲੈਨਿਨ ਅਤੇ ਮਾਰਕਸ ਦੇ ਹੋਰ ਚੇਲੇ ਦੁਨੀਆਂ ਵਿਚ ਗਰੀਬ ਅਮੀਰ ਨੂੰ ਇਕ ਕਰਨ ਦੇ ਜਤਨ ਵਿਚ ਲਹੂ ਦੀਆਂ ਨਦੀਆਂ ਵਗਾ ਰਹੇ ਹਨ ਉਹਨਾਂ ਨੂੰ ਅਨੰਦਪੁਰ ਦਾ 'ਝਾਕਾ' ਦੇਖਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਖ਼ਾਲਸੇ ਨੇ ਇਸ ਕੰਮ ਵਿਚ ਸ਼ਾਂਤੀ ਨਾਲ ਕਾਮਯਾਬੀ ਹਾਸਲ ਕੀਤੀ । ਜਿੱਥੇ ਅੱਜ ਕੱਲ ਦੇ ਏਕਤਾ ਕਰਨ ਵਾਲੇ ਜ਼ੁਲਮ ਦੀ ਤਲਵਾਰ ਨਾਲ ਆਪਣੇ ਮੁਖਾਲਫ਼ਾਂ ਨੂੰ ਨੀਵਾਂ ਕਰ ਰਹੇ ਹਨ, ਉਥੇ ਸਤਿਗੁਰੂ ਜੀ ਧਰਮ ਦੀ ਖਿੱਚ ਨਾਲ ਸਭ ਨੂੰ ਇਕ ਲੜੀ ਵਿਚ ਪਰੋਂਦੇ ਸਨ । ਅਮੀਰ ਤੋਂ ਅਮੀਰ ਤੇ ਚਤੁਰ ਤੋਂ ਚਤੁਰ ਏਹ ਸਮਝਦਾ ਸੀ ਕਿ ਉਸਦੀ ਸਭ ਬਿਭੂਤੀ ਆਪਣੀ ਨਹੀਂ , ਬਲਕਿ ਕਰਤਾਰ 'ਅਰਪਨ' ਸਰਬਤਰ ਖ਼ਾਲਸੇ ਦੀ ਹੈ । ਦਾਣਾ ਪਾਣੀ ਸਭ ਗੁਰੂ ਜੀ ਦਾ ਸੀ, ਸਿਰਫ ਟਹਿਲ 'ਭੌਣੀ' ਸਿੱਖ ਦੀ ਸੀ । ਜਿਨਾਂ ਅਮੀਰ ਤੇ ਸਿਆਣਾ ਕੋਈ ਸਿੱਖ ਹੁੰਦਾ ਸੀ ਓਨੀ ਹੀ ਉਹ ਸੇਵਾ ਜ਼ਿਆਦਾ ਕਰਦਾ ਸੀ, ਜਿੰਨਾਂ ਉੱਚਾ ਹੁੰਦਾ ਸੀ ਉਤਨਾ ਹੀ ਉਹ ਨੀਵਾਂ ਹੋ ਕੇ ਚਲਦਾ ਸੀ । ਏਹ ਜਥੇਬੰਦੀ ਦਾ ਆਦਰਸ਼ ਦੁਨੀਆਂ ਵਾਸਤੇ ਬਹੁਤ ਉਚੇਰਾ ਸੀ ਤੇ ਸਮੇਂ ਤੋਂ ਬਹੁਤ ਪਹਿਲੇ ਸੀ , ਇਸ ਕਰਕੇ ਦੇਰ ਤਕ ਕਾਇਮ ਨਾ ਰਹਿ ਸਕਿਆ । ਹਾਂ ਦੁਨੀਆਂ ਵਾਸਤੇ ਇਕ ਮਿਸਾਲ ਕਾਇਮ ਹੋ ਗਈ , ਇਕ ਮੰਜ਼ਲ ਮੁਕੰਮਲ ਹੋ ਗਈ, ਜਿਸ ਅਨੰਦਪੁਰ ਵਲ ਦੁਨੀਆਂ ਨੇ ਆਖ਼ਰ ਤੁਰ ਕੇ ਆਨੰਦ ਪ੍ਰਾਪਤ ਕਰਨਾ ਹੈ, ਉਸਦਾ ਝਾਕਾ ਸਤਿਗੁਰੂ ਜੀ ਸਾਨੂੰ ਇਕ ਵਾਰ ਆਪਣੀ ਕਲਾ ਨਾਲ ਦਿਖਾ ਗਏ ।

ਸਤਿਗੁਰਾਂ ਦੀ ਸ਼ਹੀਦੀ ਬਾਅਦ ਬਾਬਾ ਬੰਦਾ, ਬਾਬਾ ਗੁਰਬਖਸ਼ ਸਿੰਘ ਜੀ, ਭਾਈ ਮਨੀ ਸਿੰਘ ਜੀ ਆਦਿਕ ਗੁਰ ਸਿੱਖਾਂ ਵੇਲੇ ਖ਼ਾਲਸੇ ਨੇ ਆਪਣੀ ਜਥੇਬੰਦੀ ਅਤਿ ਮੁਖ਼ਾਲਫਤ ਵੇਲੇ ਕਾਇਮ ਰਖੀ । ਉਹਨਾਂ ਨੂੰ ਬਹੁਤ ਔਕੜਾਂ ਪੇਸ਼ ਆਈਆਂ । ਸਿੱਖਾਂ ਦੇ ਭੀ ਸਿਰ ਜਥੇਬੰਦੀ ਨੂੰ ਤੋੜਨ ਵਾਲਿਆਂ ਨੇ 50-50 ਤੇ 20-20 ਰੁਪਇਆਂ ਵਿਚ ਖਰੀਦੇ, ਪਰ ਖ਼ਾਲਸਾ ਕਲਗੀਆਂ ਵਲੇ ਦੀ ਸਿਖਿਆ ਉੱਤੇ ਦ੍ਰਿੜ੍ਹ ਰਿਹਾ ਤੇ ਆਖ਼ਰ ਉਸ ਦੀ ਦੇਗ਼ ਨੂੰ ਫਤਹਿ ਨਸੀਬ ਹੋਈ । ਸਿੱਖ ਜਥੇਬੰਦੀ ਕਰਕੇ ਛੇਵੇਂ ਪਾਤਸ਼ਾਹ ਵੇਲੇ ਆਜ਼ਾਦ ਹੋ ਗਏ ਸਨ ਪਰ ਬਾਰ੍ਹਾਂ ਮਿਸਲਾਂ ਦੇ ਸਮੇਂ ਆਪਣੇ ਦੇਸ਼ ਨੂੰ ਭੀ ਆਜ਼ਾਦ ਕਰ ਦਿਤਾ ਤੇ

Sri Satguru Jagjit Singh Ji eLibrary NamdhariElibrary@gmail.com

ਜਾਲਮ ਲੁਟੇਰਿਆਂ ਦੀ ਹਕੂਮਤ ਦੀ ਜਗ੍ਹਾ ਆਪਣੀ ਹਕੂਮਤ ਕਾਇਮ ਕਰ ਲਈ। ਪੰਜਾਬ ਆਜ਼ਾਦ ਹੋ ਗਿਆ ਤੇ ਸਰਹਦੀ ਲੁਟੇਰੇ ਜੇਹੜੇ ਪੰਜਾਬੀਆਂ ਨੂੰ ਦੋ ਰੁਪਿਆਂ ਤੋਂ ਵੇਚਦੇ ਹੁੰਦੇ ਸਨ ਸਿੱਖਾਂ ਦੇ ਨਾਮ ਤੋਂ ਕੰਬਣ ਲਗ ਪਏ। ਧੰਨ ਜਥੇਬੰਦੀ।

ਲੜਾਈ ਭੜਾਈ ਦੇ ਕਾਰਨ ਗੁਰਸਿੱਖੀ ਦਾ ਪ੍ਰਚਾਰ ਘਟ ਗਿਆ ਅਤੇ ਨਤੀਜਾ ਇਹ ਹੋਇਆ ਕਿ ਭਾਵੇਂ ਮਿਸਲਾਂ ਦੇ ਜ਼ਮਾਨੇ ਸਿੱਖ ਕੁਰਬਾਨੀ ਤੇ ਹੌਸਲੇ ਵਿਚ ਬਹੁਤ ਉੱਚੇ ਸਨ ਪਰ ਧਾਰਮਕ ਅਵਸਥਾ ਵਿਚ ਕੁਝ ਅੱਗੇ ਨਾਲੋਂ ਗਿਰ ਗਏ। ਆਪਸ ਵਿਚ ਲੜਾਈ ਝਗੜੇ ਹੋਣ ਲਗੇ ਤੇ ਆਖ਼ਰ ਨੂੰ ਮਹਾਰਜਾ ਰਣਜੀਤ ਸਿੰਘ ਨੇ ਸਭ ਤੇ ਆਪਣਾ ਦਾਬਾ ਜਮਾ ਲਿਆ, ਤੇ ਸਿੱਖਾਂ ਦੇ ਜਥੇਦਾਰ ਦੀ ਹੈਸੀਅਤ ਵਿਚ ਏਹਨਾਂ ਉਤੇ ਹਕੂਮਤ ਕਰਨ ਲੱਗਾ। ਅਨੰਦਪੁਰ ਦੇ ਦਰਬਾਰ ਤੇ ਲਾਹੌਰ ਦੇ ਦਰਬਾਰ ਦਾ ਆਪਸ ਵਿਚ ਕੋਈ ਮੁਕਾਬਲਾ ਨਹੀਂ ਹੋ ਸਕਦਾ। ਕਿੱਥੇ ਸਤਿਗੁਰੂ ਤੇ ਕਿਥੇ ਰਣਜੀਤ ਸਿੰਘ, ਪਰ ਫੇਰ ਵੀ ਲਾਹੌਰ ਦੇ ਤਾਮਸਕ ਦਰਬਾਰ ਵਿਚ ਕਿਤੇ ਕਿਤੇ ਅਨੰਦਪੁਰ ਦੀ ਸਾਤਵਿਕ ਹਵਾ ਦਾ ਝੋਲਾ ਵੀ ਆ ਗਿਆ ਸੀ। ਭਾਵੇਂ ਨਾਮ ਨੂੰ ਰਣਜੀਤ ਸਿੰਘ ਖੁਦਮੁਖਤਾਰ ਮਾਹਰਾਜਾ ਸੀ, ਪਰ ਮਿਸਲਾਂ ਦੇ ਸਰਦਾਰਾਂ ਦੀ ਸਲਾਹ ਬਿਨਾਂ ਘਟ ਹੀ ਕੰਮ ਕਾਜ ਕਰਦਾ ਸੀ, ਅਤੇ ਮਿਸਲਾਂ ਦੇ ਸਿੱਖਾਂ ਦੀ ਆਗਿਆ ਵਿਚ ਰਹਿੰਦੇ ਸਨ। ਫੌਜ ਬਹੁਤ ਸਾਰੀ ਖ਼ਾਲਸੇ ਦੇ ਹੱਥ ਹੀ ਸੀ, ਪ੍ਰੈਰਾਂ ਦਾ ਜ਼ੋਰ ਹਕੂਮਤ ਦੇ ਮਾਮਲੇ ਵਿਚ ਕੁਝ ਮਾਮੂਲੀ ਨਹੀਂ ਸੀ।ਜਦ ਮਹਾਰਾਜਾ ਨੂੰ ਜ਼ਰੂਰਤ ਪੈਂਦੀ ਸੀ, ਖ਼ਾਲਸਾ ਜੀ ਤੋਂ ਹੱਥ ਜੋੜ ਕੇ ਸੇਵਕ ਬਣ ਕੇ ਮੱਦਦ ਹਾਸਲ ਕਰਦਾ ਸੀ। ਹਕੂਮਤ ਦੇ ਜ਼ੋਰ ਨਾਲ ਨਹੀਂ ਬਲਕਿ ਸਿੱਖੀ ਦੇ ਜ਼ੋਰ ਨਾਲ। ਮਹਾਰਾਜਾ ਦਾ ਅਕਾਲ ਤਖ਼ਤ ਅਗੇ ਹੱਥ ਜੋੜ ਕੇ ਕੋਰੜੇ ਖਾਣਾ, ਏਸ ਗਲ ਦੀ ਪੱਕੀ ਦਲੀਲ ਹੈ।

ਜਿਸ ਤਰ੍ਹਾਂ ਅਨੰਦਪੁਰ ਦਰਬਾਰ ਦੁਨੀਆਂ ਵਾਸਤੇ ਇਕ ਬਹੁਤ ਉੱਚਾ ਆਦਰਸ਼ ਸੀ, ਮਹਾਰਜਾ ਰਣਜੀਤ ਸਿੰਘ ਵੇਲੇ ਭੀ ਖ਼ਾਲਸਾ ਜੀ ਦਾ ਦਰਬਾਰ ਆਪਣੇ ਸਮੇਂ ਅਨੁਸਾਰ ਇਕ ਚਮਤਕਾਰ ਸੀ। ਭਾਵੇਂ ਰਾਜ ਨਾਮ ਨੂੰ ਸਿੱਖਾਂ ਦਾ ਸੀ, ਕਿਉਂਕਿ ਪੰਜਾਬ ਨੂੰ ਆਜ਼ਾਦੀ ਉਨ੍ਹਾਂ ਦੇ ਹੀ ਪਰੀਸ਼ਰਮ ਨਾਲ ਮਿਲੀ ਸੀ, ਪਰ ਹਕੂਮਤ ਵਿਚ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਹਿੰਦੀ, ਤੁਰਕੀ, ਈਰਾਨੀ, ਫਰਾਂਸੀਸੀ, ਅੰਗਰੇਜ਼ਾਂ ਆਦਿ ਸਭ ਮਤਾਂ ਤੇ ਸਭ ਦੇਸ਼ ਦੇ ਆਦਮੀ ਸਾਂਝੀਵਾਲ ਸਨ। ਉਸ ਜ਼ਮਾਨੇ ਦੇ ਲਿਹਾਜ਼ ਨਾਲ ਅਗਰ ਕੋਈ ਹਕੂਮਤ ਲੋਕਾਂ ਦੀ ਆਪਣੀ ਤੇ ਸਾਂਝੀ ਕਹਾ ਸਕਦੀ ਸੀ ਤਾਂ ਉਹ ਪੰਜਾਬ ਦੀ ਹਕੂਮਤ ਸੀ। ਉਹ ਸੱਚੇ ਅਰਥਾਂ ਵਿਚ ਕੌਮੀ ਹਕੂਮਤ ਸੀ ਜਿਸ ਵਿਚ ਨਸਲ ਯਾ ਮਜ਼੍ਹਬ ਦਾ ਕੋਈ ਲਿਹਾਜ ਨਹੀਂ ਕੀਤਾ ਜਾਂਦਾ। ਲਾਹੌਰ ਦਰਬਾਰ ਦੇ ਅਹਿਲਕਾਰਾਂ ਵਿਚ ਸਿੱਖਾਂ ਦੀ ਤਹਿਦਾਦ ਹਿੰਦੂ ਮੁਸਲਮਾਨਾਂ ਨਾਲੋਂ ਜ਼ਿਆਦਾ ਨਹੀਂ ਸੀ, ਬਲਕਿ ਘੱਟ ਸੀ।

Sri Satguru Jagjit Singh Ji eLibrary NamdhariElibrary@gmail.com

ਮਹਾਰਜੇ ਦੇ ਚਲਾਣੇ ਪਿਛੇ ਨਥੀਆਂ ਹੋਈਆਂ ਮਿਸਲਾਂ ਟੁਟ ਗਈਆਂ ਤੇ ਅੰਗਰੇਜ਼ਾਂ ਨੇ ਸਮਾਂ ਵਿਚਾਰ ਕੇ ਪੰਜਾਬ ਦੀ ਕੌਮੀ ਹਕੂਮਤ ਨੂੰ ਤਬਾਹ ਕਰ ਦਿਤਾ। ਇਸ ਜਗ੍ਹਾ ਇਹ ਦਸਣ ਦੀ ਲੋੜ ਨਹੀਂ ਕਿ ਪੰਜਾਬ ਦੀ ਆਜ਼ਾਦੀ ਖੁਸਨ ਵਿਚ ਕਸੂਰ ਕਿਸ ਕਿਸ ਦਾ ਸੀ, ਮੇਰਾ ਮਤਲਬ ਸਿਰਫ ਏਨਾ ਦਸਣਾ ਹੈ ਕਿ ਸਿੱਖਾਂ ਦੀ ਉਹ ਜਥੇਬੰਦੀ ਜੇਹੜੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੋਈ ਸੀ, ਕਿਸ ਤਰ੍ਹਾਂ ਮੁਲਕ ਕੌਮ ਤੇ ਧਰਮ ਨੂੰ ਆਪਣੀ ਵਧਦੀ ਕਲਾ ਦੇ ਨਾਲ ਲਾਭ ਪਹੁੰਚਾਉਂਦੀ ਰਹੀ ਤੇ ਕਿਸ ਤਰ੍ਹਾਂ ਜਦ ਉਹ ਜਥੇਬੰਦੀ ਟੁੱਟ ਗਈ ਤਾਂ ਸਾਰਾ ਧਾਰਮਕ ਤੇ ਮੌਮੀ ਐਸ਼ਵਰਜ਼ ਮਿੱਟੀ ਵਿਚ ਮਿਲ ਗਿਆ। ਉਹ ਕੌਮ ਜਿਸਦੀ ਦੋਸਤੀ ਵਾਸਤੇ ਨੈਪੋਲੀਯਨ ਤੇ ਅੰਗਰੇਜ਼ ਆਪਸ ਵਿਚ ਝਗੜੇ ਸਨ ਉਹ ਕੌਮ ਜਿਸ ਦੇ ਸਰਦਾਰ ਨਾਲ ਪੱਗ ਵਟਾਣ ਵਾਸਤੇ ਜ਼ਾਰ ਰੂਸ ਤਰਸਦਾ ਸੀ, ਉਹ ਕੌਮ ਜਿਸ ਦੇ ਡਰ ਅਗੇ ਈਰਾਨ ਤੇ ਅਫਗਾਨਿਸਤਾਨ ਤ੍ਰਬਕਦੇ ਫਿਰਦੇ ਸਨ ਅਜ ਜਥੇਬੰਦੀ ਬਿਨਾਂ ਗੁਲਾਮ ਹੋਈ ਰੁਲਦੀ ਹੈ। ਇਸਦੇ ਰਾਜੇ ਇਸ ਤੋਂ ਆਕੀ, ਇਸਦੇ ਸਰਦਾਰ ਇਸਦੇ ਜਸੂਸ ਇਸਦੇ ਪੁਜਾਰੀ ਇਸਦਾ ਗਲਾ ਵੱਢਨ ਵਾਲੇ, ਇਸਦੇ ਜਵਾਨਾਂ ਦੀਆਂ ਜਿੰਦੜੀਆਂ ਦਾ ਮੁਲ 18-18 ਰੁਪਏ ਤੇ ਇਸਦੇ ਧਰਮ ਅਸਥਾਨ ਨੀਚ ਤੇ ਪਾਮਰਾਂ ਦੀਆਂ ਬੈਠਕਾਂ। ਹਾਂ, ਅੱਜ ਇਸ ਕੌਮ ਦੇ ਬਚੇ ਜੇ ਭੁੱਖ ਤੋਂ ਆਤਰ ਹੋ ਦੂਸਰੇ ਦੇਸ਼ਾਂ ਵਿਚ ਜਾਣ ਤੇ ਧੱਕੇ ਦੇ ਕੇ ਬਾਹਰ ਕੱਢ ਦਿਤੇ ਜਾਂਦੇ ਹਨ। ਜੇ ਆਪਣੇ ਗੁਰਦੁਆਰੇ ਮੱਥਾ ਟੇਕਣ ਜਾਣ ਤਾਂ ਬੂਟਾਂ ਦੀਆਂ ਠੋਕਰਾਂ ਨਾਲ ਲਹੂ ਲੁਹਾਣ ਕੀਤੇ ਜਾਂਦੇ ਹਨ। ਸਾਡੇ ਗੁਰਦੁਆਰੇ ਢਾਹੇ ਜਾਂਦੇ ਹਨ, ਸਾਡੇ ਘਰ ਵੇਚੇ ਜਾਂਦੇ ਹਨ, ਪਰ ਅਸੀਂ 'ਸੀ' ਨਹੀਂ ਸੀ ਕਰ ਸਕਦੇ। ਸਾਡੀਆਂ ਮਾਵਾਂ ਤੇ ਭੈਣਾਂ ਦੀ ਬੇਪਤੀ ਹੁੰਦੀ ਸੀ, ਅਸੀਂ ਸੀਨੇ ਤੇ ਪੱਥਰ ਰੱਖ ਕੇ ਸੁੰਨ ਹੋਏ ਬੈਠੇ ਰਹਿੰਦੇ ਹਾਂ। ਦਸੋ ਕਿਉਂ ? ਏਸ ਵਾਸਤੇ ਕਿ ਅੱਜ ਗੁਰੂ ਦੇ ਲਾਲ ਜਥੇਬੰਦ ਨਹੀਂ ਰਹੇ, ਉਹ ਪਿਛਲੀ ਲੜੀ ਵਿਚ ਪਰੋਤੇ ਹੋਏ ਨਹੀਂ, ਉਹਨਾਂ ਦੀਆਂ ਮਿਸਲਾਂ ਟੁਟ ਗਈਆਂ ਹਨ।

ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੋਂ ਕੁਝ ਚਿਰ ਪਹਿਲੇ ਇਕ ਦਿਨ ਦੁਪਹਿਰ ਵੇਲੇ ਸੁਖ ਆਸਨ ਹੋਏ ਸਨ। ਭਾਈ ਦਿਆ ਸਿੰਘ ਜੀ ਸਾਫੇ ਨਾਲ ਚਵਰ ਕਰ ਰਹੇ ਸਨ ਤਾਂ ਕਿ ਮੱਖੀ ਨੀਂਦ ਨ ਅਟਕਾਏ। ਭਾਈ ਦਿਆ ਸਿੰਘ ਜੀ ਦੇ ਦੇਖਦੇ ਦੇਖਦੇ ਸਤਿਗੁਰਾਂ ਦੇ ਇਕ ਨੇਤਰ ਵਿਚੋਂ ਜਲ ਨਿਕਲਿਆ ਤੇ ਨਿਕਲ ਕੇ ਸਤਿਗੁਰਾਂ ਦੇ ਦਾੜ੍ਹੇ ਵਿਚ ਜਾ ਪਿਆ। ਦਿਆ ਸਿੰਘ ਜੀ ਇਹ ਕੌਤਕ ਦੇਖ ਕੇ ਹੈਰਾਨ ਜੋ ਗਏ। ਜਦ ਸਿਤਗੁਰੂ ਜੀ ਜਾਗੇ ਤਾਂ ਭਾਈ ਦਿਆ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਜੀਤੀ ਕਿ 'ਹੇ ਸਤਿਗੁਰੂ ! ਮੈਨੂੰ ਅੱਜ ਦਾ ਕੌਤਕ ਸਮਝ ਨਹੀਂ ਆਇਆ, ਆਪ ਤਰਲੋਕੀ ਦੇ ਮਾਲਕ ਤੇ ਆਪ ਦੇ ਪਵਿੱਤਰ ਨੇਤਰ ਵਿਚ ਜਲ ? ਏਹ ਕੀ ਗਲ ? ਸਤਿਗੁਰਾਂ ਭਰੀ ਹੋਈ ਆਵਾਜ਼ ਨਾਲ ਜਵਾਬ ਬਖ਼ਸ਼ਿਆ "ਭਾਈ ਦਿਆ ਸਿੰਘ ਜੀ ! ਮੈਨੂੰ ਕੁਝ

Sri Satguru Jagjit Singh Ji eLibrary NamdhariElibrary@gmail.com

ਚਮਤਕਾਰ ਦਿਖਾਈ ਦਿਤਾ ਹੈ, ਮੈਨੂੰ ਇਕ ਐਸੇ ਸਮੇਂ ਦੇ ਸਿੰਘਾਂ ਦੀ ਹਾਲਤ ਨਜ਼ਰ ਆਈ ਹੈ, ਜਦ ਸਿੰਘ ਆਪਣੇ ਅੱਜ ਦੇ ਕਰਤਵ ਨੂੰ ਭੁਲ ਜਾਣਗੇ, ਤੇ ਇਹ ਦਿਸੇਗਾ ਕਿ ਹਿੰਦ ਦੀ ਚਾਦਰ ਦੀ, ਵਡੇ ਤੇ ਛੋਟੇ ਸਾਹਿਬਜ਼ਾਦਿਆਂ ਦੀ, ਅਤੇ ਮੇਰੇ ਅਨੇਕਾਂ ਦੁਲਾਰੇ ਸਿੱਖਾਂ ਦੀ ਕੁਰਬਾਨੀ ਐਵੇਂ ਹੀ ਗਈ। ਉਹ ਸਮਾਂ ਦੇਖ ਸਾਡੀ ਅੱਖਾਂ ਵਿਚੋਂ ਜਲ ਨਿਕਲ ਆਇਆ। ਅੰਗਰੇਜ਼ਾਂ ਦੇ ਰਾਜ ਪਿਛੋਂ ਸਚਮੁਚ ਸਿੱਖਾਂ ਉਤੇ ਉਹ ਸਮਾਂ ਆ ਗਿਆ, ਜਿਸ ਤੇ ਰੱਬੀ ਬੰਦੇ ਚਾਰ ਅੱਥਰੂ ਕੇਰਨ ਉਹ ਘਰੋਂ ਬੇਘਰ ਹੋ ਗਏ , ਉਨ੍ਹਾਂ ਦੇ ਧਰਮ ਦਾ ਪਵਿਤਰ ਜਲ ਅਨਮਤੀਆ ਨੇ ਗੰਧਲਾ ਕਰ ਦਿਤਾ, ਉਨ੍ਹਾਂ ਦੀ ਪਤ ਮਿਟੀ ਵਿਚ ਮਿਲ ਗਈ, ਤੇ ਖ਼ਾਲਸਾ ਨਾਮ ਮਾਤਰ ਹੀ ਇਕ ਕੌਮ ਦੀ ਹੈਸੀਅਤ ਵਿਚ ਰਹਿ ਗਿਆ।

ਇਸ ਨਮੋਸ਼ੀ ਨੂੰ ਦੇਖ ਕੇ ਕੁਝ ਦਰਦੀਆਂ ਨੂੰ ਦਰਦ ਉਠਿਆ, ਤਾਂ ਭਾਈ ਗੁਰਮੁਖ ਸਿੰਘ ਜੀ, ਭਾਈ ਦਿੱਤ ਸਿੰਘ ਜੀ ਆਦਿ ਪੰਥ ਹਿਤੈਸ਼ੀਆਂ ਨੇ ਖ਼ਾਲਸਾ ਦੀਵਾਨ ਲਾਹੌਰ ਦੀ ਬੁਨਿਆਦ ਰਖ ਕੇ ਧਰਮ ਨੂੰ ਨਿਰੋਲ ਕਰਨ ਤੇ ਸਿੱਖਾਂ ਨੂੰ ਇਕ ਜਥੇ ਵਿਚ ਬੰਨਣ ਦਾ ਉਪਰਾਲਾ ਕੀਤਾ। ਏਹਨਾਂ ਸੱਜਣਾਂ ਨੂੰ ਕੁਝ ਕਾਮਯਾਬੀ ਹੋਈ। ਸਚ ਪੁਛੋ ਤਾਂ ਸਿੰਘ ਸਭਾਵਾਂ ਦਾ ਥਾਂ-ਥਾਂ ਕੰਮ ਕਰਨਾ ਏਹ ਖ਼ਾਲਸਾ ਦੀਵਾਨ ਲਾਹੌਰ ਦੇ ਹੀ ਉਦਮ ਦਾ ਨਤੀਜਾ ਸੀ। ਕੁਝ ਚਿਰ ਜਥੇਬੰਦੀ ਵਾਸਤੇ ਉੱਪਰਾਲਾ ਕੀਤਾ ਤੇ ਵਿਦਿਅਕ ਕਾਨਫਰੰਸ ਰਾਹੀਂ ਕੁਝ ਮਦਰਸੇ ਭੀ ਕਾਇਮ ਹੋਏ, ਪਰ ਆਖਰ ਉਸ ਦੇ ਕਰਮਚਾਰੀਆਂ ਦੀ ਅਣਗਹਿਲੀ ਨਾਲ ਇਹ ਦੀਵਾਨ ਮੁਰਦਾ ਹੋ ਗਿਆ, ਤੇ ਹੁਣ ਸਿਰਫ ਇਸ ਦਾ ਨਾਮ ਹੀ ਬਾਕੀ ਹੈ।

ਸਤਿਗੁਰਾਂ ਤੇ ਸਤਿਗੁਰਾਂ ਦੇ ਨੌ ਨਿਹਾਲਾਂ ਦੀਆਂ ਕੁਰਬਾਨੀਆਂ ਬੇਅਰਥ ਨਹੀਂ ਜਾ ਸਕਦੀਆਂ ਭਾਵੇਂ ਵੈਰੀ ਇਸ ਕੌਮ ਨੂੰ ਕਿੰਨਾਂ ਹੀ ਦਬਾਣ ਭਾਵੇਂ ਕੌਮਾਂ ਗ਼ਦਾਰ ਦੁਸ਼ਮਣਾਂ ਦੇ ਜੂਠੇ ਟੁੱਕੜੇ ਖਾ ਕੇ ਕੌਮ ਨੂੰ ਕਿੰਨੀ ਹੀ ਸੱਟ ਮਾਰਨ ਦੀ ਕੋਸ਼ਿਸ਼ ਕਰਨ, ਦਸਮੇਸ਼ ਦੇ ਬੂਟੇ ਨੇ ਫਲਣਾ ਹੈ, ਤੇ ਜ਼ਰੂਰ ਆਪਣੀ ਛਾਇਆ ਚਾਰੇ ਕੂੰਟਾਂ ਵਿਚ ਫੈਲਾ ਦੇਣੀ ਹੈ। ਸਤਿਗੁਰਾਂ ਦੀ ਅਪਾਰ ਕਿਰਪਾ ਨਾਲ ਗੁਰਦੁਆਰਿਆਂ ਦੇ ਸੁਧਾਰ ਦਾ ਮਾਮਲਾ ਛਿੜ ਪਿਆ, ਤੇ ਪੰਥ ਨੂੰ ਆਪਣੀ ਅਣਗਹਿਲੀ ਦਾ ਪਤਾ ਲੱਗਾ। ਮਹੰਤਾਂ ਤੇ ਪੁਜਾਰੀਆਂ ਨੇ ਨਾ ਸਿਰਫ਼ ਖ਼ਾਲਸਾ ਧਰਮ ਵਿਚ ਕੁਰੀਤੀਆਂ ਚਲਾ ਦਿਤੀਆਂ, ਬਲਕਿ ਗੁਰਧਾਮਾਂ ਨੂੰ ਆਪਣੀ ਜਾਇਦਾਦ ਬਣਾ ਲਿਆ। ਜਿਨ੍ਹਾਂ ਅਸਥਾਨਾਂ ਤੋਂ ਅੰਮ੍ਰਿਤ ਦਾ ਸੋਮਾ ਨਿਕਲਦਾ ਸੀ, ਜ਼ਹਿਰ ਦੀਆਂ ਨਦੀਆਂ ਵਗਨ ਲਗ ਪਈਆਂ, ਮੁਸਲਮਾਨਾਂ ਵਿਚ ਕਹਾਵਤ ਹੈ ਕਿ 'ਜੇ ਮੱਕੇ ਤੋਂ ਕੁਫਰ ਨਿਕਲੇ ਤਾਂ ਫੇਰ ਮੁਹੰਮਦੀ ਦੀਨ ਦਾ ਕੀ ਹਾਲ ?' ਸਾਡੇ ਪੁਜਾਰੀਆਂ ਨੇ ਇਹ ਗਲ ਬਿਲਕੁਲ ਸੱਚ ਕਰਕੇ ਵਿਖਾ ਦਿਤੀ ਤੇ

Sri Satguru Jagjit Singh Ji eLibrary NamdhariElibrary@gmail.com

ਪਵਿਤਰ ਅਸਥਾਨਾਂ ਨੂੰ ਆਪਣੀ ਨੀਚਤਾਈ ਨਾਲ ਅਧਰਮ ਦੇ ਅੱਡੇ ਬਣਾ ਦਿਤਾ। ਦੂਸਰੇ ਪਾਸੇ ਪੰਥ ਦੀ ਜਥੇਬੰਦੀ ਦੇ ਦਾਅਵੇਦਾਰਾਂ ਨੇ ਇਸ ਜਥੇਬੰਦੀ ਦੇ ਓਹਲੇ ਆਪਣੇ ਪੇਟ ਪਾਲਣੇ ਸ਼ੁਰੂ ਕੀਤੇ ਤੇ ਕੌਮ ਨੂੰ ਵੇਚ, ਆਪ ਭੜਮੱਲ ਬਣ ਬੈਠੇ।

ਅਕਾਲੀ ਲਹਿਰ:-

ਇਸ ਸਮੇਂ ਅਕਾਲੀਆਂ ਨੇ ਫੇਰ ਅਵਤਾਰ ਧਾਰਿਆ ਤੇ ਪੰਥ ਨੂੰ ਆਪਣੇ ਫਰਜ਼ ਸਮਝਣ ਵਾਸਤੇ ਸੁਰਜੀਤ ਕੀਤਾ। ਜਿਥੇ ਇਕ ਪਾਸੇ ਗੁਰਧਾਮਾਂ ਦੇ ਸੁਧਾਰ ਦਾ ਕੰਮ ਸੀ, ਤੇ ਸਿੱਖ ਧਰਮ ਨੂੰ ਕੁਰੀਤੀਆਂ ਤੋਂ ਪਾਕ ਕਰਨ ਦੀ ਕੋਸ਼ਿਸ਼ ਸੀ, ਉਥੇ ਸਤਿਗੁਰਾਂ ਦੀ ਕਰਾਮਾਤ ਨਾਲ, ਨਾਲੋ ਨਾਲ ਜਥੇਬੰਦੀ ਦਾ ਵੀ ਉਪਰਾਲਾ ਹੋਣ ਲਗ ਪਿਆ। ਇਸ ਕੰਮ ਦੀ ਖਾਤਰ ਜੋ ਸ਼ਹੀਦੀਆਂ ਤਰਨਤਾਰਨ ਸਾਹਿਬ ਜੀ ਤੇ ਨਨਕਾਣਾ ਸਾਹਿਬ ਜੀ ਵਿਖੇ ਹੋਈਆਂ, ਤੇ ਜੋ ਕਸ਼ਟ ਖ਼ਾਲਸਾ ਜੀ ਨੇ ਗੁਰੂ ਕੇ ਬਾਗ ਅਤੇ ਨਾਭੇ ਵਿਚ ਸਹਾਰੇ ਉਨ੍ਹਾਂ ਦਾ ਇਕ ਜ਼ਮਾਨਾ ਗਵਾਹ ਹੈ, ਸਾਨੂੰ ਕੁਝ ਦਸਣ ਦੀ ਲੋੜ ਨਹੀਂ, ਫਿਰ ਹੁਣ ਵੇਲਾ ਆ ਗਿਆ ਹੈ ਕਿ ਜਥੇਬੰਦੀ ਦੀ ਅਕਾਲੀ ਲਹਿਰ ਜੇਹੜੀ ਗੁਰੂ ਬਾਬੇ ਦੇ ਹੁਕਮ ਅਨੁਸਾਰ ਚਲੀ ਹੈ, ਇਸ ਨੂੰ ਸਿਰੇ ਚਾੜ੍ਹਨ ਵਾਸਤੇ ਪੂਰਾ ਉਦਮ ਕੀਤਾ ਜਾਵੇ। ਸਿੱਖਾਂ ਦਾ ਨਾਂ ਭਾਵੇਂ ਅਜ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਗਿਆ ਹੈ, ਪਰ ਸਬਰ ਨਾਲ ਆਪਣੇ ਬੰਦ ਟੁਕੜੇ ਟੁਕੜੇ ਕਰਾਣ, ਸੀਨੇ ਛੇਕ ਦੇਣ ਵਾਲੀ ਮਾਰ ਨਾਲ ਲਹੂ ਲੁਹਾਣ ਹੋਣ ਤੇ ਜੇਹਲਾਂ ਦੇ ਸਿਤਮ ਸਹਿਣ ਦਾ ਫਲ ਤਦੇ ਹੀ ਮਿਲੇਗਾ ਜੇ ਅਸੀਂ ਅੱਜ ਆਪਣੀ ਜਥੇਬੰਦੀ ਨੂੰ ਅਨੰਦਪੁਰ ਵਾਲੀ ਮੰਜ਼ਲ ਤੇ ਅਪੜਾ ਦੇਈਏ।

ਅੱਜ ਪੰਥ ਦਾ ਬਾਗ ਲਾਣ ਵਾਲੇ ਸਭ ਤੋਂ ਪਹਿਲੇ ਮਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਹੈ, ਜੇ ਇਸ ਗੁਰਪੁਰਬ ਨੂੰ ਮਨਾਣ ਵਾਲੇ ਅੱਜ ਦੇ ਦਿਨ ਪੰਥ ਦੀ ਸਾਰੀ ਹਾਲਤ ਨੂੰ ਵਿਚਾਰ ਕੇ ਅਤੇ ਜਥੇਬੰਦੀ ਦੀ ਲੋੜ ਅਨੁਭਵ ਕਰਕੇ ਇਸ ਦੇ ਰਾਹ ਪੈਣ ਤਾਂ ਉਨ੍ਹਾਂ ਦਾ ਗੁਰਪੁਰਬ ਮਨਾਣਾ ਸਫਲ ਹੈ।

("ਫੁਲਵਾੜੀ" ਜਿਲਦ ਦੂਜੀ, ਭਾਗ 1, ਅੰਕ ਕਤਕ 1982, ਪਿਛਲੀ ਸਿੱਖ ਜਥੇਬੰਦੀ ਉਤੇ ਇਕ ਨਜ਼ਰ, ਸਫਾ 17 (ਕੱਤਕ ਸੰਮਤ ਬਿ: 1982 ਨਾ: ਸ਼ਾਹੀ 456, ਨਵੰਬਰ 1)

# ਸਿੱਖ ਜਥੇਬੰਦੀਆਂ

ਗਿਆਨੀ ਨਾਹਰ ਸਿੰਘ ਗੁੱਜਰਵਾਲ

ਪਿਛਲੇ ਸੌ ਸਾਲ ਅੰਦਰ ਜੋ ਪੰਥਕ ਜਥੇਬੰਦੀਆਂ ਕਾਇਮ ਹੋਈਆਂ ਤੇ ਕਈ ਮਿਟੀਆਂ ਤੇ ਚਲਦੀਆਂ ਹਨ। ਉਨ੍ਹਾਂ ਦਾ ਸੰਖੇਪ ਵੇਰਵਾ ਦਰਜ ਕੀਤਾ ਜਾਂਦਾ ਹੈ, ਤਾਂ ਕਿ ਜਾਣਕਾਰੀ ਵੇਲੇ ਇਹ ਆਮ ਗੁਰਸਿੱਖਾਂ ਤੇ ਹੋਰ ਪੰਜਾਬੀਆਂ ਦੀ ਗਿਆਤ ਲਈ ਲਾਭਦਾਇਕ ਸਾਬਤ ਹੋ ਸਕੇ।

ਗੁਰੂ ਦਸਮ ਪਾਤਸ਼ਾਹ ਨੇ ਪੰਜਾਂ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਨੂੰ ਪੰਥ ਦਾ ਜਥੇਦਾਰ ਬਣਾ ਕੇ 1704 ਈ: ਵਿਚ ਹਜ਼ੂਰ ਸਾਹਿਬ ਤੋਂ ਪੰਜਾਬ ਨੂੰ ਦੁਸ਼ਟਾਂ ਦੇ ਸੋਧਣ ਲਈ ਭੇਜਿਆ। ਬਾਬਾ ਜੀ 19 ਜੂਨ, 1716 ਈ: ਨੂੰ ਦਿੱਲੀ ਸ਼ਹੀਦ ਹੋ ਗਏ ਤੇ ਪੰਥ ਦੀ ਜਥੇਬੰਦੀ ਲਈ ਸਖਤ ਧੱਕਾ ਵੱਜਾ। ਆਪ ਤੋਂ ਪਿਛੋਂ ਭਾਈ ਮਨੀ ਸਿੰਘ ਜੀ ਕਈ ਸਾਲ ਗੁਰੂ ਕੇ ਹਜ਼ੂਰੀ ਸਿੰਘ ਤੇ ਮਾਤਾ ਸੁੰਦਰੀ ਜੀ ਪੰਥ ਦੀ ਅਗਵਾਈ ਕਰਦੇ ਰਹੇ। ਇਨ੍ਹਾਂ ਤੋਂ ਪਿਛੋਂ ਇਤਿਹਾਸ ਵਿਚ ਦਰਬਾਰਾ ਸਿੰਘ ਦਾ ਬਤੌਰ ਜਥੇਦਾਰ ਜ਼ਿਕਰ ਆਉਂਦਾ ਹੈ। ਫੇਰ ਨਵਾਬ ਕਪੂਰ ਸਿੰਘ ਜੀ ਜਥੇਦਾਰ ਬਣੇ। ਆਪ ਦੇ ਵੇਲੇ ਪਹਿਲੇ ਸਿੰਘਾਂ ਦੇ ਦੋ ਦਲ ਹੋਏ। ਜਦ ਪੰਥ ਇਸ ਤਰ੍ਹਾਂ ਜਥੇਬੰਦੀ ਵਿਚ ਵਿਚਰਦਾ ਸੀ ਤਾਂ ਇਸਦਾ ਨਾਮ 'ਦਲ ਖ਼ਾਲਸਾ ਜੀ' ਕਹਿ ਕੇ ਪੁਕਾਰਿਆ ਜਾਂਦਾ ਸੀ। ਇਨ੍ਹਾਂ ਦੋਹਾਂ ਦਲਾਂ ਵਿਚੋਂ ਤਰਨਾ ਦਲ (ਨੌਜਵਾਨਾਂ ਦਾ ਦਲ) ਤੇ ਬੁੱਢਾ ਦਲ ਪੁਰਾਣੇ ਸਿੰਘਾਂ ਦਾ ਤੇ ਨਿਹੰਗ ਸਿੰਘ (ਭੁਝੰਗੀ ਸਿੰਘਾਂ) ਦਾ ਜਥਾ ਸੀ। ਪਿਛੇ ਜਿਹੇ ਆਨੰਦਪੁਰ ਸਾਹਿਬ ਵਿਚ ਜੋ ਨਿਹੰਗ ਸਿੰਘ, ਸ਼ਹੀਦ ਬਾਗ ਵਿਚ ਰਹਿੰਦੇ ਸਨ, ਉਹ ਬੁੱਢਾ ਦਲ ਦੇ ਸਿੰਘ ਅਖਵਾਉਂਦੇ ਹਨ। ਉਨ੍ਹਾਂ ਪਾਸ ਦੋ ਨਿਸ਼ਾਨ ਸਾਹਿਬ ਹਨ। ਇਕ ਬੁੱਢਾ ਦਲ ਦਾ ਤੇ ਦੂਜਾ ਤਰਨਾ ਦਲ ਦਾ। ਉਹ ਕਹਿੰਦੇ ਹਨ ਕਿ ਅਸੀਂ ਪੰਥ ਦੀ ਪੁਰਾਤਨ ਨਜ਼ੀਰ 'ਤਰਨਾ ਦਲ ਤੇ ਬੁੱਢਾ ਦਲ' ਦੇ ਨਿਸ਼ਾਨ ਅਜੇ ਤੱਕ ਕਾਇਮ ਰਖੀ ਚਲੇ ਆ ਰਹੇ ਹਾਂ।

ਨਵਾਬ ਕਪੂਰ ਸਿੰਘ ਜੀ ਦੇ ਵੇਲੇ ਹੀ ਤਰਨਾ ਦਲ ਦੇ ਪੰਜ ਜਥੇ ਬਣ ਗਏ ਸਨ। ਆਪ ਤੋਂ ਪਿਛੋਂ ਨਵਾਬ ਜੱਸਾ ਸਿੰਘ ਅਹਲੂਵਾਲੀਆ ਪੰਥ ਦੇ ਜਥੇਦਾਰ ਬਣੇ ਤੇ 12 ਮਿਸਲਾਂ ਕਾਇਮ ਹੋਈਆਂ। ਮਿਸਲ ਸ਼ਬਦ ਦੇ ਇਸਤਲਾਹ ਹੀ ਅਰਥ ਜਥੇ ਦੇ ਲਏ ਜਾਂਦੇ ਹਨ। ਪਰ ਮਿਸਲ ਦਾ ਅਸਲੀ ਅਰਥ ਵਹੀ ਹੈ (ਕਾਗਜ਼ਾਂ ਦੀ ਮਿਸਲ, ਜਿਵੇਂ

Sri Satguru Jagjit Singh Ji eLibrary NamdhariElibrary@gmail.com

ਮੁਕੱਦਮੇ ਦੀ ਮਿਸਲ ਹੁੰਦੀ ਹੈ ਜਿਸ ਨੂੰ ਅੰਗਰੇਜ਼ੀ ਵਲੇ ਫਾਈਲ ਕਹਿੰਦੇ ਹਨ। ਮਿਸਲ ਨਾਮ ਪੈਣ ਦਾ ਕਾਰਨ ਇਹ ਹੈ ਕਿ ਜਦ ਸੰਮਤ 1820 (ਸੰਨ 1763 ਈ:) ਵਿਚ ਪੰਜਾਬ ਵਿਚ ਸਿੰਘਾਂ ਨੇ ਇਲਾਕੇ ਮੱਲਣੇ ਸ਼ੁਰੂ ਕੀਤੇ, ਤਦ ਨਵਾਬ ਜੱਸਾ ਸਿੰਘ ਨੇ ਕੋਈ ਇਲਾਕਾ ਨਾ ਮਲਿਆ। ਆਪ ਅੰਮ੍ਰਿਤਸਰ ਆ ਬੈਠੇ, ਤੇ ਅਡੋ ਅੱਡ ਜਥਿਆਂ ਨੇ 12 ਮਿਸਲਾਂ ਬਣ ਲਈਆਂ।

ਹਰ ਇਕ ਜਥੇ ਵਾਲੇ ਜੋ ਪਿੰਡ ਆਪਣੇ ਕਬਜ਼ੇ ਕਰਦੇ ਸਨ, ਉਨ੍ਹਾਂ ਦੇ ਨਾਮ ਵਖੋ ਵਖਰੀ ਮਿਸਲ ਵਿਚ ਦਰਜ ਕਰ ਦਿੰਦੇ ਸਨ। ਜਦ ਕਦੇ ਕੋਈ ਝਗੜਾ ਹੁੰਦਾ ਤਦ ਨਵਾਬ ਜੱਸਾ ਸਿੰਘ ਨਿਬੇੜਾ ਕਰਦੇ ਤੇ ਕਹਿੰਦੇ 'ਇਹ ਗਾਉਂ ਤੁਮਾਰੀ ਮਿਸਲ ਮੈਂ ਨਹੀਂ ਹੈ।' ਨਵਾਬ ਜੱਸਾ ਸਿੰਘ ਜੀ ਦੀ ਪਾਲਣਾ ਮਾਤਾ ਸੁੰਦਰੀ ਜੀ ਨੇ ਦਿੱਲੀ ਆਪਣੇ ਪਾਸ ਰਖ ਕੇ ਕੀਤੀ ਸੀ। ਇਸ ਲਈ ਨਵਾਬ ਸਾਹਿਬ ਅਕਸਰ ਉਰਦੂ 'ਦਿੱਲੀ ਵਾਲਿਆਂ ਦੀ ਬੋਲੀ' ਵਿਚ ਗਲ ਬਾਤ ਕਰਿਆ ਕਰਦੇ ਸਨ ਤੇ ਸਾਰੇ ਸਰਦਾਰਾਂ ਵਿਚੋਂ ਇਹੋ ਹੀ ਉਰਦੂ ਪੜ੍ਹੇ ਹੋਏ ਸਨ।

ਜਦ ਪੰਜਾਬ ਵਿਚ ਬਾਰਾਂ ਮਿਸਲਾਂ ਦਾ ਜ਼ੋਰ ਪਿਆ, ਸਿੱਖਾਂ ਨੂੰ ਰਾਜ ਭਾਗ ਪ੍ਰਾਪਤ ਹੋਇਆ ਤਾਂ ਹਉਮੈ ਹੰਕਾਰ ਨੇ ਭੀ ਡੇਰੇ ਆ ਲਾਏ ਤੇ ਮਿਸਲਾਂ ਵਾਲੇ ਆਪੋ ਵਿਚ ਹੀ ਲੜਨ ਤੇ ਇਕ ਦੂਜੇ ਨੂੰ ਖਤਮ ਕਰਨ ਦੇ ਆਹਰ ਵਿਚ ਲਗ ਪਏ। ਉਸ ਵੇਲੇ ਪੰਜਾਬ ਵਿਚ ਸਿੱਖਾਂ ਦੀ ਢਾਈ ਲੱਖ ਫੌਜ ਸੀ। ਇਕ ਅੰਗਰੇਜ਼ ਫਾਰੰਸਟਰ ਨੇ ਲਿਖਿਆ ਹੈ ਕਿ ਇਸ ਵੇਲੇ ਭਾਵੇਂ ਸਿੱਖਾਂ ਦੀ ਢਾਈ ਲੱਖ ਫੌਜ ਹੈ, ਪਰ ਇਨ੍ਹਾਂ ਦੀ ਹਾਲਤ ਇਹ ਹੈ ਕਿ ਇਨ੍ਹਾਂ ਵਿਚੋਂ ਕੋਈ ਮਿਸਲ ਹੀ ਕਾਇਮ ਰਹਿ ਸਕੇਗੀ। ਇਸੇ ਤਰ੍ਹਾਂ ਹੀ ਸ: ਤਾਰਾ ਸਿੰਘ ਮੈਯਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਭਰੇ ਦੀਵਾਨ ਵਿਚ ਪੰਥ ਦੀ ਉਸ ਵੇਲੇ ਦੀ ਹਾਲਤ ਦਾ ਅੰਦਾਜ਼ਾ ਲਾ ਕੇ ਸਾਰੇ ਮਿਸਲਦਾਰ ਸਰਦਾਰਾਂ ਨੂੰ ਮਹਾਰਾਜਾ ਰਣਜੀਤ ਸਿੰਘ ਵਲ ਇਸ਼ਾਰਾ ਕਰਕੇ ਕਿਹਾ ਸੀ "ਇਸ ਕਾਣੇ ਜੇਹੇ ਮੁੰਡੇ ਨੇ ਤੁਹਾਡਾ ਸਭ ਦਾ ਰਾਜ ਖੋਹ ਲੈਣਾ ਹੈ। ਤੁਸੀਂ ਜੋ ਪੁੰਨਦਾਨ ਕਰਨਾ ਹੈ ਕਰ ਲਵੋ।"

ਮਿਸਲਾਂ ਦੀ ਆਪੋ ਆਪਣੀ ਖਿਚੋਤਾਣ ਦਾ ਸਿੱਟਾ ਏਹ ਨਿਕਲਿਆ ਕਿ ਬਾਕੀ ਮਿਸਲਾਂ ਖਤਮ ਹੋ ਗਈਆਂ। ਮਹਾਰਾਜਾ ਰਣਜੀਤ ਸਿੰਘ ਸਾਰੇ ਪੰਜਾਬ ਦੇ ਮਾਲਕ ਬਣ ਗਏ। ਮਾਲਵੇ ਵਿਚ ਫੂਲਕੀਆਂ ਦੀ ਮਿਸਲ ਕਾਇਮ ਰਹਿ ਗਈ। ਜਿਸ ਦੀਆਂ ਨਾਭਾ, ਪਟਿਆਲਾ, ਜੀਂਦ ਰਿਆਸਤਾਂ ਕਾਇਮ ਹੋ ਗਈਆਂ, ਤੇ ਕੋਟਕਪੂਰੇ ਦੀ ਚੌਧਰਾਇਤ ਭੀ ਫਰੀਦਕੋਟ ਰਿਆਸਤ ਬਣ ਗਈ, ਤੇ ਭਗਤੂ ਦੀ ਬੰਸ ਦੀ ਕੈਂਥਲ ਰਿਆਸਤ ਕਾਇਮ ਹੋ ਗਈ। ਮੈਣਦੁਆਬ ਵਿਚ ਛਛਰੌਲੀ ਦੀ ਰਿਆਸਤ ਭੀ ਬਾਕੀ ਰਹਿ ਗਈ। ਅੰਗਰੇਜ਼ੀ ਰਾਜ ਆਉਣ ਸਮੇਂ ਸਤਲੁਜ ਪਾਰ ਤੋਂ ਕੇਵਲ

Sri Satguru Jagjit Singh Ji eLibrary NamdhariElibrary@gmail.com

ਕਪੂਰਥਲਾ ਰਿਆਸਤ ਬਚੀ, ਬਾਕੀ ਸਭ ਇਲਾਕਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋ ਗਿਆ, ਤੇ ਇਉਂ ਪੰਜਾਬ ਵਿਚ ਸਿੱਖਾਂ ਦੀਆਂ ਛੇ ਰਿਆਸਤਾਂ ਬਣ ਗਈਆਂ। ਕਪੂਰਥਲਾ, ਨਾਭਾ, ਪਟਿਆਲਾ, ਜੀਂਦ, ਫਰੀਦਕੋਟ ਤੇ ਕਲਸੀਆਂ। ਅੰਗਰੇਜ਼ੀ ਰਾਜ ਦੇ ਸਮੇਂ ਵਿਚ ਸਿੱਖਾਂ ਦੀ ਪੋਜੀਸ਼ਨ ਤਿੰਨ ਗਲਾਂ ਕਰਕੇ ਸੀ, ਸਿੱਖ ਪੰਜਾਬ ਵਿਚ 40 ਫੀਸਦੀ ਮਾਮਲਾ ਦਿੰਦੇ ਸਨ। ਉਨ੍ਹਾਂ ਦੀਆਂ ਛੇ ਰਿਆਸਤਾਂ ਸਨ। ਫੌਜ ਵਿਚ ਉਨ੍ਹਾਂ ਦੀ ਖਾਸ ਅਹਿਮੀਅਤ ਸੀ। ਬਲਕਿ ਕਿਹਾ ਜਾਂਦਾ ਹੈ ਕਿ 1914 ਦੀ ਦੁਨੀਆਂ ਦੀ ਜੰਗ ਸਮੇਂ ਸਿੱਖਾਂ ਦੀ ਗਿਣਤੀ ਫੌਜ ਵਿਚ 50 ਹਜ਼ਾਰ ਦੇ ਕਰੀਬ ਸੀ, ਚੌਥਾ ਏਹ ਕਿ ਪੰਜਾਬ ਦਾ ਸਿਖ ਵਧੀਆ ਕਿਸਾਨ ਸੀ, ਉਸ ਨੇ ਪੰਜਾਬ ਦੀਆਂ ਬਾਰਾਂ ਆਬਾਦ ਕਰਕੇ ਆਪਣੇ ਮਿਹਨਤੀ ਤੇ ਪੂਰੇ ਤੌਰ ਪਰ ਕਾਮਯਾਬ ਕਿਸਾਨ ਹੋਣ ਦਾ ਸਬੂਤ ਦਿਤਾ। ਇਸ ਸਬੰਧੀ ਦੇਖੋ ਕਿਤਾਬ "ਪੰਜਾਬ ਦਾ ਕਿਰਸਾਣ" ਜੋ ਮਹਿਕਮਾਂ ਕੁਆਪੋਰੇਟਵ ਸੁਸਾਇਟੀ ਦੇ ਵੱਡੇ ਅਫਸਰ ਮਿਸਟਰ ਡਾਰਲਿੰਗ ਦੀ ਲਿਖੀ ਹੋਈ ਹੈ। ਸਿੱਖਾਂ ਦੀ ਆਬਾਦੀ ਭਾਵੇਂ ਹਿੰਦੁਸਤਾਨ ਵਿਚ ਪਹਿਲਾਂ 40 ਲੱਖ ਸੀ ਤੇ ਹੁਣ 60 ਲੱਖ ਹੈ। ਪਰ ਇਸ ਦੀ ਪੋਜੀਸ਼ਨ ਨੂੰ ਅੰਗਰੇਜ਼ ਭਾਵੇਂ ਸਿੱਖਾਂ ਦੇ ਮੁਖਾਲਫ ਸੀ ਪਰ ਮੁਲਕ ਦੀ ਵੰਡ ਸਮੇਂ ਅਖੋਂ ਉਹਲੇ ਨਹੀਂ ਕਰ ਸਕਿਆ। ਹਿੰਦੁਸਤਾਨ ਵਿਚ ਈਸਾਈ ਦੋ ਕਰੋੜ ਹਨ। ਪਰ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਕੌਮ ਨਹੀਂ ਮੰਨਿਆ। 1947 ਵਿਚ ਪਾਕਿਸਤਾਨ ਬਣਨ ਵੇਲੇ ਅੰਗਰੇਜ਼ ਨੇ ਵਡੀਆਂ ਤਿੰਨ ਕੌਮਾ ਹਿੰਦੂ, ਮੁਸਲਮਾਨਤੇ ਸਿੱਖ ਹੀ ਮੰਨੀਆਂ ਸਨ। ਸਿੱਖਾਂ ਦੇ ਕਹਿਣ ਪਰ ਹੀ ਪੰਜਾਬ ਦੀ ਵੰਡ ਹੋਈ ਨਹੀਂ ਤਾਂ ਸਾਰੇ ਪੰਜਾਬ ਦਾ ਪਾਕਿਸਤਾਨ ਵਿਚ ਚਲੇ ਜਾਣ ਦਾ ਖ਼ਤਰਾ ਸੀ, ਕਿਉਂਕਿ ਉਸ ਵੇਲੇ ਦੇ ਪੰਜਾਬ ਦੇ ਹਿੰਦੂ ਲੀਡਰ ਪਾਕਿਸਤਾਨ ਜਾਣ ਲਈ ਰਜ਼ਾਮੰਦ ਹੋ ਗਏ ਸਨ। ਪਰ ਇਹ ਮਾਸਟਰ ਤਾਰਾ ਸਿੰਘ ਤੇ ਸਿੱਖ ਹੀ ਸਨ, ਜਿਨ੍ਹਾਂ ਪੰਜਾਬ ਦੀ ਵੰਡ ਕਰਾਕੇ 12 ਜ਼ਿਲ੍ਹੇ ਪਾਕਿਸਤਾਨ ਵਿਚ ਜਾਣ ਤੋਂ ਬਚਾ ਲਏ। ਪਰ ਅੱਜ ਉਨ੍ਹਾਂ ਸਿੱਖਾਂ ਨੂੰ ਹੀ ਘਟ ਗਿਣਤੀ ਹੋਣ ਕਰਕੇ ਔਖਾ ਕੀਤਾ ਜਾ ਰਿਹਾ ਹੈ। 29 ਮਾਰਚ 1849 ਵਿਚ ਅੰਗਰੇਜ਼ੀ ਰਾਜ ਸਾਰੇ ਪੰਜਾਬ ਤੇ ਹਿੰਦੁਸਤਾਨ ਵਿਚ ਛਾ ਗਿਆ। 1850 ਤੋਂ 1900 ਦੇ ਦਰਮਿਆਨ ਕੁਝ ਲਹਿਰਾਂ ਉਠੀਆਂ। ਜਿਨ੍ਹਾਂ ਵਿਚੋਂ ਨਾਮਧਾਰੀ ਲਹਿਰ ਸਰਕਾਰ ਅੰਗਰੇਜ਼ੀ ਦੀ ਸਖ਼ਤੀ ਦਾ ਸ਼ਿਕਾਰ ਹੋ ਗਈ। 1872 ਈ: ਵਿਚ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਕਈ ਸਾਥੀ ਬਰਮਾ ਭੇਜੇ ਗਏ। ਕਈ ਕੈਦ ਹੋਏ ਤੇ ਪੰਜਾਹ ਤੋਂ ਉਪਰ ਤੋਪਾਂ ਨਾਲ ਉਡਾਏ ਗਏ। ਇਸੇ 1872 ਦੇ ਸਾਲ ਵਿਚ ਹੀ ਸ: ਠਾਕਰ ਸਿੰਘ ਸੰਧਾਵਾਲੀਏ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪੰਥਕ ਜਥੇਬੰਦੀ ਨੂੰ ਮੁਖ ਰਖ ਕੇ ਗੁਰਸਿੱਖ ਸਜਣਾਂ ਦੀ ਸਹਾਇਤਾ ਨਾਲ ਸਿੰਘ ਸਭਾ ਅੰਮ੍ਰਿਤਸਰ ਕਾਇਮ ਕੀਤੀ।

Sri Satguru Jagjit Singh Ji eLibrary NamdhariElibrary@gmail.com

ਸਿੰਘ ਸਭਾ ਲਹਿਰ ਨੇ ਬਹੁਤ ਸ਼ਾਨਦਾਰ ਤੇ ਜ਼ੋਰ ਨਾਲ ਕੰਮ ਕੀਤਾ। ਇਨ੍ਹਾਂ ਵਿਚ ਇਕ ਪਖ ਪੁਜਾਰੀਆਂ ਤੇ ਗੁਰੂ ਕੇ ਸਾਹਿਬਜ਼ਾਦਿਆਂ ਦਾ ਸੀ ਦੂਜਾ ਲੋਕਾਂ ਵਿਚੋਂ ਉਚੇ ਸੁਧਾਰਕ ਸਿੱਖਾਂ ਦਾ, ਆਖਰ ਸੁਧਾਰਕ ਸਿੱਖਾਂ ਦਾ ਪਲੜਾ ਭਾਰੀ ਰਿਹਾ। ਏਨ੍ਹਾਂ ਪਾਸ ਬੜੇ ਜ਼ੋਰਦਾਰ ਲਿਖਾਰੀ ਤੇ ਕੰਮ ਕਰਨ ਵਾਲੇ ਪ੍ਰੋ: ਗੁਰਮੁਖ ਸਿੰਘ, ਭਾਈ ਦਿੱਤ ਸਿੰਘ ਜੇਹੇ ਆਗੂ ਸਨ। ਖ਼ਾਲਸਾ ਕਾਲਜ ਬਨਾਉਣ ਵਿਚ ਪਹਿਲਾਂ ਫੁਟ ਪਈ। ਫਿਰ ਅੰਮ੍ਰਿਤਸਰ ਦਾ ਫੈਸਲਾ ਸਿਰੇ ਚੜ੍ਹ ਗਿਆ। ਕੌਮ ਵਿਚ ਪੜ੍ਹਨ ਲਿਖਣ ਦੀ ਗੱਲ ਚਲੀ। ਥੋੜ੍ਹੀ ਦੇਰ ਬਾਅਦ ਵੱਡੇ ਵੱਡੇ ਸਿੰਘ ਸਭਾਈ ਤਾਂ ਚਲ ਵਸੇ ਪਰ ਉਨ੍ਹਾਂ ਦੇ ਸਾਥੀਆਂ ਨੇ ਜ਼ੋਰ ਨਾਲ ਕੰਮ ਜਾਰੀ ਰਖਿਆ। ਬਾਬੂ ਤੇਜਾ ਸਿੰਘ, ਭਾਈ ਤਖ਼ਤ ਸਿੰਘ, ਸ: ਨਿਹਾਲ ਸਿੰਘ ਕੈਰੋਂ ਤੇ ਜਸਪਾਲੋਂ ਅਤੇ ਸਿਧਵਾਂ ਦੇ ਸਕੂਲਾਂ ਦੀ ਏਸ ਵੇਲੇ ਚਲੇ ਇਸਤ੍ਰੀ ਵਿਦਿਆ ਦਾ ਜ਼ੋਰ ਨਾਲ ਕੰਮ ਹੋਇਆ। ਸਿੰਘ ਸਭਾ ਲਹਿਰ ਨੇ ਗੁਰਮਤ ਦੀ ਬੜੇ ਕਸ਼ਟਾਂ ਵਿਚ ਸੇਵਾ ਕੀਤੀ। ਛੂਤ-ਛਾਤ ਤੋੜੀ, ਅਨੰਦ ਕਾਰਜ ਅਰੰਭ ਕਰਾਏ। ਪੰਥਕ ਜਥੇਬੰਦੀ ਕੀ ਹੁੰਦੀ ਹੈ, ਉਸ ਦੇ ਕੰਮ ਕੀ ਹੁੰਦੇ ਹਨ। ਰਾਜੇ ਤੇ ਅਮੀਰਾਂ ਤੋਂ ਲੈ ਕੇ ਆਮ ਲੋਕਾਂ ਤਕ ਸਾਂਝਾ ਜ਼ਾਬਤਾ ਜਾਰੀ ਹੋਣ ਲਗਾ। ਖ਼ਾਲਸਾ ਦੀਵਾਨ ਸ: ਅਤਰ ਸਿੰਘ ਭਦੌੜ ਦੀ ਪ੍ਰਧਾਨਗੀ ਹੇਠ ਬਣਿਆ, ਫਿਰ ਏਧਰ ਅੰਮ੍ਰਿਤਸਰ ਦੀਵਾਨ ਬਾਬਾ ਖੇਮ ਸਿੰਘ ਜੀ ਬੇਦੀ ਦੀ ਪ੍ਰਧਾਨਗੀ ਹੇਠ ਬਣਿਆ। ਬਾਬਾ ਖੇਮ ਸਿੰਘ ਸਿੱਖਾਂ ਦਾ ਇਕ ਤਰ੍ਹਾਂ ਗੁਰੂ ਕਹਾਉਂਦਾ ਸੀ। ਜਿਸਦਾ ਤ੍ਰਿਸਕਾਰ ਹੋਇਆ। ਉਸ ਦੀ ਪਿੱਠ ਪਿਛੇ ਸਾਰੇ ਪੁਜਾਰੀ ਤੇ ਖਾਨਦਾਨੀ ਸੋਢੀ ਬੇਦੀ ਕੰਮ ਕਰਦੇ ਸਨ। ਪਰ ਨਵੇਂ ਜੁਗ ਦੇ ਚਾਨਣ ਨੇ ਸਭ ਲੋਕ ਪਛਾੜ ਦਿਤੇ। ਖ਼ਾਲਸਾ ਕਾਲਜ ਦੇ ਪ੍ਰੋਫੈਸਰਾਂ ਨੇ, ਸੰਤ ਲਖਬੀਰ ਸਿੰਘ ਦੇ ਪੁੱਤਰ ਮਹਿਤਾਬ ਸਿੰਘ 'ਬੀਰ' ਦੇ ਸਿਰ ਉਤੇ ਕੜਾਹ ਪ੍ਰਸ਼ਾਦ ਰਖ ਕੇ ਜਲ੍ਹਿਆਂ ਵਾਲੇ ਬਾਗ ਤੋਂ ਜਦੋਂ ਜੈਕਾਰੇ ਲਾ ਕੇ ਹਰਿਮੰਦਰ ਵਲ ਹੱਲਾ ਬੋਲਿਆ, ਪੁਜਾਰੀ ਭੱਜ ਗਏ।

ਪ੍ਰੋ: ਤੇਜਾ ਸਿੰਘ, ਬਾਵਾ ਹਰੀਕ੍ਰਿਸ਼ਨ ਸਿੰਘ ਜਿਹੇ ਪੜੇ ਲਿਖਿਆਂ ਨੇ ਇਹ ਜੋਸ਼ ਉਭਾਰਿਆ। ਸ੍ਰੀ ਦਰਬਾਰ ਸਾਹਿਬ ਤੋਂ ਪੁਜਾਰੀਆਂ ਦੇ ਭੱਜ ਜਾਣ ਪਹਿਲਾਂ ਉਥੇ ਸਿੰਘਾਂ ਦਾ ਕਬਜ਼ਾ ਹੋਇਆ। ਫਿਰ ਅਕਾਲ ਤਖ਼ਤ ਉਤੇ ਜਥੇਦਾਰ ਤੇਜਾ ਸਿੰਘ ਭੁਚਰ ਨੂੰ ਜਥੇਦਾਰ ਥਾਪ ਕੇ ਸਾਰੀ ਰਹੁ ਰੀਤ ਸਿੰਘ ਸਭਾਈ ਗੜ੍ਹ ਗੱਜ ਖ਼ਾਲਸਾ ਦੀਵਾਨ ਤੇ ਸਾਂਝਾ ਦੀਵਾਨ ਨੇ ਸੰਭਾਲ ਲਈ, ਜਿਸਦੀ ਮਦਦ ਲਈ ਮਾਲਵੇ ਤੋਂ ਧੂਰੀ ਦੀਵਾਨ ਵਾਲੇ ਵੀ ਪੁਜ ਗਏ। ਨਿਹੰਗ ਸਿੰਘ ਬਥੇਰਾ ਜ਼ੋਰ ਲਾਉਂਦੇ ਰਹੇ ਪਰ ਪੰਥਕ ਸ਼ਕਤੀ ਸਾਹਮਣੇ ਖੜੇ ਨਾ ਰਹਿ ਸਕੇ।

1920-21 ਵਿਚ ਪੰਜਾਬ ਵਿਚ ਤਿੰਨ ਲਹਿਰਾਂ ਚਲ ਰਹੀਆਂ ਸਨ। ਕਾਂਗਰਸ ਦੀ ਨਾਂ ਮਿਲਵਰਤਨ ਲਹਿਰ, ਅਕਾਲੀ ਲਹਿਰ, ਤੀਜੀ ਖਿਲਾਫਤ ਲਹਿਰ। ਜਦ

Sri Satguru Jagjit Singh Ji eLibrary NamdhariElibrary@gmail.com

ਕਾਂਗਰਸ ਨੇ ਕਲਕੱਤੇ ਵਿਚ ਸਪੈਸ਼ਲ ਸਮਾਗਮ ਲਾਲਾ ਲਾਜਪਤ ਰਾਇ ਦੀ ਪ੍ਰਧਾਨਗੀ ਹੇਠ ਕੀਤਾ ਤੇ ਨਾ ਮਿਲਵਰਤਨ ਦਾ ਮਤਾ ਪਾਸ ਕੀਤਾ । ਉਨ੍ਹੀਂ ਦਿਨੀਂ ਹੀ ਸ: ਹਰਚੰਦ ਸਿੰਘ ਲਾਇਲਪੁਰੀ ਆਦਿ ਨੇ ਹਿੰਮਤ ਕਰਕੇ ਸੈਂਟਰਲ ਸਿੱਖ ਲੀਗ ਕਾਇਮ ਕੀਤੀ ਤੇ ਇਸ ਦਾ ਪਹਿਲਾ ਸਮਾਗਮ ਲਾਹੌਰ ਵਿਚ ਬੜੀ ਧੂਮ ਨਾਲ ਸ: ਖੜਕ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ । ਪਹਿਲਾਂ ਤਾਂ ਲੀਗ ਵਿਚ ਸਰਕਾਰ ਪੂਜ ਖਿਆਲਾਂ ਦੇ ਹੀ ਸੱਜਣ ਸਨ, ਪਰ ਪਿਛੋਂ ਕੌਮੀ ਖਿਆਲਾਂ ਦੇ ਸੱਜਣਾਂ ਦਾ ਜ਼ੋਰ ਪੈ ਗਿਆ ਤੇ ਸੈਂਟਰਲ ਸਿਖ ਲੀਗ ਨੇ ਨਾ ਮਿਲਵਰਤਨ ਦਾ ਮਤਾ ਪਾਸ ਕਰ ਦਿੱਤਾ । ਸਿਖ ਲੀਗ ਦਾ 1923 ਤੱਕ ਚੰਗਾ ਜ਼ੋਰ ਰਿਹਾ ਪਰ ਨਾਭੇ ਤੇ ਜੈਤੋ ਦਾ ਮੋਰਚਾ ਲੰਬਾ ਹੋ ਜਾਣ ਕਰਕੇ ਸਾਰੀ ਕੌਮ ਉਸ ਪਾਸੇ ਰੁਝ ਗਈ ਤੇ ਸਿਖ ਲੀਗ ਦਾ ਕੰਮ ਮਧਮ ਪੈ ਗਿਆ । ਸਿੱਖ ਲੀਗ ਵਲੋਂ ਅਕਾਲੀ ਵਾਲੰਟੀਅਰ ਨਾ ਨਿਲਵਰਤਨ ਦਾ ਝੰਡਾ ਲੈ ਕੇ ਸਤਿਆਗ੍ਰਹਿ ਵਿਚ ਸ਼ਾਮਲ ਹੋਏ । ਸ: ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਨਾ ਮਿਲਵਰਤਨ ਦਾ ਮਤਾ ਪਾਸ ਹੋਇਆ । ਸਰਦਾਰ ਸਾਹਿਬ ਨੇ ਇਸ ਮਤੇ ਦੀ ਪੂਰੀ ਪਾਲਣਾ ਕੀਤੀ, ਤੇ ਸਰਕਾਰ ਨਾਲ ਕਿਸੇ ਸਮੇਂ ਭੀ ਮਿਲਵਰਤਨ ਨਾ ਕੀਤਾ । ਅਮੀਰ ਤਬਕੇ ਵਿਚੋਂ ਵਧ ਤੋਂ ਵਧ ਨੁਕਸਾਨ ਸ: ਖੜਕ ਸਿੰਘ ਜੀ ਨੇ ਝਲਿਆ, ਆਪ ਦੀ ਬਹੁਤ ਸਾਰੀ ਜਾਇਦਾਦ ਵਿਕ ਗਈ । ਆਪ ਉਸ ਵੇਲੇ ਇਕ ਲੱਖ ਰੁਪਏ ਦੇ ਕਰਜ਼ਦਾਰ ਹੋ ਗਏ । ਆਪ ਦਾ ਨੌਜਵਾਨ ਸਪੁੱਤਰ ਪ੍ਰਿਥੀਪਾਲ ਸਿੰਘ ਭੀ ਜੁਆਨੀ ਦੀ ਉਮਰ ਵਿਚ ਚਲਾਣਾ ਕਰ ਗਿਆ । 1928 ਵਿਚ ਬਾਬਾ ਜੀ ਨੇ ਸਾਈਮਨ ਕਮਿਸ਼ਨ ਦੇ ਬਾਈਕਾਟ ਤੇ ਨਹਿਰੂ ਰਿਪੋਰਟ ਵਿਰੁਧ ਡਟ ਕੇ ਕੰਮ ਕੀਤਾ । 1929 ਵਿਚ ਆਪ ਦਾ ਨਾਮ ਲਾਲਾ ਦੁਨੀ ਚੰਦ ਅੰਬਾਲਾ ਨੇ ਕਾਂਗਰਸ ਦੀ ਪ੍ਰਧਾਨਗੀ ਲਈ ਪੇਸ਼ ਕੀਤਾ ਪਰ ਕਾਂਗਰਸ ਵਾਲਿਆਂ ਨੇ ਇਹ ਗਲ ਨਾ ਮੰਨੀ, ਹਾਲਾਂ ਕਿ ਬਾਬਾ ਜੀ ਡੇਰਾ ਗਾਜ਼ੀ ਖਾਂ ਜੇਲ ਵਿਚ ਚਾਰ ਸਾਲ ਗਾਂਧੀ ਟੋਪੀ ਦੀ ਖ਼ਾਤਰ ਨੰਗੇ ਰਹੇ । ਆਪ ਦੀ ਅਖੀਰਲੀ ਉਮਰ ਦੀ ਸ਼ੇਰ ਵਾਲੀ ਗਰਜ ਵਿਚ ਉਹ ਤਕਰੀਰ ਹੈ ਜੋ ਆਪ ਨੇ 1941-42 ਵਿਚ ਗੁਰੂ ਕੇ ਬਾਗ ਅੰਮ੍ਰਿਤਸਰ ਵਿਚ ਸਰਕਾਰ ਦੇ ਵਿਰੁਧ ਕੀਤੀ ਸੀ । ਆਪ ਨੇ ਕਿਹਾ ਕਿ 'ਹਿਟਲਰ ਮਰਦ ਹੈ, ਅਗਰ ਉਸ ਨੂੰ ਖੜਕ ਸਿੰਘ ਛਾਤੀ ਨਾਲ ਨਾ ਲਾਵੇ, ਕੌਣ ਲਾਏਗਾ ? ਹਿਟਲਰ ਅੰਗਰੇਜ਼ਾਂ ਦੇ ਪਾਪਾਂ ਦਾ ਰੂਪ ਧਾਰ ਕੇ ਆਇਆ ਹੈ । ਆਪ ਨੇ ਕਦੇ ਜੇਲ੍ਹ ਵਿਚ ਭੀ ਸਰਕਾਰੀ ਅਫਸਰਾਂ ਨੂੰ ਬਤੌਰ ਹਾਕਮ ਆਪਣਾ ਸਤਿਕਾਰ ਪੇਸ਼ ਨਹੀਂ ਕੀਤਾ ਸੀ ।

ਜਦੋਂ 1920 ਦੀ ਮਾਰਚ ਵਿਚ 1914-15 ਦੇ ਬਹੁਤ ਸਾਰੇ ਦੇਸ਼ ਭਗਤ ਰਿਹਾ ਹੋ ਕੇ ਆਏ ਤਦ ਸੰਤ ਬਾਬਾ ਵਸਾਖਾ ਸਿੰਘ ਜੀ ਦਦੇਹਰ ਨੇ ਜੇਲ੍ਹਾਂ ਵਿਚ ਕਸ਼ਟ ਝਲ

Sri Satguru Jagjit Singh Ji eLibrary NamdhariElibrary@gmail.com

ਰਹੇ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ 'ਸਿਖ ਦੇਸ਼ ਭਗਤ ਪ੍ਰਵਾਰ ਸਹਾਇਕ' ਨਾਮੇ ਕਮੇਟੀ ਕਾਇਮ ਕੀਤੀ। ਬਾਬਾ ਜੀ ਦੀ ਹਿੰਮਤ ਤੇ ਮਿਹਨਤ ਦੇ ਸਦਕੇ ਇਹ ਕਮੇਟੀ 1930 ਤਕ ਚੰਗਾ ਕੰਮ ਕਰਦੀ ਰਹੀ। ਫੇਰ ਏਸ ਵਿਚ ਕਮਿਊਨਿਸਟ ਖਿਆਲਾਂ ਦੇ ਸੱਜਣਾਂ ਦਾ ਜ਼ੋਰ ਪੈ ਗਿਆ, ਤੇ ਇਸ ਦੇ ਨਾਮ ਨਾਲੋਂ 'ਸਿੱਖ' ਲਫਜ਼ ਹਟਾ ਦਿਤਾ ਗਿਆ। ਹੌਲੀ ਹੌਲੀ ਇਹ ਕਮੇਟੀ ਬਾਬਾ ਸੋਹਨ ਸਿੰਘ ਭਕਨਾ ਆਦਿ ਦੇ ਪ੍ਰਬੰਧ ਵਿਚ ਹੀ ਲੀਨ ਹੋ ਗਈ। ਇਸ ਕਮੇਟੀ ਦੀ ਇਹ ਸੇਵਾ ਸ਼ਲਾਘਾਯੋਗ ਹੈ। ਇਸ ਨੇ ਸਭ ਦੇਸ਼ ਭਗਤ ਪਰਵਾਰਾਂ ਨੂੰ ਬਿਨਾਂ ਜ਼ਾਤ ਕੌਮ ਤੇ ਮਜ਼ਹਬ ਦੇ ਲਿਹਾਜ਼ ਦੇ ਸਹਾਇਤਾ ਵੰਡੀ।

1933-34 ਵਿਚ ਪੁਰਾਣੇ ਅਕਾਲੀ ਵਰਕਰ ਤੇ ਲੀਡਰ ਸਜਣਾਂ ਵਿਚੋਂ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋਫੈਸਰ ਨਿਰੰਜਨ ਸਿੰਘ (ਮਾਸਟਰ ਤਾਰਾ ਸਿੰਘ ਜੀ ਦੇ ਭਰਾਤਾ), ਹੈਡ ਮਾਸਟਰ ਮਹਿਤਾਬ ਸਿੰਘ, ਸ: ਬਖਸ਼ੀਸ਼ ਸਿੰਘ, ਸ: ਗੁਰਦਿੱਤ ਸਿੰਘ ਬਹਿਲੋਲਪੁਰੀ, ਪ੍ਰੋਫੈਸਰ ਤੇਜਾ ਸਿੰਘ ਆਦਿ ਕਈ ਪੜ੍ਹੇ ਲਿਖੇ ਸੱਜਣਾਂ ਨੇ ਪੰਥ ਦੀ ਏਕਤਾ ਲਈ ਅਕਾਲੀ ਪਾਰਟੀ ਤੇ ਗਿਆਨੀ ਸ਼ੇਰ ਸਿੰਘ ਦੀ ਖ਼ਾਲਸਾ ਪਾਰਟੀ ਤੋਂ ਵਖਰੀ 'ਗੁਰ ਸੇਵਕ ਸਭਾ' ਨਾਮ ਦੀ ਜਥੇਬੰਦੀ ਬਣਾਈ। ਇਨ੍ਹਾਂ ਨੇ ਦੋਹਾਂ ਪਾਰਟੀਆਂ ਦਾ ਸਮਝੌਤਾ ਕਰਾਉਣ ਦਾ ਯਤਨ ਵੀ ਕੀਤਾ। ਸਮੇਂ ਦੇ ਰੰਗ ਹਨ। 1926 ਦੀ ਜਨਵਰੀ ਵਿਚ ਕਿਲ੍ਹਾ ਲਾਹੌਰ ਤੋਂ ਆਉਣ ਵਾਲੇ ਸੱਜਣਾਂ ਵਿਚ ਮੋਹਰੀ ਵੀ ਏਹੋ ਸਜਣ ਸਨ। ਪਰ ਪਿਛੋਂ ਏਹ ਆਪਣੀ ਪਹਿਲੀ ਪਾਰਟੀ ਸ: ਬ: ਮਹਿਤਾਬ ਸਿੰਘ ਪਾਰਟੀ ਨੂੰ ਛੱਡ ਕੇ ਗਏ। ਬਾਵਾ ਜੀ ਸਿਆਣੇ ਵੀ ਸਨ ਪਰ ਨਾਲ ਜੋਸ਼ੀਲੇ ਵੀ ਸਨ, ਜਿਸ ਕਰਕੇ ਆਪ ਦੇ ਸਦਕੇ ਕਈ ਗਲਤੀਆਂ ਐਸੀਆਂ ਹੋਈਆਂ, ਜਿਨ੍ਹਾਂ ਕਰਕੇ ਨਾਭੇ ਦਾ ਸਵਾਲ ਵੀ ਖਰਾਬ ਹੋਇਆ ਤੇ ਅਕਾਲੀ ਲਹਿਰ ਦਾ ਅੰਤ ਵੀ ਚੰਗਾ ਨਾ ਹੋਇਆ।

11 ਮਈ 1934 ਨੂੰ ਪ੍ਰੋਫੈਸਰ ਨਿਰੰਜਨ ਸਿੰਘ ਜੀ ਨੇ ਦਾਸ ਨੂੰ ਖ਼ਾਲਸਾ ਕਾਲਜ ਬੁਲਾ ਕੇ ਪ੍ਰੇਰਨਾ ਕੀਤੀ ਕਿ ਤੁਸੀਂ ਆਪਣੀ ਪਾਰਟੀ ਛੱਡ ਕੇ ਸਾਡੇ ਨਾਲ ਆ ਰਲੋ (ਦਾਸ ਉਨ੍ਹੀਂ ਦਿਨੀਂ ਗਿਆਨੀ ਸ਼ੇਰ ਸਿੰਘ ਦੇ ਅਖ਼ਬਾਰ 'ਸਿਖ ਸੇਵਕ' ਵਿਚ ਕੰਮ ਕਰਦਾ ਹੁੰਦਾ ਸੀ) ਆਪ ਨੇ ਏਹ ਵੀ ਕਿਹਾ ਕਿ ਮੈਨੂੰ ਇਹ ਤਜਵੀਜ਼ ਸ: ਈਸ਼ਰ ਸਿੰਘ ਮਝੈਲ ਨੇ ਦੱਸੀ ਹੈ। ਦਾਸ ਨੇ ਪ੍ਰੋਫੈਸਰ ਸਾਹਿਬ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਮੇਰਾ ਇਕ ਸ਼ੱਕ ਦੂਰ ਕਰ ਦਿਓ, ਫਿਰ ਮੈਂ ਗੁਰਸੇਵਕ ਸਭਾ ਵਿਚ ਸ਼ਾਮਲ ਹੋ ਜਾਵਾਂਗਾ। ਮੇਰਾ ਸ਼ੱਕ ਇਹ ਹੈ ਕਿ 'ਗੁਰਸੇਵਕ ਸਭਾ' ਅੰਦਰਖਾਤਿਉਂ ਮਾਸਟਰ ਤਾਰਾ ਸਿੰਘ ਪਾਰਟੀ ਦੀ ਸਹਾਇਤਾ ਲਈ ਬਣੀ ਹੈ। ਗਲਬਾਤ ਏਥੇ ਖ਼ਤਮ ਹੋ ਗਈ। ਫੇਰ ਕਦੇ ਇਸ ਪ੍ਰਥਾਇ ਗਲ ਨਹੀਂ ਹੋਈ। ਗੁਰਸੇਵਕ ਸਭਾ ਵਾਲੇ ਮਾਸਰਟ ਤਾਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

ਤੇ ਮਹਾਰਾਜਾ ਪਟਿਆਲਾ ਵਿਚਕਾਰ ਵੀ ਝਗੜਾ ਮੁਕਾਉਣਾ ਚਾਹੁੰਦੇ ਸਨ । ਉਧਰ ਸ: ਮਹਿੰਦਰ ਸਿੰਘ ਸਿਧਵਾਂ ਵੀ ਇਸ ਯਤਨ ਵਿਚ ਸਨ । ਇਨ੍ਹਾਂ ਦੇ ਨਾਲ ਸ: ਆਤਮਾ ਸਿੰਘ ਇੰਜੀਨੀਅਰ ਪਟਿਆਲਾ ਤੇ ਸ: ਜੋਗਿੰਦਰ ਸਿੰਘ ਪਟਿਆਲਾ ਆਦਿ ਸਜਣ ਸਨ । ਇਹ ਗਲਬਾਤ ਸ: ਰਘੁਬੀਰ ਸਿੰਘ ਪੁਲਿਸ ਜਰਨੈਲ ਪਟਿਆਲਾ ਰਾਹੀਂ ਕਰ ਰਹੇ ਸਨ । ਮਾਸਟਰ ਤਾਰਾ ਸਿੰਘ 1934 ਦੇ ਕੁਝ ਦਿਨ ਬਨਵਾਸ ਲਈ ਵੀ ਚਲੇ ਗਏ ਸਨ । ਓੜਕ 19 ਜਨਵਰੀ 1935 ਨੂੰ ਸ: ਸੇਵਾ ਸਿੰਘ ਠੀਕਰੀਵਾਲਾ ਪਰਜਾ ਮੰਡਲ ਦੇ ਲੀਡਰ ਜੇਲ੍ਹ ਵਿਚ ਭੁਖ ਹੜਤਾਲ ਨਾਲ ਚਲਾਣਾ ਕਰ ਗਏ । ਆਪ ਦੇ ਚਲਾਣਾ ਤੋਂ ਪਿਛੋਂ ਮਹਾਰਾਂਜਾ ਭੁਪਿੰਦਰ ਸਿੰਘ ਪਟਿਆਲਾ ਤੇ ਮਾਸਟਰ ਤਾਰਾ ਸਿੰਘ ਵਿਚਕਾਰ ਸਮਝੌਤਾ ਹੋ ਗਿਆ । ਇਸ ਸਮਝੌਤੇ ਤੋਂ ਸ: ਹਰਚੰਦ ਸਿੰਘ ਜੇਜੀ ਤੇ ਹੋਰ ਪਰਜਾ ਮੰਡਲ ਵਾਲੇ ਸਜਣ, ਮਾਸਟਰ ਜੀ ਦੇ ਵਿਰੁੱਧ ਹੋ ਗਏ । ਸਮਝੌਤੇ ਦਾ ਕਰੈਡਿਟ 'ਗੁਰਸੇਵਕ ਸਭਾ' ਨੂੰ ਮਿਲਿਆ । ਪਰਜਾ ਮੰਡਲ ਵਾਲੇ ਮਾਸਟਰ ਜੀ ਦੇ ਮਗਰ ਹੱਥ ਧੋ ਕੇ ਪੈ ਗਏ । ਪਰ ਸਿੱਟਾ ਇਹ ਨਿਕਲਿਆ ਕਿ ਪਰਜਾ ਮੰਡਲ ਦੀ ਤਾਕਤ ਖ਼ਤਮ ਹੋ ਗਈ । ਕਿਉਂਕਿ ਅਕਾਲੀ ਪਾਰਟੀ ਦੀ ਉਸ ਨੂੰ ਜੋ ਹਮਾਇਤ ਹਾਸਲ ਸੀ, ਉਹ ਜਾਂਦੀ ਰਹੀ । ਸ: ਹਰਚੰਦ ਸਿੰਘ ਜੇਜੀ ਨੇ ਬਹੁਤ ਗੁੱਸਾ ਕੀਤਾ ਤੇ ਕਿਹਾ ਕਿ ਮੇਰਾ ਜ਼ੇਵਰ ਆਦਿ ਦਾ ਹਜ਼ਾਰਾਂ ਰੁਪਏ ਨੁਕਸਾਨ ਹੋਇਆ ਸੀ । ਸ: ਰਘੁਬੀਰ ਸਿੰਘ ਪਟਿਆਲਾ ਨੇ ਕਿਹਾ ਕਿ ਸ: ਹਰਚੰਦ ਸਿੰਘ ਜੀ ਜੇਜੀ ਸ੍ਰੀ ਅਕਾਲ ਤਖ਼ਤ ਸਾਹਿਬ ਆ ਕੇ ਕਹਿ ਦੇਣ ਤਦ ਰਿਆਸਤ ਸਾਰਾ ਨੁਕਸਾਨ ਉਨ੍ਹਾਂ ਨੂੰ ਅਦਾ ਕਰ ਦੇਵੇਗੀ । ਫੇਰ ਸ: ਸਾਹਿਬ ਨੇ ਕਿਹਾ ਕਿ 'ਕੀ ਮੇਰੀ ਇਜ਼ਤ ਦਾ ਕੋਈ ਮੁਲ ਨਹੀਂ ।' ਮਾ: ਤਾਰਾ ਸਿੰਘ ਜੀ ਨੇ ਮੈਨੂੰ ਕਿਹਾ ਕਿ "ਅਸੀਂ ਮਹਾਰਾਜੇ ਨੂੰ ਜੈਸਾ ਸਮਝਦੇ ਹਾਂ, ਵੈਸਾ ਹੀ ਸਮਝਦੇ ਹਾਂ" ਪਰ ਅਸੀਂ ਇਹ ਸਮਝੌਤਾ ਕਰ ਲਿਆ ਹੈ ਹੁਣ ਬਦਲਣਾ ਨਹੀਂ ।

ਗੁਰਸੇਵਕ ਸਭਾ ਦਾ ਦੌਰ ਦੌਰਾ ਸ਼ਰੋਮਣੀ ਕਮੇਟੀ ਦੀ 1936 ਦੀ ਚੋਣ ਤਕ ਚੰਗਾ ਰਿਹਾ । ਪੰਥ ਵਿਚ ਬਿਨਾਂ ਮੁਕਾਬਲਾ ਚੋਣ ਕਰਾਉਣ ਦਾ ਸਵਾਲ ਇਸ ਵਾਰ 1914-15 ਵਾਲੇ ਬਾਬਿਆਂ ਦੇ ਸਪੁਰਦ ਕਰ ਦਿਤਾ ਗਿਆ ਤੇ ਬਾਬਾ ਵਸਾਖਾ ਸਿੰਘ ਜੀ (ਸੰਤ) ਦਦੇਹਰ ਵਾਲਿਆਂ ਨੂੰ ਏਹ ਕੰਮ ਸੌਂਪਿਆ ਗਿਆ । ਉਨ੍ਹਾਂ ਦੇ ਨਾਲ ਮਾਸਟਰ ਈਸ਼ਰ ਸਿੰਘ ਤਰਨਤਾਰਨ ਤੇ ਸ: ਤੇਜਾ ਸਿੰਘ ਚੂੜਕਾਣਾ ਸਹਾਇਕ ਦਾ ਕੰਮ ਕਰਦੇ ਸਨ । ਇਹ ਕੰਮ ਬੜਾ ਬਿਖੜਾ ਸੀ । ਬਾਬਾ ਵਸਾਖਾ ਸਿੰਘ ਜੀ ਨੇ ਇਹ ਕੰਮ ਬਾਬਾ ਸੋਹਨ ਸਿੰਘ ਭਕਨਾ ਦੇ ਸਪੁਰਦ ਕਰ ਦਿਤਾ । ਪਰ ਚੋਣ ਦਾ ਕੰਮ ਟੇਢੀ ਖੀਰ ਸੀ । ਬਾਬਾ ਸੋਹਣ ਸਿੰਘ ਤਾਂ ਨਾਮ ਮਾਤਰ ਹੀ ਆਗੂ ਸਨ । ਕੰਮ ਸਾਰਾ ਗੁਰ ਸੇਵਕ ਸਭਾ ਵਾਲੇ ਸੱਜਣ ਹੀ ਕਰਦੇ ਸਨ । ਖੜੇ ਹੋਣ ਵਾਲੇ ਉਮੀਦਵਾਰਾਂ ਦੀਆਂ

Sri Satguru Jagjit Singh Ji eLibrary NamdhariElibrary@gmail.com

ਲਿਸਟਾਂ ਪ੍ਰੋਫੈਸਰ ਨਿਰੰਜਨ ਸਿੰਘ ਜੀ ਦੇ ਮਕਾਨ ਖ਼ਾਲਸਾ ਕਾਲਜ ਵਿਚ ਬਣੀਆਂ। ਗੁਰ ਸੇਵਕ ਸਭਾ ਵਾਲੇ ਸੱਜਣਾਂ ਦਾ ਇਸ ਫੈਸਲੇ ਵਿਚ ਬਹੁਤ ਝੁਕਾਉ ਅਕਾਲੀ ਪਾਰਟੀ ਵਲ ਹੀ ਰਿਹਾ। ਓੜਕ ਉਹ ਸ਼ੱਕ ਕਿਸੇ ਹੱਦ ਤਕ ਸਾਬਤ ਹੋ ਗਿਆ ਕਿ ਗੁਰਸੇਵਕ ਸਭ ਅਕਾਲੀ ਪਾਰਟੀ ਦੀ ਹਮਾਇਤ ਲਈ ਖੜੀ ਹੋਈ ਹੈ। ਮੁਕਦੀ ਗੱਲ ਏਹ ਹੈ ਕਿ ਬਾਬਾ ਸੋਹਨ ਸਿੰਘ ਵਾਲਾ ਫੈਸਲਾ ਭੀ ਵਿਚੇ ਰੁਲ ਗਿਆ। ਦੋਹਾਂ ਪਾਰਟੀਆਂ ਨੇ ਚੋਣ ਲੜੀ। ਮਾਸਟਰ ਤਾਰਾ ਸਿੰਘ ਜੀ ਦੀ ਬਹੁਸੰਮਤੀ ਆਈ ਤੇ ਖ਼ਾਲਸਾ ਪਾਰਟੀ ਘਟ ਗਿਣਤੀ ਵਿਚ ਰਹੀ। ਗੁਰਸੇਵਕ ਸਭਾ ਦਾ ਦੋਹਾਂ ਪਾਰਟੀਆਂ ਵਿਚ ਸਮਝੌਤਾ ਕਰਾਉਣ ਦਾ ਯਤਨ ਭੀ ਸਫਲ ਨਾ ਹੋਇਆ। ਫੇਰ ਗੁਰਸੇਵਕ ਸਭਾ ਨੇ ਪੰਜਾ ਸਾਹਿਬ ਗੁਰਦੁਆਰੇ ਤੋਂ ਕਰਜ਼ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਦੀਆਂ ਸੈਂਚੀਆਂ ਛਪਵਾਈਆਂ। ਇਸ ਸਭਾ ਦੇ ਕੰਮ ਦੀ ਵਡੀ ਯਾਦਗਾਰ ਹੈ। ਇਸ ਤੋਂ ਬਾਦ ਇਸ ਸਭਾ ਦਾ ਸਿਲਸਿਲਾ ਭੀ ਖਤਮ ਹੋ ਗਿਆ। 1936 ਵਿਚ ਵਡੀ ਗਲ ਏਹ ਜ਼ਰੂਰੀ ਹੋਈ ਸੀ ਕਿ ਡਾਕਟਰ ਅੰਬੇਦਕਰ ਅਛੂਤਾਂ ਦੇ ਲੀਡਰ ਨੇ ਸਿੱਖ ਬਣਨ ਦੀ ਇੱਛਾ ਪ੍ਰਗਟ ਕੀਤੀ। ਅੰਮ੍ਰਿਤਸਰ ਵਿਚ ਇਕ ਵੱਡੀ ਭਾਰੀ ਸਰਬ ਹਿੰਦ ਸਿੱਖ ਮਿਸ਼ਨ ਨਾਂ ਹੇਠ ਕਾਨਫਰੰਸ ਕੀਤੀ ਗਈ। ਧੁਰ ਦੱਖਣ ਦੇ ਕੁਝ ਅਛੂਤਾਂ ਨੂੰ ਅੰਮ੍ਰਿਤ ਭੀ ਛਕਾਇਆ ਗਿਆ। ਡਾਕਟਰ ਅੰਬੇਦਕਰ ਨੇ ਕਾਨਫਰੰਸ ਵਿਚ ਲੈਕਚਰ ਭੀ ਦਿਤਾ। ਪੰਜਾਬ ਤੋਂ ਬਾਹਰ ਸਿੱਖੀ ਪਰਚਾਰ ਕਰਨ ਲਈ ਪੰਥ ਵਿਚ ਬੜਾ ਉਤਸ਼ਾਹ ਪੈਦਾ ਹੋਇਆ। ਪਰ ਡਾ: ਅੰਬੇਦਕਰ ਸਿੱਖ ਬਾ ਬਣੇ। (ਗੁਜ਼ਰ ਜਾਣ ਤੋਂ ਪਹਿਲਾਂ ਉਹ ਬੋਧੀ ਹੋ ਗਏ ਸਨ), ਉਨ੍ਹਾਂ ਦੇ ਲੜਕੇ ਖ਼ਾਲਸਾ ਕਾਲਜ ਵਿਚ ਪੜ੍ਹਨ ਭੀ ਆਏ ਪਰ ਚਲੇ ਗਏ। ਉਸ ਵੇਲੇ ਕਈ ਹਿੰਦੂ ਲੀਡਰਾਂ ਨੇ ਕਿਹਾ ਸੀ ਕਿ ਜੇ ਅੰਬੇਦਕਰ ਸਿੱਖ ਬਣ ਜਾਵੇ ਤੇ ਅਛੂਤ ਸਿੱਖ ਬਣ ਜਾਣ ਤਦ ਸਾਨੂੰ ਕੋਈ ਇਤਰਾਜ਼ ਨਹੀਂ। ਪਰ ਉਸ ਦਾ ਭਰੋਸਾ ਨਹੀਂ ਕਿ ਉਹ ਸਿੱਖ ਬਣੇ। ਉਹ ਮਤਲਬੀ ਆਦਮੀ ਹੈ। ਸਰਬ ਹਿੰਦ ਸਿਖ ਮਿਸ਼ਨ ਬੜੇ ਉਤਸ਼ਾਹ ਨਾਲ ਕਾਇਮ ਹੋਇਆ। ਪਰ ਅਫਸੋਸ ਕਿ ਇਹ ਮੁਢ ਤੋਂ ਭੀ ਅਗੇ ਨਾ ਚਲ ਸਕਿਆ। ਸਿੱਖਾਂ ਨੇ ਸਾਬਤ ਕਰ ਦਿਤਾ ਕਿ ਉਹ ਪੰਜਾਬ ਤੋਂ ਬਾਹਰ ਦੇ ਪ੍ਰਦੇਸ਼ਾਂ ਵਿਚ ਜਾ ਕੇ ਸਿੱਖੀ ਪ੍ਰਚਾਰ ਨਹੀਂ ਕਰ ਸਕਦੇ। ਉਹ ਬਾਹਰਲੇ ਸਿੱਖਾਂ ਦੀ ਸੰਭਾਲ ਨਹੀਂ ਕਰ ਸਕਦੇ। ਉਹ ਨਿਯਮਤ ਤੌਰ ਪਰ ਇਸੇ ਚੀਜ਼ ਨੂੰ ਚਲਾਉਣ ਵਿਚ ਮਾਹਰ ਨਹੀਂ। ਉਨ੍ਹਾਂ ਨੂੰ ਪੰਜਾਬ ਵਿਚ ਆਪਣੇ ਪਾਰਟੀ ਝਗੜਿਆਂ ਤੋਂ ਵੀ ਵਿਹਲ ਨਹੀਂ ਮਿਲਦੀ। ਇਸੇ ਤਰ੍ਹਾਂ ਸਰਬ ਸਿੰਦ ਸਿੱਖ ਮਿਸ਼ਨ ਦਾ ਖਾਤਮਾ ਹੋ ਗਿਆ। ਸਿੱਖ ਧਰਮ ਦੇ ਪ੍ਰਚਾਰ ਦੀ ਲੋੜ ਤਾਂ ਸਭ ਅਨੁਭਵ ਕਰਦੇ ਹਨ। ਪਰ ਇਸ ਕੌਮ ਨੂੰ ਮਿਸ਼ਨਰੀ ਸਪਿਰਟ ਨਾਲ ਚਲਾਉਣ ਵਾਲਾ ਬਜਟ ਕਈ ਲਖ ਰੁਪਏ ਦਾ ਹੈ ਪਰ ਇਸ ਵਿਚੋਂ ਸ਼ਰੋਮਣੀ ਕਮੇਟੀ ਪਾਸ ਪੈਸਾ ਹੈ। ਸਾਲ ਦਾ ਬਜਟ ਕਈ ਲਖ ਰੁਪਏ ਦਾ ਹੈ ਪਰ ਇਸ ਵਿਚੋਂ ਗੁਰਬਾਣੀ ਦੀ ਖੋਜ ਤੇ ਸੰਭਾਲ

Sri Satguru Jagjit Singh Ji eLibrary NamdhariElibrary@gmail.com

ਲਈ, ਗੁਰਦੁਆਰਿਆਂ ਦੇ ਇਤਿਹਾਸ ਨੂੰ ਗੁਰਮੁੱਖੀ ਤੇ ਹਿੰਦੀ ਅੰਗਰੇਜ਼ੀ ਆਦਿ ਬੋਲੀਆਂ ਵਿਚ ਪ੍ਰਕਾਸ਼ਤ ਕਰਨ ਲਈ ਇਕ ਧੇਲਾ ਭੀ ਨਹੀਂ । ਵੋਟਾਂ ਦਾ ਤੇ ਪਾਰਟੀਬਾਜ਼ੀ ਦਾ ਸਿਲਸਿਲਾ ਪੰਥ ਤੇ ਖਾਸ ਕਰ ਸਿੱਖ ਲੀਡਰਾਂ ਦੇ ਗਲ ਐਸਾ ਪਿਆ ਹੈ ਕਿ ਏਹ ਗੋਰਖਧੰਦਾ ਬਣ ਗਿਆ ਹੈ, ਜੋ ਕਦੇ ਮੁਕਣ ਵਿਚ ਹੀ ਨਹੀਂ ਆਉਂਦਾ । ਜਿਥੇ ਰੁਪਿਆ ਗੁਰਦੁਆਰਿਆਂ ਦੇ ਪ੍ਰਬੰਧ ਲਈ ਹੈ, ਉਥੇ ਸਿੱਖੀ ਧਰਮ ਦੇ ਪ੍ਰਚਾਰ ਤੇ ਸਿੱਖ ਇਤਿਹਾਸ ਦੇ ਪ੍ਰਕਾਸ਼ਤ ਕਰਨ ਲਈ ਭੀ ਵਰਤੋਂ ਵਿਚ ਆਉਣਾ ਚਾਹੀਦਾ ਹੈ । ਹੁਣ ਪ੍ਰਦੇਸੀ ਯਾਤਰੂਆਂ ਨੂੰ ਦਰਸ਼ਨ ਹਿੱਤ ਆਉਣ ਵੇਲੇ ਗੁਰਦੁਆਰਿਆਂ ਦੀ ਵਾਕਫ਼ੀ ਦੇਣ ਹਿਤ ਕੋਈ ਮਸਾਲਾ ਪੁਸਤਕ ਦੀ ਸ਼ਕਲ ਵਿਚ ਤਿਆਰ ਨਹੀਂ ਹੈ । ਹਾਂ, ਜਦ ਚੋਣ ਆਉਂਦੀ ਹੈ, ਤਾਂ ਹਜ਼ਾਰਾਂ ਰੁਪਏ ਭਸਮ ਕਰ ਦਿਤੇ ਜਾਂਦੇ ਹਨ ।

ਜਦੋਂ ਨਾਭੇ ਪਟਿਆਲੇ ਦਾ ਮੁਕੱਮਦਾ ਖ਼ਤਮ ਹੋ ਗਿਆ ਤਾਂ ਸਰਕਾਰੀ ਅਫ਼ਸਰਾਂ ਨੇ ਮਹਾਰਾਜਾ ਰਿਪਦਮਨ ਸਿੰਘ ਨੂੰ ਤਖਤੋਂ ਉਤਾਰਨ ਦੇ ਯਤਨ ਕਰਨੇ ਅਰੰਭੇ । ਉਨ੍ਹੀਂ ਦਿਨੀ ਮਾਸਟਰ ਤਾਰਾ ਸਿੰਘ ਜੀ ਨੇ ਅਕਾਲੀ ਅਖ਼ਬਾਰ ਵਿਚ ਲੇਖ ਲਿਖਿਆ ਕਿ ਜੇ ਮਹਾਰਾਜਾ ਨਾਭਾ ਨੂੰ ਕੁਝ ਹੋ ਗਿਆ ਤਾ ਪੰਥ ਮਜ਼ਲੂਮ ਮਹਾਰਾਜੇ ਦੇ ਪਿਠ ਪਰ ਹੋਵੇਗਾ ।' ਦੋ ਰਾਜਿਆਂ ਦੀ ਜ਼ਾਤੀ ਦੁਸ਼ਮਣੀ ਤੇ ਪੈਰਾ ਸੈਟ ਪਾਵਰ ( ਸਰਕਾਰ ਅੰਗਰੇਜ਼) ਦੀ ਨੀਤੀ ਨਾਲ ਇਹ ਝਗੜਾ ਪੰਥ ਦੇ ਗਲ ਆ ਪਿਆ । ਅਕਾਲੀ ਅਖ਼ਬਾਰ ਵਿਚ ਮਹਾਰਾਜੇ ਦੇ ਹੱਕ ਵਿਚ ਬੜੀ ਐਜੀਟੇਸ਼ਨ ਹੋਈ । 17 ਜੂਨ 1923 ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਕਾਰ ਸੇਵਾ ਦਾ ਆਰੰਭ ਸੀ । ਮਹਾਰਾਜਾ ਪਟਿਆਲਾ ਤਾਂ ਅੰਮ੍ਰਿਤਸਰ ਪਹੁੰਚ ਗਏ । ਮਹਾਰਾਜਾ ਨਾਭਾ ਦੀਆਂ ਮੋਟਰਾਂ ਚਾਰ ਦਿਨ ਤਿਆਰ ਖੜ੍ਹੀਆਂ ਰਹੀਆਂ । ਪਰ ਆਪ ਦੇ ਨਿਮਕ ਹਰਾਮ ਅਹਿਲਕਾਰਾਂ ਨੇ ਆਪ ਦੇ ਇਰਦ ਗਿਰਦ ਐਸਾ ਜਾਲ ਤਣਿਆ ਕਿ ਆਪ ਅੰਮ੍ਰਿਤਸਰ ਨ ਪਹੁੰਚੇ । ਜੇ ਆਪ ਅੰਮ੍ਰਿਤਸਰ ਪਹੁੰਚ ਜਾਂਦੇ ਤਦ ਜ਼ਰੂਰ ਦੋਹਾਂ ਰਿਆਸਤਾਂ ਵਿਚ ਸਮਝੌਤਾ ਹੋ ਜਾਂਦਾ । ਇਸ ਗਲ ਨੂੰ ਸਰਕਾਰ ਅੰਗਰੇਜ਼ੀ ਤੇ ਮਹਾਰਾਜੇ ਦੇ ਅਹਿਲਕਾਰ ਸਮਝਦੇ ਸਨ ਕਿ ਸ਼ਰੋਮਣੀ ਕਮੇਟੀ ਦੀ ਜ਼ਿੰਮੇਵਾਰ ਜ਼ਰੂਰ ਸਮਝੋਤਾ ਕਰਾ ਦਿੰਦੇ । ਇਸ ਤੋਂ ਪਹਿਲਾਂ ਨਾਭਾ ਪਟਿਆਲਾ ਦੇ ਭਾਈਚਾਰੇ ਦੇ 22 ਪਿੰਡਾਂ ਦੀ ਪੰਚਾਇਤ ਨੇ ਵੀ ਯਤਨ ਕੀਤਾ । ਮਹਾਰਾਜਾ ਪਟਿਆਲਾ ਨੇ ਕਿਹਾ ਸੀ ਕਿ ਜੋ ਮਰਜ਼ੀ ਹੈ, ਲਿਖ ਕੇ ਲਿਆ ਦਿਉ । ਮੈਂ ਦਸਤਖ਼ਤ ਕਰ ਦਿਆਂਗਾ । ਮੈਂ ਭਾਈਚਾਰੇ ਨੂੰ ਮੋੜ ਨਹੀਂ ਸਕਦਾ । ਪਰ ਮਹਾਰਾਜਾ ਨਾਭਾ ਇਸ ਗਲ ਪਰ ਨਾ ਆਏ । ਫੇਰ ਨਵਾਬ ਮਲੇਰ ਕੋਟਲੇ ਨੂੰ ਸਮਝੋਤੇ ਲਈ ਸਦਿਆ ਮਹਾਰਾਜਾ ਪਟਿਆਲਾ ਤਾਂ ਪਹੁੰਚ ਗਏ, ਪਰ ਮਹਾਰਾਜਾ ਨਾਭਾ ਦੀ ਕਾਰ ਤਿਆਰ ਹੋ ਕੇ ਭੀ ਨਾ ਗਈ । ਆਪ ਦੇ ਸਲਾਹਕਾਰਾਂ ਨੇ ਆਪ ਨੂੰ ਮਲੇਰ ਕੋਟਲੇ ਨਾ ਜਾਣ ਦਿਤਾ । ਓੜਕ ਕਾਦਰ ਬਖਸ਼ ਮੋਟਰ ਡਰਾਈਵਰ ਨੂੰ ਹੁਕਮ

Sri Satguru Jagjit Singh Ji eLibrary NamdhariElibrary@gmail.com

ਹੋਇਆ ਕਿ ਮੋਟਰ ਵਾਪਸ ਲੈ ਜਾਉ । ਸਰਕਾਰ ਹਿੰਦ ਦਾ ਪੋਲੀਟੀਕਲ ਆਪ ਤੋਂ ਪਹਿਲਾਂ ਹੀ ਬਰਖਿਲਾਫ ਸੀ । ਕਿਉਂਕਿ ਆਪ ਉਨ੍ਹਾਂ ਨੂੰ ਖੁਸ਼ ਨਹੀਂ ਕਰਦੇ ਸਨ । ਇਸੇ ਲਈ ਇਹ ਹੀਰਾ ਸਿੰਘ ਦੇ ਸਮੇਂ ਹੀ ਕਿਹਾ ਕਰਦੇ ਸਨ :

'ਏਸ ਬੁੱਢੇ ਮੂਰਖ ਨੂੰ ਮਰਣ ਦਿਉ, ਫੇਰ ਅਸੀਂ ਨਾਭੇ ਨੂੰ ਦੇਖਾਂਗੇ ।'

ਮਹਾਰਾਜੇ ਦਾ ਆਪੇ ਤਖਤ ਪਰ ਬੈਠ ਜਾਣਾ, ਸਰਕਾਰ ਦੀ ਮਨਜ਼ੂਰੀ ਨਾ ਲੈਣੀ । ਸ: ਬਖਸ਼ੀਸ਼ ਸਿੰਘ ਮਿਲਟਰੀ ਸੈਕਟਰੀ ਦਾ ਝਗੜਾ । ਅਜੇਹੇ ਕਈ ਹੋਰ ਕਾਰਨ ਪੁਲਟੀਕਲ ਮਹਿਕਮੇ ਦੀ ਨਰਾਜ਼ਗੀ ਦੇ ਸਨ । ਓੜਕ ਮਹਾਰਾਜੇ ਨੂੰ ਰਜ਼ਾਮੰਦੀ ਨਾਲ ਤਖ਼ਤ ਛੱਡਣ ਦਾ ਨਾਮ ਦੇ ਕੇ ਹੇਠ ਲਿਖੀਆਂ ਸ਼ਰਤਾਂ ਪਰ ਤਖ਼ਤ ਛਡਣ ਲਈ ਮਜ਼ਬੂਰ ਕਰ ਦਿੱਤਾ ਗਿਆ :-

1. ਆਪ ਪੰਜਾਬ ਵਿਚ ਬਿਨਾ ਆਗਿਆ ਸਰਕਾਰ ਹਿੰਦ ਨਹੀਂ ਆ ਸਕਣਗੇ ।
2. ਆਪ ਸਰਕਾਰ ਦੇ ਵਫਾਦਾਰ ਰਹਿਣਗੇ ।
3. ਆਪ ਨੂੰ 25 ਹਜ਼ਾਰ ਰੁਪਿਆ ਮਹਾਵਾਰ ਖਰਚ ਮਿਲੇਗਾ ।
4. ਆਪ ਦਾ ਮਹਾਰਾਜਗੀ ਦਾ ਖਿਤਾਬ ਤੇ ਹੋਰ ਖਿਤਾਬ ਕਾਇਮ ਰਹਿਣਗੇ । ਰਿਆਸਤ ਦਾ ਪ੍ਰਬੰਧ ਇਕ ਐਡਮਨਿਸਟਰੇਟਰ ਦੇ ਹਥ ਵਿਚ ਹੋਵੇਗਾ ।
5. ਆਪ ਡੇਹਰਾਦੂਨ ਰਹਿਣਗੇ ।

ਮਹਾਰਾਜ ਦਲੀਪ ਸਿੰਘ ਨੂੰ ਤਖ਼ਤੋਂ ਉਤਰਨ ਵੇਲੇ ਵੀ ਇਸ ਤਰ੍ਹਾਂ ਦੀਆਂ ਸ਼ਰਤਾਂ ਸਨ । ਜਦ ਇਹ ਹਾਲਾਤ ਹੋ ਰਹੇ ਸਨ ਤਾਂ ਅੰਮ੍ਰਿਤਸਰ ਤੋਂ ਸੰਤ ਦੀਦਾਰ ਸਿੰਘ ਮਹਾਰਾਜ ਸਾਹਿਬ ਨੂੰ ਕਹਿਣ ਗਏ ਕਿ ਤੁਸੀ ਤਖ਼ਤ ਛੱਡਣ ਦੀ ਲਿਖਤ ਨਹੀਂ ਦੇਣੀ । ਆਪ ਦੇ ਪਹੁੰਚਣ ਵੇਲੇ ਨੂੰ ਮਹਾਰਾਜਾ ਸਾਹਿਬ ਲਿਖਤ ਦੇ ਚੁੱਕੇ ਸਨ । ਆਪ ਬੜੀ ਮੁਸ਼ਕਲ ਨਾਲ ਮਹਾਰਾਜਾ ਸਾਹਿਬ ਨੂੰ ਮਿਲੇ ਤੇ ਲਿਖਤ ਵਾਪਸ ਲੈਣ ਲਈ ਕਿਹਾ । ਲਿਖਤ ਵਾਪਸ ਲੈਣ ਲਈ ਬੰਦਾ ਵੀ ਭੇਜਿਆ, ਪਰ ਅਹਿਲਕਾਰਾਂ ਨੇ ਪੇਸ਼ ਨਾ ਜਾਣ ਦਿਤੀ ਤੇ ਉਹ ਬੰਦਾ ਲਿਖਤ ਲੈ ਜਾਣ ਵਾਲੇ ਨੂੰ ਵੇਲੇ ਸਿਰ ਨਾ ਮਿਲ ਸਕਿਆ ਅਤੇ ਲਿਖਤ ਸਰਕਾਰ ਪਾਸ ਸ਼ਿਮਲੇ ਪਹੁੰਚ ਗਈ । ਸਰਕਾਰ ਨੇ ਝੱਟ ਫੌਜ ਨਾਭੇ ਭੇਜ ਦਿੱਤੀ ਤੇ ਮਹਾਰਾਜਾ ਰਿਪੁਦਮਣ ਸਿੰਘ ਨੂੰ ਮੋਟਰ ਵਿਚ ਬਿਠਾ ਕੇ ਨਾਭੇ ਤੋਂ ਲੈ ਜਾਕੇ ਡੇਹਰਾਦੂਨ ਪੁਚਾ ਦਿੱਤਾ । ਏਹ ਘਟਨਾ 9 ਜੁਲਾਈ 1923 ਦੀ ਹੈ । ਉਸ ਵੇਲੇ ਪੰਥ ਵਿਚ ਨਾਭੇ ਸਬੰਧੀ ਅਕਾਲੀ ਅਖ਼ਬਾਰ ਦੇ ਲੇਖਾਂ ਦੇ ਕਾਰਨ ਬੜਾ ਜੋਸ਼ ਫੈਲਿਆ ਹੋਇਆ ਸੀ । ਸ਼ਰੋਮਣੀ ਕਮੇਟੀ ਦੀ ਨਵੀਂ ਚੋਣ ਵੀ ਜੁਲਾਈ ਵਿਚ ਹੋਈ ।

Sri Satguru Jagjit Singh Ji eLibrary NamdhariElibrary@gmail.com

ਚੋਣ ਤੋਂ ਪਹਿਲਾਂ ਸ਼ਰੋਮਣੀ ਕਮੇਟੀ ਨੇ ਇਸ ਭਾਵ ਦਾ ਐਲਾਨ ਕੀਤਾ ਕਿ "ਮਹਾਰਾਜੇ ਦੀ ਮਰਜ਼ੀ ਨਾਲ ਤਖਤ ਛਡਣ ਦੀ ਅਸਲੀਅਤ ਏਥੋਂ ਹੀ ਪਤਾ ਲਗ ਜਾਂਦੀ ਹੈ, ਕਿ ਮਹਾਰਾਜੇ ਨੂੰ ਨਾਭੇ ਤੋਂ ਫੌਜੀ ਪਹਿਰੇ ਵਿਚ ਡੇਹਰਾਦੂਨ ਪੁਚਾਇਆ ਗਿਆ। "ਸ਼ਰੋਮਣੀ ਕਮੇਟੀ ਦੀ ਚੋਣ ਹੋ ਗਈ। ਜਦ ਅਗਸਤ ਵਿਚ ਨਵੀਂ ਚੁਣੀ ਕਮੇਟੀ ਦੀ ਇਕੱਤ੍ਰਤਾ ਹੋਈ ਤਾਂ ਉਸ ਵਿਚ ਨਾਭੇ ਦਾ ਸਵਾਲ ਪੇਸ਼ ਹੋਇਆ ਕਿ ਇਹ ਸਵਾਲ ਲੈਣਾ ਚਾਹੀਦਾ ਹੈ ਜਾਂ ਨਹੀਂ। ਇਨ੍ਹਾਂ ਦਿਨਾਂ ਵਿਚ ਹੀ ਮਹਾਰਾਜਾ ਰਿਪੁਦਮਣ ਸਿੰਘ ਜੀ ਨੇ ਸ: ਬਹਾਦਰ ਮਹਿਤਾਬ ਸਿੰਘ ਜੀ ਨੂੰ ਚਿੱਠੀ ਲਿਖੀ ਕਿ "ਮੇਰੀ ਮਦਦ ਕਰੋ, ਨਹੀਂ ਤਾਂ ਅੰਗਰੇਜ਼ ਮੇਰੇ ਲੜਕੇ ਨੂੰ ਵਲੈਤ ਲੈ ਜਾ ਕੇ ਈਸਾਈ ਬਣਾ ਲੈਣਗੇ ਇਤਿਆਦਿ।" ਅਕਾਲੀ ਲੀਡਰ ਮਹਾਰਾਜੇ ਨੂੰ ਮਜ਼ਲੂਮ ਸਮਝ ਕੇ ਸਿੱਖੀ ਜਜ਼ਬੇ ਦੇ ਅਧੀਨ ਨਾਭਾ ਸਵਾਲ ਦੇ ਹੱਕ ਵਿਚ ਸਨ। ਤਿੰਨ ਦਿਨ ਬਹਿਸ ਹੁੰਦੀ ਰਹੀ। ਪ੍ਰਿੰਸੀਪਲ ਜੋਧ ਸਿੰਘ ਵਿਰੁਧ ਸਨ। ਆਪ ਦੀ ਵਿਰੋਧਤਾ ਦਾ ਅਰਥ ਇਹ ਲਿਖਿਆ ਗਿਆ ਕਿ ਚੀਫ਼ ਖ਼ਾਲਸਾ ਦੀਵਾਨ ਨਾਲ ਮਹਾਰਾਜੇ ਦੀ ਅਣਬਣ ਹੈ। ਇਸ ਕਰਕੇ ਇਹ ਵਿਰੋਧਤਾ ਕਰਦੇ ਹਨ ਪਰ ਆਪ ਦੀ ਵਿਰੋਧਤਾ ਆਪਣੀਆਂ ਦਲੀਲਾਂ ਤੇ ਅਸੂਲ ਦੇ ਆਧਾਰ ਪਰ ਸੀ। ਤੀਜੇ ਦਿਨ ਪ੍ਰਿੰਸੀਪਲ ਜੋਧ ਸਿੰਘ ਨੂੰ ਤਾਂ ਮੀਟਿੰਗ ਵਿਚ ਨਾ ਬੁਲਾਇਆ ਗਿਆ ਤੇ ਇਸ ਭਾਵ ਦਾ ਮਤਾ ਪਾਸ ਕੀਤਾ ਗਿਆ- "ਨਾਭਾ ਰਿਆਸਤ ਪੰਥ ਦਾ ਅੰਗ ਹੈ, ਸਰਕਾਰ ਨੇ ਮਹਾਰਾਜਾ ਨਾਭਾ ਨੂੰ ਤਖ਼ਤੋਂ ਲਾਹ ਕੇ ਪੰਥਕ ਜਥੇਬੰਦੀ ਪਰ ਸੱਟ ਮਾਰੀ ਹੈ। ਇਸ ਲਈ ਸ਼ਰੋਮਣੀ ਕਮੇਟੀ ਨਾਭੇ ਦੇ ਸਵਾਲ ਨੂੰ ਹਥ ਵਿਚ ਲੈਂਦੀ ਹੈ ਤੇ ਸ਼ਰੋਮਣੀ ਕਮੇਟੀ ਯਥਾ ਸ਼ਕਤ ਮਹਾਰਾਜਾ ਰਿਪੁਦੰਮਣ ਸਿੰਘ ਨਾਭਾ ਨਾਲ ਇਨਸਾਫ਼ ਕਰਾਉਣ ਦਾ ਯਤਨ ਕਰੇਗੀ।" ਨਾਲ ਹੀ ਮਹਾਰਾਜ ਸਾਹਿਬ ਦੇ ਹੱਕ ਵਿਚ ਐਜੀਟੇਸ਼ਨ ਕਰਨ ਲਈ 9 ਸਤੰਬਰ 1923 ਦਾ ਨਾਭਾ ਦਿਨ ਰਖਿਆ ਗਿਆ। ਇਸ ਦਿਨ ਥਾਂ ਥਾਂ ਜਲੂਸ ਕਢੇ ਗਏ, ਅਖੰਡ ਪਾਠ ਕੀਤੇ ਗਏ ਤੇ ਮਹਾਰਾਜਾ ਸਾਹਿਬ ਨਾਭਾ ਨੂੰ ਤਖ਼ਤ ਪਰ ਮੁੜ ਬਹਾਲ ਹੋਣ ਸਬੰਧੀ ਅਰਦਾਸੇ ਕੀਤੇ ਗਏ। ਅੰਗਰੇਜ਼ੀ ਇਲਾਕੇ ਵਿਚ ਤਾਂ ਇਹ ਦਿਨ ਸ਼ਾਂਤੀ ਨਾਲ ਲੰਘ ਗਿਆ। ਪਰ ਪਟਿਆਲਾ ਰਿਆਸਤ ਵਿਚ ਪੁਲਸ ਵਲੋਂ ਰੁਕਾਵਟ ਪੈਦਾ ਕੀਤੀ ਗਈ। ਸਰਕਾਰੀ ਅਫ਼ਸਰ ਪਹਿਲਾਂ ਤਾਂ ਏਹ ਕਹਿੰਦੇ ਸਨ ਕਿ ਅਖੰਡ ਪਾਠ ਕਰਕੇ ਤੁਸੀਂ ਚਲੇ ਜਾਉ, ਅਸੀਂ ਕੁਝ ਨਹੀਂ ਕਹਿੰਦੇ। ਪਰ ਅਕਾਲੀਆਂ ਹੋਰ ਅਖੰਡ ਪਾਠ ਰਖ ਦਿੱਤਾ। ਝਗੜਾ ਵਧ ਗਿਆ। ਓੜਕ ਅਖੰਡ ਪਾਠ ਦੇ ਖੰਡਨ ਹੋਣ ਦਾ ਸਵਾਲ ਖੜਾ ਹੋ ਗਿਆ ਤੇ 26 ਸਤੰਬਰ, 1923 ਨੂੰ ਜੈਤੋ ਦਾ ਮੋਰਚਾ ਲਗ ਗਿਆ।

26 ਸਤੰਬਰ 1923 ਨੂੰ ਜੈਤੋ ਦਾ ਮੋਰਚਾ ਲਗਾ, ਜਿਸਦੀ ਪ੍ਰਵਾਨਗੀ ਸ: ਤੇਜਾ ਸਿੰਘ ਸਮੁੰਦਰੀ ਨੇ ਦਿੱਤੀ ਸੀ। ਜੋ ਉਸ ਵੇਲੇ ਸ਼ਰੋਮਣੀ ਕਮੇਟੀ ਦੇ ਦਫਤਰ ਵਿਚ

Sri Satguru Jagjit Singh Ji eLibrary NamdhariElibrary@gmail.com

ਇਨਚਾਰਜ ਸਨ । ਪਹਿਲਾਂ ਪੰਝੀ ਪੰਝੀ ਸਿੰਘਾਂ ਦੇ ਜਥੇ ਅੰਮ੍ਰਿਤਸਰੋਂ ਚਲ ਕੇ ਮੁਕਤਸਰ ਹੋ ਕੇ ਜੈਤੋ ਪਹੁੰਚਦੇ । ਰਿਆਸਤ ਵਾਲੇ ਉਨ੍ਹਾਂ ਨੂੰ ਫੜ ਕੇ ਬਾਬਲ ਕਾਂਟੀ ਛਡ ਆਉਂਦੇ । ਉਥੋਂ ਜਥੇ ਵਾਲੇ ਰੀਵਾੜੀ ਹੋ ਕੇ ਅੰਮ੍ਰਿਤਸਰ ਪਹੁੰਚ ਜਾਂਦੇ । ਇਸ ਤਰ੍ਹਾਂ ਜੈਤੋ ਮੋਰਚੇ ਦਾ ਫੈਲਾਉ ਅੰਮ੍ਰਿਤਸਰ, ਮੁਕਤਸਰ, ਜੈਤੋ, ਬਾਬਲਕਾਂਟੀ ਤੇ ਰੀਵਾੜੀ ਤਕ ਹੋ ਗਿਆ । ਜਨਵਰੀ 1924 ਤੱਕ ਇਹ ਸਿਲਸਿਲਾ ਜਾਰੀ ਰਿਹਾ । ਉਨ੍ਹੀਂ ਦਿਨੀਂ ਮੁਕਤਸਰ ਗੁਰਦੁਆਰੇ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਪਿੰਡ ਇਆਲੀ ਜ਼ਿਲਾ ਲੁਧਿਆਣਾ ਸਨ । ਆਪ ਨੇ ਸ਼ਰੋਮਣੀ ਕਮੇਟੀ ਨੂੰ ਪੰਜ ਸੌ ਦਾ ਸ਼ਹੀਦੀ ਜਥਾ ਭੇਜਣ ਦੀ ਤਜਵੀਜ਼ ਲਿਖ ਭੇਜੀ । ਸ਼ਰੋਮਣੀ ਕਮੇਟੀ ਨੇ ਏਹ ਤਜਵੀਜ਼ ਵਿਚਾਰ ਕੇ ਪ੍ਰਵਾਨ ਕਰ ਲਈ । ਪਹਿਲਾ ਸ਼ਹੀਦੀ ਜਥਾ 9 ਫਰਵਰੀ 1924 ਨੂੰ ਬਸੰਤ ਪੰਚਮੀ ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ ਤੇ 21 ਫਰਵਰੀ 1924 ਨੂੰ ਜੈਤੋ ਪਹੁੰਚਿਆ । ਬਰਗਾੜੀ ਦੇ ਪੜਾਉਂ ਤੋਂ ਸ਼ਰੋਮਣੀ ਕਮੇਟੀ ਦਾ ਭੇਜਿਆ ਡਾਕਟਰ ਜਥੇ ਨੂੰ ਛਡ ਕੇ ਖਿਸਕ ਗਿਆ । ਉਨ੍ਹੀ ਦਿਨੀਂ ਡਾਕਟਰ ਕੇਹਰ ਸਿੰਘ ਪਿੰਡ ਸਿਧਵਾ ਬੇਟ ਜ਼ਿਲ੍ਹਾ ਲੁਧਿਆਣਾ ਮੁਕਤਸਰ ਵਿਚ ਰਹਿ ਰਹੇ ਸਨ ਤੇ ਜ਼ਖਮੀ ਸਿੰਘਾਂ ਦੀ ਮਰ੍ਹਮ ਪੱਟੀ ਕਰਦੇ ਹੁੰਦੇ ਸਨ । ਨਾਭਾ ਪੁਲਿਸ ਨੇ ਜਥੇ ਨੂੰ ਰੋਕਿਆ, ਸ਼ਰਤਾਂ ਸੁਣਾਈਆਂ ਤੇ ਕਿਹਾ ਜੇਕਰ ਸ਼ਰਤਾਂ ਪ੍ਰਵਾਨ ਹਨ, ਤਦ ਜਾਉਂ ਨਹੀਂ ਤਾਂ ਅਗੇ ਨਹੀਂ ਜਾ ਸਕਦੇ । ਜਥੇ ਨੇ ਸ਼ਰਤਾ ਨਾ ਮੰਨੀਆਂ ਤੇ ਅਗੇ ਵਧਣਾ ਸ਼ੁਰੂ ਕਰ ਦਿਤਾ । ਉਸ ਵੇਲੇ ਇਕ ਪਹਿਲਵਾਨ ਜੋ ਉਥੇ ਖੜਾ ਸੀ, ਉਸਦੀ ਛਿਟੀ ਅੰਗਰੇਜ਼ ਦੀ ਘੋੜੀ ਨੂੰ ਲਗ ਗਈ । ਉਸ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ । ਡਾਕਟਰ ਕੇਹਰ ਸਿੰਘ ਦਸਦੇ ਹਨ ਕਿ ਪੁਲਸ ਦਾ ਫਾਇਰ ਬਹੁਤ ਨੀਵਾਂ ਸੀ ਤੇ ਮਸ਼ੀਨ ਗੰਨ ਦਾ ਇਕੋ ਫਾਇਰ ਹੋਇਆ, ਫੇਰ ਉਸ ਵਿਚ ਗੋਲੀ ਅੜ ਗਈ ਤੇ ਉਹ ਚਲਣੋਂ ਬੰਦ ਹੋ ਗਈ । ਕਿਲ੍ਹੇ ਉਪਰੋਂ ਪਲਟਨ ਗੋਲੀ ਚਲਾ ਰਹੀ ਸੀ । ਪਰ, ਉਸਦਾ ਫਾਇਰ ਬਹੁਤ ਉਚਾ ਸੀ । ਜਾਨੀ ਨੁਕਸਾਨ ਜਥੇ ਦਾ 40-50 ਸਿੰਘਾਂ ਦਾ ਹੋਇਆ । ਪਰ ਜਦ ਗੋਲੀ ਦੀ ਪੜਤਾਲ ਸ: ਬਲਵੰਤ ਸਿੰਘ ਨਲਵਾ ਕਰ ਰਿਹਾ ਸੀ ਤਦ ਸਰਕਾਰੀ ਅਫਸਰਾਂ ਨੇ ਬਿਆਨ ਕੀਤਾ ਕਿ 27 ਹਜ਼ਾਰ ਕਾਰਤੂਸ ਉਸ ਵੇਲੇ ਚਲਾਇਆ ਗਿਆ ਸੀ । ਫਲਾਇੰਗ ਫਾਇਰ ਹੋਣ ਕਰਕੇ ਨੁਕਸਾਨ ਘਟ ਹੋਇਆ । ਭਾਈ ਚਤਰ ਸਿੰਘ ਪਿੰਡ ਰੋਡੇ ਲੰਡੇ ਘੋੜੀ ਤੇ ਚੜ੍ਹ ਕੇ ਜਥੇ ਅੱਗੇ ਜਾ ਰਿਹਾ ਸੀ ਤਦ ਖਲਕਤ ਵਿਚ ਆਮ ਅਵਾਈ ਉਡ ਗਈ ਕਿ ਗੁਰੂ ਦਸਮ ਪਾਤਸ਼ਾਹ ਆਪ ਜਥੇ ਅਗੇ ਜਾ ਰਹੇ ਹਨ । ਡਾਕਟਰ ਕੇਹਰ ਸਿੰਘ ਦੱਸਦੇ ਹਨ ਕਿ ਗੋਲੀ ਬੰਦ ਹੋਣ ਮਗਰੋਂ ਮੈਂ ਫਟੜਾਂ ਦੀ ਸੰਭਾਲ ਕਰਦਾ ਰਿਹਾ । ਮੇਰੇ ਸਾਹਮਣੇ ਹੀ ਸ: ਸੁੱਚਾ ਸਿੰਘ ਲਲਤੋਂ ਜ਼ਖਮੀ ਹੋ ਕੇ ਗੋਲੀ ਲਗਣ ਨਾਲ ਮਰ ਗਿਆ । ਇਸ ਤਰ੍ਹਾਂ ਗੋਲੀ ਚਲਣ ਨਾਲ ਹੋਰ

Sri Satguru Jagjit Singh Ji eLibrary NamdhariElibrary@gmail.com

ਵੀ ਬਹੁਤ ਮਰੇ ਤੇ ਫੱਟੜ ਹੋਏ । ਗੋਲੀ ਬੰਦ ਹੋਣ ਪਰ ਇਕ ਅੰਗਰੇਜ਼ ਫੌਜੀ ਮੇਜਰ ਆਇਆ "ਮੈਨੂੰ ਕਹਿਣ ਲਗਾ, "ਜੋ ਕੁਛ ਹੂਆ ਵੁਹ ਹੂਆ ਅਬ ਬਤਾਉ, ਹਮ ਤੁਮਾਰੀ ਕਿਆ ਮਦਦ ਕਰ ਸਕਤੇ ਹੈ ।" ਮੈ ਕਿਹਾ ਕਿ ਮੈਨੂੰ ਮਰ੍ਹਮ ਪੱਟੀ ਦਾ ਸਮਾਨ ਚਾਹੀਦਾ ਹੈ । ਉਸਨੇ ਸਮਾਨ ਨਾਲ ਇਕ ਖਚਰ ਲੱਦ ਕੇ ਭੇਜੀ । ਮੈ ਤਦ ਤਕ ਗ੍ਰਿਫਤਾਰ ਨਾ ਹੋਇਆ, ਫੱਟੜਾਂ ਦੀ ਮਲ੍ਹਮ ਪੱਟੀ ਕਰਦਾ ਰਿਹਾ । ਡਾ: ਕਿਚਲੂ ਵੀ ਉਥੇ ਗ੍ਰਿਫਤਾਰ ਹੋ ਗਏ, ਜੋ ਜਥੇ ਦੇ ਹਾਲਾਤ ਦੇਖਣ ਲਈ ਅੰਮ੍ਰਿਤਸਰ ਤੋਂ ਗਏ ਸਨ । ਰਾਤ ਨੂੰ ਜਥੇ ਦੇ ਸਿੰਘ ਕਿਲ੍ਹੇ ਵਿਚ ਵੇਹੜੇ ਵਿਚ ਹੀ ਬੈਠੇ ਰਹੇ । ਕਿਲ੍ਹੇ ਦੇ ਵੇਹੜੇ ਵਿਚ ਬੈਠਦਿਆਂ ਉਪਰ ਹੀ ਮੀਂਹ ਵੀ ਪੈ ਗਿਆ । ਸਵੇਰੇ ਦਿਨ ਚੜ੍ਹੇ ਜਦ ਵਿਲਸਨ ਜਾਨਸਟਨ ਆਇਆ, ਤਦ ਮੈਂ ਕਿਹਾ ਕਿ 'ਸਰਦੀ ਹੈ ਤੇ ਰਾਤ ਨੂੰ ਬਾਰਸ਼ ਹੋ ਗਈ ਹੈ । ਸਭ ਸਿੰਘ ਭਿੱਜੇ ਹੋਏ ਤਕਲੀਫ ਵਿਚ ਹਨ । ਮੈਂ ਡਾਕਟਰ ਹੋਣ ਕਰਕੇ ਇਨ੍ਹਾਂ ਦੀ ਹਾਲਤ ਤੁਹਾਨੂੰ ਦਸਦਾ ਹਾਂ । ਇਸ ਲਈ ਜਲਦੀ ਚਾਹ ਦੀ ਲੋੜ ਹੈ । ਵਿਲਸਨ ਬੋਲਿਆ 'ਤੁਮ ਹਮਾਰਾ ਜਵਾਈ ਹੈ, ਜੋ ਹਮ ਤੁਮ ਕੋ ਚਾਹ ਦੇ ।' ਪਰ ਜਾ ਕੇ ਉਸ ਨੇ ਚਾਹ ਦਾ ਬਹੁਤ ਅੱਛਾ ਇੰਤਜ਼ਾਮ ਕੀਤਾ ।

ਜਦੋਂ ਜਥਾ ਬਰਗਾੜੀ ਤੋਂ ਚਲਿਆ ਸੀ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜਥੇ ਦੇ ਨਾਲ ਸਨ । ਉਸ ਵੇਲੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੇ ਅਖ਼ਬਾਰ, ਸ਼ਿਕਾਗੋ ਟਰਬਿਊਨ ਦਾ ਪੱਤਰ ਪ੍ਰੇਰਕ ਮਿਸਟਰ ਜ਼ਵਿੰਡ ਵੀ ਜਥੇ ਦੇ ਨਾਲ ਸੀ । ਗੋਲੀ ਚਲਣ ਦਾ ਵਾਕਿਆ ਉਸਨੇ ਅੱਖੀਂ ਦੇਖਿਆ । ਗੋਲੀ ਚੱਲਣ ਪਿਛੋਂ ਸਰਕਾਰ ਨੇ ਅਕਾਲੀਆਂ ਪਰ ਇਹ ਅਲਜ਼ਾਮ ਲਾਇਆ ਸੀ ਕਿ ਅਕਾਲੀਆਂ ਨੇ ਪਹਿਲਾਂ ਤਸ਼ੱਦਦ ਕੀਤਾ ਤੇ ਹਮਲਾ ਕੀਤਾ ਸੀ । ਮਿਸਟਰ ਜ਼ਵਿੰਡ ਪੰਜਾਬ ਤੋਂ ਤੁਰ ਕੇ ਬੰਬਈ ਜਹਾਜ਼ ਚੜ੍ਹਨ ਲੱਗੇ ਇਕ ਚਿੱਠੀ ਮਹਾਤਮਾ ਗਾਂਧੀ ਨੂੰ ਲਿਖੀ, ਜਿਸ ਵਿਚ ਦੱਸਿਆ ਸੀ ਕਿ "ਸਿਖਾਂ ਪਾਸ ਕੋਈ ਹਥਿਆਰ ਨਹੀਂ ਸਨ, ਨਾ ਉਨ੍ਹਾਂ ਨੇ ਤਸ਼ੱਦਦ ਕੀਤਾ ।" ਆਪ ਨੇ ਗੋਲੀ ਚਲਣ ਦਾ ਵੇਰਵਾ ਤੇ ਮਿੰਟਾਂ ਦਾ ਹਿਸਾਬ ਲਿਖਿਆ ਕਿ ਤਿੰਨ ਵਾਰ ਇਤਨੇ 2 ਮਿੰਟ ਗੋਲੀ ਚਲਦੀ ਰਹੀ । ਸਿੱਖਾਂ ਦੀ ਏਹ ਖੁਸ਼ਕਿਸਮਤੀ ਸੀ ਕਿ ਇਨ੍ਹਾਂ ਦੀ ਅਸਲੀਅਤ ਦਸਣ ਲਈ ਇਕ ਪ੍ਰਦੇਸੀ ਅਖ਼ਬਾਰੀ ਨੁਮਾਇੰਦਾ ਉਸ ਵੇਲੇ ਦਾ ਗਵਾਹ ਮੌਜੂਦ ਸੀ। ਭਾਵੇਂ ਸ: ਬਲਵੰਤ ਸਿੰਘ ਨੇ ਸਰਕਾਰੀ ਰੋਹਬ ਹੇਠ ਰਿਪੋਰਟ ਅਕਾਲੀਆਂ ਦੇ ਖਿਲਾਫ਼ ਹੀ ਲਿਖੀ । ਜਿਸ ਕਰਕੇ ਨਾਭਾ ਰਿਆਸਤ ਨੇ ਦੂਲਾ ਸਿੰਘ ਰੋਡੇ, ਡ: ਜਗਜੀਤ ਸਿੰਘ ਸਿੱਧਵਾ ਖੁਰਦ, ਮਾਈ ਕਿਸ਼ਨ ਕੌਰ ਆਦਿ ਸੱਜਣਾਂ ਨੂੰ ਕਈ ਕਈ ਸਾਲ ਦੀ ਕੈਦ ਕਰਕੇ ਨਾਭਾ ਜੇਲ੍ਹ ਵਿਚ ਡਕ ਛਡਿਆ । ਜੋ ਦੋ ਤੋਂ ਤਿੰਨ ਸਾਲ ਬਾਦ ਰਿਹਾ ਹੋਏ ।

Sri Satguru Jagjit Singh Ji eLibrary NamdhariElibrary@gmail.com

ਰਿਆਸਤ ਵਾਲੇ ਗੋਲੀ ਤਾਂ ਚਲਾ ਬੈਠੇ ਪਰ ਪਿਛੋਂ ਇਨ੍ਹਾਂ ਨੂੰ ਬਹੁਤ ਚਿੰਤਾ ਹੋਈ ਤੇ ਰਾਤ ਨੂੰ ਕਾਗਜ਼ਾਤ ਤਿਆਰ ਕਰਨ ਵਿਚ ਦੇਰ ਲੱਗ ਗਈ । ਇਸ ਲਈ ਡਾਕ ਗੱਡੀ ਕਈ ਘੰਟੇ ਜੈਤੋ ਸਟੇਸ਼ਨ ਤੇ ਖੜੀ ਰਹੀ ਤੇ ਲੇਟ ਹੋ ਗਈ । ਲੋਕਾਂ ਸਮਝਿਆ ਕਿ ਗੋਲੀ ਚਲਣ ਨਾਲ ਹਜ਼ਾਰਾਂ ਆਦਮੀ ਮਾਰੇ ਗਏ ਹਨ । ਮੁਰਦੇ ਗੱਡੀ ਵਿਚ ਭਰੇ ਜਾ ਰਹੇ ਹਨ, ਜੋ ਕਿਸੇ ਦੂਰ ਥਾਂ ਤੇ ਲੈ ਜਾ ਕੇ ਖਪਾਏ ਜਾਣਗੇ । ਪਰ ਅਸਲ ਗਲ ਇਹ ਸੀ ਕਿ ਪਹਿਲੇ ਜਥੇ ਨੂੰ ਜੈਤੋ ਤੋਂ ਰੇਲ ਗੱਡੀ ਵਿਚ ਬੈਠਾ ਕੇ ਬਾਬਲਕਾਂਟੀ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ । ਪੰਜਾਬ ਵਿਚ ਗੋਲੀ ਚਲਣ ਕਰਕੇ ਬੜਾ ਜੋਸ਼ ਫੈਲ ਗਿਆ । ਦੂਜਾ ਜਥਾ ਪੰਜ ਸੌ ਦਾ ਹੋਰ ਝਟ ਹੀ ਤਿਆਰ ਹੋ ਗਿਆ । ਜੋ 15 ਮਾਰਚ ਨੂੰ ਜੈਤੋ ਪਹੁੰਚਿਆ । ਇਸ ਜਥੇ ਦਾ ਪ੍ਰੋਗਰਾਮ ਪਹਿਲਾਂ ਸਿੱਧੇ ਜਾਣਾ ਸੀ । ਪਰ ਪਿੱਛੋਂ ਮਹਾਤਮਾ ਗਾਂਧੀ ਦੀ ਸਲਾਹ ਹੇਠ ਸ: ਅਮਰ ਸਿੰਘ ਝਬਾਲ ਆਦਿ ਨੇ ਅਖਰੀਲੇ ਪੜਾਉ ਉਤੇ ਸੁਨੇਹਾ ਭੇਜਿਆ ਕਿ ਜਥਾ ਗ੍ਰਿਫਤਾਰ ਹੋ ਜਾਵੇ ।

ਇਹ ਵੀ ਸੁਣਨ ਵਿਚ ਆਇਆ ਹੈ ਕਿ ਗੋਲੀ ਚਲਣ ਤੋਂ ਪਿਛੋਂ ਲੀਡਰਾਂ ਦੇ ਕਹੇ ਸ: ਮੰਗਲ ਸਿੰਘ ਜੀ ਦਿੱਲੀ ਗਏ । ਤਾਂ ਕਿ ਜੇ ਕੋਈ ਗਲ ਸੁਲ੍ਹਾ ਦੀ ਹੋਵੇ ਤਾਂ ਕਰ ਲਈ ਜਾਏ । ਪਰ ਇਸਦਾ ਉਲਟ ਅਸਰ ਹੋਇਆ । ਉਨ੍ਹੀਂ ਦਿਨੀਂ ਸਰ ਮੈਕਾਲਫ ਮੈਂਬਰ ਸੀ (ਜੋ ਪਿਛੋਂ ਪੰਜਾਬ ਦਾ ਗਵਰਨਰ ਰਿਹਾ) ਉਸਨੇ ਸਮਝਿਆ ਕਿ ਸਿੱਖਾਂ ਵਿਚ ਕਮਜ਼ੋਰੀ ਆ ਗਈ ਜੋ ਇਹ ਦਿੱਲੀ ਆਏ ਹਨ । ਉਨ੍ਹੀ ਦਿਨੀਂ ਬਾਬਾ ਗੁਰਮੱਖ ਸਿੰਘ ਲਲਤੋ (ਕਮਿਊਨਿਸਟ) ਜੇਲ੍ਹ ਤੋਂ ਭੱਜ ਕੇ ਅੰਮ੍ਰਿਤਸਰ ਮਿਸ਼ਨਰੀ ਕਾਲਜ ਵਿਚ ਠਹਿਰੇ ਹੋਏ ਸਨ । ਉਨ੍ਹਾਂ ਮੈਨੂੰ ਗੁਪਤ ਤੌਰ ਪਰ ਮਿਲ ਕੇ ਕਿਹਾ ਕਿ "ਜਥੇ ਬੰਦ ਕਰਨਾ ਗੌਰਮਿੰਟ ਲਈ ਕੋਈ ਵੱਡੀ ਗਲ ਨਹੀਂ ਪਰ ਉਹ ਜਾਣ ਕੇ ਵਧੇਰੇ ਸਖ਼ਤੀ ਨਹੀਂ ਕਰਦੀ । ਏਹ ਪ੍ਰੋਗਰਾਮ ਠੀਕ ਨਹੀਂ । ਮੁਲਕ ਨੂੰ ਕੋਈ ਏਦੂੰ ਚੰਗਾ ਪ੍ਰੋਗਰਾਮ ਦੇਣਾ ਚਾਹੀਦਾ ਹੈ । ਅਸੀਂ ਇਸ ਯਤਨ ਵਿਚ ਹਾਂ ਕਿ ਸਰਕਾਰ ਨਾਲ ਫੈਸਲਾ ਹੋ ਜਾਏ । ਸੋ ਅਸੀਂ ਕੁਝ ਬੰਦੇ ਭੇਜ ਰਹੇ ਹਾਂ ।" ਬਾਬਾ ਗੁਰਮੁੱਖ ਸਿੰਘ ਦੀਆਂ ਗੱਲਾਂ ਤੋਂ ਵੀ ਏਹ ਪਤਾ ਲਗਦਾ ਹੈ ਕਿ ਉਸ ਵੇਲੇ ਅਕਾਲੀ ਲੀਡਰ ਦਿੱਲੀ ਗਏ । ਜਿਸਦਾ ਅਸਰ ਉਲਟਾ ਹੋਇਆ । ਨਹੀਂ ਤਾਂ ਗੌਰਮਿੰਟ ਉਸ ਵੇਲੇ ਘਬਰਾ ਗਈ ਸੀ ਤੇ ਏਸ ਗਲ ਲਈ ਤਿਆਰ ਹੋ ਗਈ ਕਿ ਐਡਮਨਿਸਟਰੇਟਰ ਦੀ ਥਾਂ ਅਹਿਦਨਾਮੇ ਅਨੁਸਾਰ ਕੌਂਸਲ ਜਿਹੀ ਬਣਾ ਦਿੱਤੀ ਜਾਏਗੀ ਤੇ ਸੀਨੀਅਰ ਮਹਾਰਾਣੀ ਇਸ ਕੌਂਸਲ ਦੀ ਪ੍ਰਧਾਨ ਹੋਵੇਗੀ । ਪਰ ਬਾਵਾ ਹਰਿਕਿਸ਼ਨ ਸਿੰਘ ਜੀ ਨੇ ਕਿਹਾ, "ਭੱਜੀ ਜਾਂਦੀ ਨੌਕਰਸ਼ਾਹੀ ਦੇ ਮੌਢਿਆਂ ਪਰੁ ਖੜ੍ਹ ਜਾਉ" ਅਕਾਲੀ ਅਖ਼ਬਾਰ ਵਿਚ ਗਿਆਨੀ ਹੀਰਾ ਸਿੰਘ ਦਰਦ ਨੇ ਇਸੇ ਸੁਰਖੀ ਹੇਠ ਲੇਖ ਲਿਖ ਦਿੱਤਾ । ਜਿਸ ਕਰਕੇ ਗਲ ਉਥੇ ਹੀ ਰਹਿ ਗਈ । ਮੋਰਚਾ ਅੜ ਗਿਆ ਤੇ 17 ਜਥੇ ਪੰਜ 2 ਸੌ ਦੇ ਗਏ । ਇਕ ਕੈਨੇਡੀਅਨ

ਸ਼ਹੀਦੀ ਜਥਾ ਗਿਆ। ਸਰਕਾਰ ਨੇ ਪੰਜਾਬ ਵਿਚ ਸਿੱਖ ਸੁਧਾਰ ਕਮੇਟੀਆਂ ਬਣਾਈਆਂ। ਸੁਧਾਰ ਕਮੇਟੀ ਦਾ ਇਕ ਸੌ ਸਿੰਘਾਂ ਦਾ ਜਥਾ ਸ. ਝੰਡਾ ਸਿੰਘ ਵਕੀਲ ਪਿੰਡ ਗਾਲਬ ਜ਼ਿਲਾ ਲੁਧਿਆਣਾ ਦੀ ਜਥੇਦਾਰੀ ਹੇਠ ਜੈਤੋ ਪਹੁੰਚਿਆ ਤੇ ਸ਼ਰਤਾਂ ਮੰਨ ਕੇ ਅਖੰਡ ਪਾਠ ਕਰ ਆਇਆ। ਸ਼ਰੋਮਣੀ ਕਮੇਟੀ ਨੇ ਵੀ ਨਾਲ ਸੱਠਾਂ ਸਿੰਘਾਂ ਦਾ ਜਥਾ ਭੇਜਿਆ ਪਰ ਉਸਨੇ ਸ਼ਰਤਾਂ ਨਾ ਮੰਨੀਆਂ, ਜਿਸ ਕਰਕੇ ਉਹ ਅਖੰਡ ਪਾਠ ਨਾ ਕਰ ਸਕਿਆ। ਸਰ ਮੈਲਕਮ ਨੇ ਪੰਜਾਬ ਦਾ ਗਵਰਨਰ ਬਣ ਕੇ ਏਹ ਸੁਧਾਰ ਕਮੇਟੀਆਂ ਬਣਾਈਆਂ ਪਰ ਉਸ ਨੇ ਏਹ ਕਿਹਾ ਸੀ, "ਮੈਂ ਜਾਣਦਾ ਹਾਂ ਕਿ ਏਹ ਸੁਧਾਰ ਕਮੇਟੀਆਂ ਕੀ ਹਨ। ਪਰ ਫੇਰ ਭੀ ਸਰਕਾਰ ਅੱਖਾਂ ਮੀਚ ਕੇ ਤੇ ਹਥ ਪਰ ਹਥ ਧਰ ਕੇ ਨਹੀਂ ਬੈਠ ਸਕਦੀ। ਸਾਨੂੰ ਸਿਖਾਂ ਦੇ ਗੁਰਦਆਰੇ ਸੰਭਾਲਣ ਸਬੰਧੀ ਕੋਈ ਇਤਰਾਜ਼ ਨਹੀਂ ਭਾਵੇਂ ਉਹ ਸਾਰੇ ਗੁਰਦੁਆਰੇ ਸੰਭਾਲ ਲੈਣ ਪਰ ਸਰਕਾਰ ਉਨ੍ਹਾਂ ਆਦਮੀਆਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੀ ਜੋ ਅੰਗਰੇਜ਼ਾਂ ਨੂੰ ਹਿੰਦੁਸਤਾਨ ਤੋਂ ਬਾਹਰ ਕਢਣਾ ਚਾਹੁੰਦੇ ਹਨ।" ਜੈਤੋ ਦੇ ਮੋਰਚੇ ਦੇ ਸਮੇਂ ਵਿਚ ਹੀ ਗੁਰਦੁਆਰਾ ਐਕਟ ਬਣਨਾ ਸ਼ੁਰੂ ਹੋਇਆ ਜੋ 9 ਜੁਲਾਈ 1925 ਨੂੰ ਪੰਜਾਬ ਕੌਂਸਲ ਵਿਚ ਸ਼ਿਮਲੇ ਪਾਸ ਹੋਇਆ। ਏਸ ਐਕਟ ਦੇ ਪਾਸ ਹੋਣ ਪਰ ਜੈਤੋ ਦੇ ਗੁਰਦੁਆਰਾ ਗੰਗਸਰ ਵਿਚ 101 ਅਖੰਡ ਪਾਠ ਕਰਨ ਦਾ ਵੀ ਪ੍ਰੋਗਰਾਮ ਬਣ ਗਿਆ। ਸਾਰੇ ਜਥੇ ਰਿਹਾ ਕੀਤੇ ਗਏ। ਸਪੈਸ਼ਲ ਟਰੇਨਾਂ ਵਿਚ ਜਥੇ ਜੈਤੋ ਗੁਰਦੁਆਰ ਦਾ ਦਰਸ਼ਨ ਕਰਕੇ ਫੇਰ ਤਰਨਤਾਰਨ ਪਹੁੰਚਦੇ। ਅਗਸਤ ਦੇ ਮਹੀਨੇ 101 ਅਖੰਡ ਪਾਠਾਂ ਦੇ ਭੋਗ ਪਏ। ਸੰਤ ਅਤਰ ਸਿੰਘ ਜੀ ਇਸ ਸਮਾਗਮ ਪਰ ਪਹੁੰਚੇ ਹੋਏ ਸਨ। ਭੋਗ ਪੈਣ ਤੋਂ ਪਿਛੋਂ ਇਕ ਦਿਨ ਮੁਕੱਰਰ ਹੋਇਆ ਤੇ ਸਾਰੇ ਜਥੇ ਆਪਣੇ ਆਪਣੇ ਨਿਸ਼ਾਨਾਂ ਨਾਲ ਤੇ ਬੈਂਡ ਬਾਜਿਆਂ ਨਾਲ ਤਰਨਤਾਰਨ ਤੋਂ ਅੰਮ੍ਰਿਤਸਰ ਪੈਦਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਪਹੁੰਚੇ। ਉਥੇ ਸਭ ਸਿੰਘਾਂ ਨੂੰ ਸਿਰੋਪਾਉ ਦਿਤੇ ਗਏ। ਪਹਿਲੇ ਜਥੇ ਤੋਂ ਬਿਨਾਂ ਬਾਕੀ ਸਭ ਜਥੇ ਨਾਭੇ ਦੇ ਬੀੜਾਂ ਵਿਚ ਰਖੇ ਗਏ ਸਨ ਜਿਥੇ ਉਨ੍ਹਾਂ ਨੂੰ ਬੜੀ ਮਾਰ ਕੁਟ ਕੀਤੀ ਜਾਂਦੀ ਰਹੀ। ਇਹ ਕੰਮ ਨਥੂ ਰਾਮ ਪੁਲੀਸ ਦਾ ਵੱਡਾ ਅਫਸਰ ਕਰਵਾਉਂਦਾ ਸੀ। ਰਿਆਸਤ ਦੇ ਜਿਹੜੇ ਅਫਸਰ ਮਹਾਰਾਜਾ ਨਾਭਾ ਦੀ ਵਫਾਦਾਰੀ ਕਰਕੇ ਨਾਭਾ ਸਵਾਲ ਵਿਚ ਸ਼ਰੋਮਣੀ ਕਮੇਟੀ ਨਾਲ ਰਹੇ, ਉਨ੍ਹਾਂ ਨੂੰ ਰਿਆਸਤ ਵਿਚੋਂ ਜਲਾਵਤਨ ਕੀਤਾ ਗਿਆ, ਜੋ ਮੁਦਤਾਂ ਤੱਕ ਦੁੱਖ ਭੋਗਦੇ ਰਹੇ। ਓੜਕ ਇਨ੍ਹਾਂ ਲੋਕਾਂ ਤੇ ਹੋਰ ਕਈ ਕਾਰਨਾਂ ਕਰਕੇ ਪੰਜਾਬ ਦੀਆਂ ਰਿਆਸਤਾਂ ਖਾਸ ਕਰ ਨਾਭਾ, ਪਟਿਆਲਾ, ਜੀਂਦ ਆਦਿ ਵਿਚ ਪਰਜਾ ਮੰਡਲ ਲਹਿਰ ਜਾਰੀ ਹੋ ਗਈ। ਮੋਰਚਿਆਂ ਦੇ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਤੇ ਪ੍ਰਿੰਸੀਪਲ ਗਿਡਵਾਨੀ ਜੈਤੋ ਗਏ। ਇਨ੍ਹਾਂ ਨੂੰ ਫੜ ਕੇ ਕੈਦ ਕੀਤਾ ਗਿਆ ਤੇ ਪਰ ਫਿਰ ਕੁਝ ਚਿਰ ਪਿਛੋਂ ਛੱਡ ਦਿੱਤਾ ਗਿਆ।

ਗੁਰਦੁਆਰਾ ਐਕਟ ਪਾਸ ਹੋਣ ਨਾਲ, ਅਖੰਡ ਪਾਠ ਦਾ ਸਵਾਲ ਹੱਲ ਹੋ ਗਿਆ। ਇਸ ਤਰ੍ਹਾਂ ਜੈਤੋ ਦਾ ਮੋਰਚਾ ਸਮਾਪਤ ਹੋ ਗਿਆ। ਪਰ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਪਰ ਬਹਾਲ ਕਰਨ ਦਾ ਸਵਾਲ ਵਿਚੇ ਹੀ ਰਹਿ ਗਿਆ। ਜਿਸ ਦੇ ਕਈ ਕਾਰਨ ਸਨ।

**ਹਫਤਾਂਵਾਰ 'ਪੰਜਾਬੀ ਰਤਨ' ਲੁਧਿਆਣਾ**

(11ਅਕਤੂਬਰ 1957-26 ਅੱਸੂ 2014)

Sri Satguru Jagjit Singh Ji eLibrary NamdhariElibrary@gmail.com